# ਵਰਿਆਮ

੩੨ਵਾਂ ਸਾਲ
ਫਰਵਰੀ, ੨੦੦੭




Namdhari Elibrary NamdhariElibrary@gmail.com



ਮਿਤੀ ੨੪ ਦਸੰਬਰ ੨੦੦੭ ਨੂੰ ਜਲੰਧਰ ਵਿਚ ਸ੍ਰੀ ਬਾਬਾ ਹਰਿਵਲਭ ਸੰਗੀਤ ਮੇਲੇ ਦੀ ਆਖਰੀ ਰਾਤ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਜਗਜੀਤ ਸਿੰਘ ਵੱਲੋਂ ਭੇਜਿਆ ਅਸ਼ੀਰਵਾਦ ਅਤੇ ਇਕ ਲੱਖ ਰੁਪਏ ਦੀ ਰਾਸ਼ੀ ਭੇਟ ਕਰਨ ਲਈ ਇੱਕ ਪ੍ਰਤੀਨਿਧ ਮੰਡਲ ਪੁੱਜਾ। ਇਸ ਸਮੇਂ ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਜੀ ਸਤਿਗੁਰੂ ਜੀ ਦਾ ਆਸ਼ੀਰਵਾਦ ਦਿੰਦੇ ਹੋਏ ਆਪਣੇ ਵਿਚਾਰ ਪੇਸ਼ ਕਰ ਰਹੇ ਹਨ। ਤਸਵੀਰ 'ਚ ਨਾਲ ਖੜੇ ਹਨ ਸ੍ਰੀ ਕਪੂਰ ਸਾਹਿਬ, ਸ.ਸ.ਸ. ਅਜੀਮਲ ਡਾਇਰੈਕਟਰ ਮਹਾਂ ਸਭਾ, ਸੂਬਾ ਬਲਵਿੰਦਰ ਸਿੰਘ ਝੱਲ, ਸੂਬਾ ਅਮਰੀਕ ਸਿੰਘ, ਸ੍ਰੀ ਓ. ਪੀ. ਸੇਠ ਪ੍ਰਧਾਨ ਹਰਿਵਲਭ ਮਹਾਂ ਸਭਾ, ਸ. ਜਗਦੀਸ਼ ਸਿੰਘ ਵਰਿਆਮ, ਸ੍ਰੀ ਰਾਕੇਸ਼ ਦਾਦਾ ਖਜ਼ਾਨਚੀ ਆਦਿ।



੭ ਜਨਵਰੀ ੨੦੦੭ ਨੂੰ ਜਲੰਧਰ ਵਿਚ ਨਾਮਧਾਰੀ ਕੰਪਿਊਟਰ ਸੈਂਟਰ ਦਾ ਉਦਘਾਟਨ ਪੰਜਾਬ ਦੇ ਕੈਬੀਨਿਟ ਮੰਤਰੀ ਸ੍ਰੀ ਅਵਤਾਰ ਹੈਨਰੀ ਨੇ ਕੀਤਾ। ਇਸ ਸਮੇਂ ਉਹਨਾਂ ਦੇ ਨਾਲ ਖੜੇ ਹਨ ਸ. ਜਗਦੀਸ਼ ਸਿੰਘ ਵਰਿਆਮ ਜਨਰਲ ਸਕੱਤਰ ਨਾਮਧਾਰੀ ਦਰਬਾਰ, ਸੰਤ ਦੀਪ ਸਿੰਘ ਸਕੱਤਰ ਨਾਮਧਾਰੀ ਗੁਰਦੁਆਰਾ, ਸ. ਪਲਵਿੰਦਰ ਸਿੰਘ ਪ੍ਰਧਾਨ ਵਿਦਿਅਕ ਜੱਥਾ ਜਲੰਧਰ, ਜਸਵਿੰਦਰ ਸਿੰਘ ਚੰਨ, ਸ. ਜਤਿੰਦਰਪਾਲ ਸਿੰਘ, ਸ. ਗੁਰਮੇਲ ਸਿੰਘ, ਸੰਤੋਖ ਸਿੰਘ ਅਤੇ ਸੰਤ ਸੁਰਿੰਦਰ ਸਿੰਘ ਆਦਿ। (ਰਿਪੋਰਟ ਪੰਨਾ-੪੨ ਤੇ)

Namdhari Elibrary NamdhariElibrary@gmail.com

# ਵਰਿਆਮ

ਫਰਵਰੀ-2007

ਜਿਲਦ-੩੨

ਅੰਕ- ੪



ਸੰਪਾਦਕ

ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

Office Address:
Monthly WARIAM
Ladowali Road.
Opp. Central Town,
Jalandhar-144001

ਫੋਨ-:੦੧੮੧- ੨੨੨੨੫੪੩ Ph. :0181-2222543 (O)

ਘਰ : ੦੧੮੧-੨੪੫੬੨੮੯ 0181-2450289 (R)


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ ---------- ੨
ਗੁਰੂ ਰਾਮ ਸਿੰਘ ਜੀ ਦਾ ਭੈਣੀ ਸਾਹਿਬ
*—ਕਾਕਾ ਕਾਲੇਲਕਰ* ---------- ੫
ਇਸ ਮਨ ਕਉ ਕੋਈ ਖੋਜਹੁ ਭਾਈ
*—ਗੁਰੂਬਚਨ ਸਿੰਘ ਨਾਮਧਾਰੀ* ---------- ੯
ਰੁੱਤਾਂ ਦੀ ਰਾਣੀ ਬਸੰਤ *—ਬਲਦੇਵ ਮਾਧੋਪੁਰੀ* ---------- ੧੩
ਬਰਾਜਵਾਲੇ ਦੀ ਬਗਾਵਤ
*—ਸੰਤ ਨਿਧਾਨ ਸਿੰਘ ਆਲਮ* ---------- ੧੬
ਇਕ ਵਿਦਵਾਨ ਨੂੰ ਪ੍ਰਣਾਮ
*—ਸੁਭਾਸ਼ ਪਰਿਹਾਰ* ---------- ੧੯
ਚੋਣਵੇਂ ਪੰਜਾਬੀ ਸ਼ਿਅਰ
*—ਚਰਨ ਸੀਚੇਵਾਲਵੀ* ---------- ੨੨
ਦੋ ਗ਼ਜ਼ਲਾਂ *—ਜਸਵਿੰਦਰ ਮਹਿਰਮ* ---------- ੨੩
ਗ਼ਜ਼ਲ *—ਸਿਰੀ ਰਾਮ 'ਅਰਸ਼'* ---------- ੨੩
ਗੀਤ *—ਅਜੈਬ ਸਿੰਘ* ---------- ੨੬
ਬਸੰਤ *—ਤੁਲੀ ਫ਼ਕੀਰ ਚੰਦ* ---------- ੨੪
ਇੰਦਰਜੀਤ ਹਸਨਪੁਰੀ ਕਾਵਿ ---------- ੨੫
ਸੁਹਾਗਣ *—ਦਲਬੀਰ ਸਿੰਘ 'ਤਰਸ'* ---------- ੨੬
ਮਤਾਰਾਂ ਜਨਵਰੀ *—ਮਾ. ਅਮਰੀਕ ਸਿੰਘ* ---------- ੨੭
ਇਕ ਸੰਘਰਸ਼ਸ਼ੀਲ ਵਿਅਕਤੀ ਦੀ ਆਤਮਕਥਾ-
"ਪੈਰਾਂ ਦੀ ਪਰਵਾਜ਼" *—ਸੁਵਰਨ ਸਿੰਘ ਵਿਰਕ* - ੨੮
ਸੰਖੇਪ ਜਾਣਕਾਰੀ ਸਮਰਾ ਪਰਿਵਾਰ ਦੀ
*—ਅਜੀਤ ਸਿੰਘ ਮਾਸਟਰ* ---------- ੩੪
ਸਕੂਨ ਦੇਣ ਵਾਲਾ ਪਛਤਾਵਾ
*—ਮਹਿੰਦਰ ਸਿੰਘ ਮਠਾਰੂ* ---------- ੩੭
ਸਾਡੇ ਮਾਤਾ ਜੀ *—ਸੀ. ਐਲ. ਲੱਕੀ* ---------- ੩੯
ਖ਼ਬਰਨਾਮਾ ---------- ੪੦
ਪ੍ਰਤੀਕਿਰਿਆ ---------- ੪੬


### ਫੁੱਲ

ਗੁਲਾਬਾਂ ਦਾ ਕਦੀਂ ਮੀਂਹ ਨਹੀਂ ਪਵੇਗਾ। ਜੇਕਰ ਅਸੀਂ ਵਧੇਰੇ ਗੁਲਾਬ ਚਾਹੁੰਦੇ ਹਾਂ ਤਾਂ ਸਾਨੂੰ ਵਧੇਰੇ ਰੁੱਖ ਲਗਾਉਣੇ ਪੈਣਗੇ।

—ਜਾਰਜ ਇਲੀਅਟ




Namdhari Elibrary NamdhariElibrary@gmail.com

ਸੰਪਾਦਕੀ

## ਬਸੰਤ ਰੁੱਤ

ਰੁੱਤ ਬਸੰਤ ਸੁਹਾਵਣੀ ਹੈ। ਉਂਝ ਤਾਂ ਸਭ ਰੁੱਤਾਂ ਹੀ ਚੰਗੀਆਂ ਅਤੇ ਜ਼ਰੂਰੀ ਹਨ, ਪਰ ਸਖਤ ਸਰਦੀ ਅਤੇ ਗਰਮੀ ਦੇ ਵਿਚਕਾਰ ਆਉਂਦੀ ਬਸੰਤ ਵਿਚ ਬਨਸਪਤੀ ਉਤੇ ਖੇੜਾ ਆਉਂਦਾ ਹੈ ਅਤੇ ਲੋਕ ਮਨਾਂ ਤੇ ਵੀ ਹੁਲਾਰ ਆਉਂਦਾ ਹੈ। ਉਂਝ ਇਹ ਬਸੰਤ ਦਾ ਸੁੱਖ ਉਹਨਾਂ ਲੋਕਾਂ ਵਾਸਤੇ ਹੈ ਜੋ ਮਨੋ ਸੁਖੀ ਹਨ। ਗੁਰੂ ਅੰਗਦ ਦੇਵ ਜੀ ਦਾ ਇਕ ਕਥਨ ਹੈ ਜਿਸਦਾ ਭਾਵ ਅਰਥ ਇਹ ਹੈ ਕਿ ਬਸੰਤ ਤਾਂ ਉਹਨਾਂ ਵਾਸਤੇ ਹੈ ਜਿਹਨਾਂ ਦੇ ਕੰਤ ਘਰ ਹਨ ਪਰ ਜਿਨ੍ਹਾਂ ਦੇ ਪਿਆਰੇ (ਕੰਤ) ਪਰਦੇਸਾਂ ਵਿਚ ਹਨ ਉਹ ਤਾਂ ਵਿਛੋੜੇ ਦੀ ਅੱਗ ਵਿਚ ਜਲਦੇ ਪਏ ਹਨ। ਬਸੰਤ ਦਾ ਸਹੀ ਅਰਥਾਂ ਵਿਚ ਖੇੜਾ ਓਦੋਂ ਹੀ ਹੋਵੇਗਾ ਜਦੋਂ ਆਮ ਲੋਕਾਂ ਦਾ ਗਰੀਬਾਂ ਦਾ ਸੰਕਟ ਦੂਰ ਹੋਵੇਗਾ। ਇਸ ਗਲ ਵਾਸਤੇ ਨਾਅਰੇ ਤਾਂ ਸਭ ਸਿਆਸੀ ਅਤੇ ਦੂਜੀਆਂ ਧਿਰਾਂ ਲਾਉਂਦੀਆਂ ਹਨ ਪਰ ਅਜੇ ਬਹੁਤ ਕੁਝ ਇਸ ਮੰਤਵ ਲਈ ਹੋਣ ਵਾਲਾ ਹੈ। ਇਸ ਸੰਕਟ ਨੂੰ ਕਿਹੜੇ ਵਾਦ ਨੇ ਜਾਂ ਇਜ਼ਮ ਨੇ ਖਤਮ ਕਰਨਾ ਹੈ ਇਹ ਤਾਂ ਪਤਾ ਨਹੀਂ ਪਰ ਅਸੀਂ ਆਪਣੇ ਮਨਾਂ ਨੂੰ ਟਟੋਲੀਏ ਕਿ ਅਸੀਂ ਖੁਦ ਆਪਣੇ ਈਮਾਨ ਨਾਲ ਧੁਰ ਮਨ ਵਿਚੋਂ ਇਸ ਲਈ ਕੀ ਕਰਨਾ ਹੈ।

## ਪੰਜਾਬ ਚੋਣਾਂ

ਇਸ ਵਾਰ ਦੀ ਬਸੰਤ ਰੁੱਤ ਦੇ ਐਨ ਮੱਧ ਵਿਚ ਪੰਜਾਬ ਵਿਚ ਇਲੈਕਸ਼ਨਾਂ ਆ ਗਈਆਂ ਹਨ। ਇਸ ਬਾਰੇ ਆਮ ਬੰਦਾ ਇਹ ਵੇਖ ਕੇ ਹੈਰਾਨ ਹੈ ਕਿ ਉੱਚੇ ਕੱਦ ਵਾਲੇ ਸਿਆਸੀ ਲੋਕਾਂ ਦੀ ਬੋਲ ਬਾਣੀ ਦਾ ਪੱਧਰ ਬਸੰਤ ਬਹਾਰ ਦੇ ਪ੍ਰਤੀਕੂਲ ਹੈ। ਕਿਸੇ ਜ਼ਮਾਨੇ ਵਿਚ ਜੰਗਾਂ ਨੋਕੀਲੇ ਤੀਰਾਂ ਨਾਲ ਜਿੱਤੀਆਂ ਜਾਂਦੀਆਂ ਸਨ। ਅਜ ਕਲ ਸ਼ਬਦਾਂ ਦੇ ਬਾਣਾਂ ਨਾਲ ਦਹਿੰਸਰ ਮਾਰਣਾ ਹੁੰਦਾ ਹੈ। ਨਾਲ ਹੀ ਸਾਰੀ ਉਮਰ ਵਿਚ ਬਹੁਤਾ ਨਜਾਇਜ਼ ਅਤੇ ਥੋਹੜਾ ਜਾਇਜ਼ ਢੰਗ ਨਾਲ ਕਮਾਏ ਧਨ ਦੇ ਦਰਿਆ ਵਗਾਉਣੇ ਹੁੰਦੇ ਹਨ। ਇਸ ਦੇ ਨਾਲ ਹੀ ਸ਼ਰਾਬ, ਭੁੱਕੀ ਅਤੇ ਹੋਰ ਨਸ਼ੇ ਜਿਨ੍ਹਾਂ ਦਾ ਸਾਨੂੰ ਨਾਂਅ ਵੀ ਨਹੀਂ ਪਤਾ ਉਹਨਾਂ ਦੇ ਦਰਿਆ ਵੀ ਵਗਦੇ ਹਨ। ਕਾਰੂੰ ਬਾਦਸ਼ਾਹ ਕੋਈ ਹੋਇਆ ਸੁਣਿਆ ਹੈ ਜਿਸ ਦੇ ਖਜ਼ਾਨੇ ਨੂੰ ਇਕ ਮਿੱਥ ਵਾਂਗ ਵਰਤਿਆ ਜਾਂਦਾ ਹੈ। ਅੱਜ ਅਖਬਾਰਾਂ ਵਿਚ ਲਗਾਤਾਰ ਛਪਦੇ ਸਿਆਸੀ ਇਸ਼ਤਿਹਾਰਾਂ ਨੂੰ ਵੇਖ ਕੇ ਕਾਰੂੰ ਵੀ ਅਵੱਸ਼ ਛਿੱਥਾ ਪੈ ਗਿਆ ਲਗਦਾ ਹੈ। ਕਿਰਤ ਕਮਾਈ ਵਾਲਾ ਬੰਦਾ ਚੋਣ ਵਿਚ ਖਲੋ ਹੀ ਨਹੀਂ ਸਕਦਾ ਜਿਤਣਾ ਤਾਂ ਬਾਅਦ ਦੀ ਗਲ ਹੈ। ਮੁੱਹਲੇ ਦੀਆਂ ਝਗੜਾਲੂ ਔਰਤਾਂ ਅਤੇ ਵਿਗੜੇ ਸ਼ਰਾਬੀ ਗੰਵਾਰੂ ਬੰਦੇ ਗਾਲੀ ਗਲੋਚ ਵਿਚ ਸਿਆਸੀ ਲੀਡਰਾਂ ਤੋਂ ਬਹੁਤ ਪਿੱਛੇ ਰਹਿ ਗਏ ਹਨ। ਟੈਲੀਵੀਯਨ ਚੈਨਲਾਂ ਦੇ ਪਰਦਿਆਂ ਨੇ ਉਂਝ ਹੋਰ ਕੋਈ ਪਰਦਾ ਨਹੀਂ ਰਹਿਣ ਦਿੱਤਾ। ਜਦੋਂ ਇਹ ਸਤਰਾਂ ਲਿਖੀਆਂ ਜਾ ਰਹੀਆਂ ਸਨ ਤਾਂ ਪਤਾ ਲਗਾ ਕਿ ਅੰਮ੍ਰਿਤਸਰ ਵਿਚ ਪੰਜਾਬ ਦੀਆਂ ਦੋ ਪ੍ਰਮੁੱਖ ਸਿਆਸੀ ਧਿਰਾਂ ਦੇ ਨੁਮਾਇੰਦਿਆਂ ਵਿਚ ਖੁਲੀ ਬਹਿਸ ਦਾ ਪ੍ਰਬੰਧ ਇਕ ਟੀ.ਵੀ. ਚੈਨਲ ਨੇ ਕੀਤਾ। ਪੰਦਰਾਂ ਮਿੰਟ ਦੇ ਅੰਦਰ ਹੀ ਦੋਵੇਂ ਮੁਖ ਪ੍ਰਤਿਯਾਸ਼ੀ ਤੂੰ ਤੂੰ ਮੈਂ-ਮੈਂ ਤੋਂ ਵੀ ਅਗੇ ਵੱਧ ਗਏ ਉਹਨਾਂ ਦੇ ਸਾਥੀਆਂ ਨੇ ਬਣਾਏ ਹੋਏ ਸਟੇਜ ਨੂੰ ਤਹਿਸ-ਨਹਿਸ ਕਰ ਕੇ ਗਲ ਬਾਤ ਦਾ ਭੋਗ ਪਾ ਦਿੱਤਾ। ਚੋਣਾਂ ਦੇ ਮੌਕੇ ਤੇ ਵਿਕਸਿਤ ਦੇਸ਼ਾਂ ਵਿਚ ਅਜਿਹੇ ਟੀ.ਵੀ. ਸ਼ੋਅ ਕਰਨੇ ਇਕ ਆਮ ਜਿਹੀ ਗਲ ਹੈ। ਇਹ ਚੋਣ ਪ੍ਰਕਿਰਿਆ ਦਾ ਇਕ ਅੰਗ ਹੁੰਦਾ ਹੈ। ਇਹ ਬਹਿਸ ਅਗੇ ਜਾ ਕੇ ਉਹਨਾਂ ਦੇਸ਼ਾਂ ਦੀ ਪਾਰਲੀਮੈਂਟ (ਜਾਂ ਜੋ ਵੀ ਨਾਮ ਹੋਵੇ) ਵਿਚ ਚਲਦੀ ਹੈ। ਗਲ ਇਹ ਵਿਚਾਰਨ ਵਾਲੀ ਹੈ ਕਿ ਭਾਰਤ ਦੀ ਪਾਰਲੀਮੈਂਟ ਜਿਥੇ ਸਿਆਸੀ ਪਾਰਟੀਆਂ ਦੇ ਨੇਤਾਂ ਬੈਠਦੇ ਹੀ ਬਹਿਸ, ਵਿਚਾਰ ਚਰਚਾ ਵਾਸਤੇ, ਉਥੇ ਬਹਿਸ ਕਰਨ ਦੀ ਬਜਾਏ ਬਾਰ-ਬਾਰ ਪਾਰਲੀਮੈਂਟ ਠੱਪ ਕਰਨ ਦਾ ਹੀ ਰੁਝਾਨ ਹੁੰਦਾ ਹੈ। ਦੂਜੀ ਗੱਲ ਪਾਰਲੀਮੈਂਟ ਵਿਚ ਬਹਿਸ ਠੱਪ ਕਰਨ ਵਾਲੇ ਟੀ.ਵੀ. ਚੈਨਲਾਂ ਤੇ ਆ ਕੇ ਬਹਿਸ ਬੜੇ ਸ਼ੌਕ ਅਤੇ ਉਤਸ਼ਾਹ ਨਾਲ ਕਰਦੇ ਹਨ। ਪਾਰਲੀਮੈਂਟ ਵਿਚ ਜਦੋਂ ਕਾਰਵਾਈ ਟੈਲੀਕਾਸਟ ਹੋ ਰਹੀ ਹੁੰਦੀ ਹੈ ਤਾਂ ਇਹ ਰਵਾਇਤੀ ਮੱਛੀ ਮਾਰਕਿਟ ਜਿਹੀ ਬਣ ਜਾਂਦੀ ਹੈ। ਭਾਵ ਕਿ ਵਿਚਾਰ ਚਰਚਾ ਲਈ ਮਿੱਥੀ ਥਾਂ ਨੂੰ ਛੱਡ ਕੇ ਹੋਰ ਹਰ ਥਾਂ ਗਲ-ਬਾਤ ਲਗਾਤਾਰ ਜਾਰੀ ਰਹਿੰਦੀ ਹੈ ਅਤੇ ਜੇਕਰ ਅਮ੍ਰਿਤਸਰ ਵਿਚ ਸਿਆਸੀ ਬਹਿਸ ਟੀ.ਵੀ. ਕੈਮਰੇ ਸਾਹਮਣੇ ਨਾਲੋ ਨਾਲ ਆ ਰਹੀ ਹੋਵੇ ਤਾਂ ਉਸ ਦਾ ਮਿਆਰ ਉਪਰ ਵਿਚਾਰ ਕੀਤੇ ਪਾਰਲੀਮੈਂਟ ਸੈਸ਼ਨ ਤੋਂ ਵਖਰਾ ਕਿਵੇਂ



Namdhari Elibrary NamdhariElibrary@gmail.com

ਹੋਵੇ। ਖੈਰ ਭਾਰਤ ਦੀ ਵਿਚਾਰੀ ਜਨਤਾ ਤਾਂ ਇਹਨਾਂ ਦ੍ਰਿਸ਼ਾਂ ਦੀ ਆਦੀ ਹੋ ਗਈ ਹੈ ਚਲੋ ਦੋ ਪਈਆਂ ਵਿਸਰ ਗਈਆਂ ਵਾਂਗ ਗਲ ਆਈ ਗਈ ਕਰਨੀ ਇਹਨਾਂ ਵਾਸਤੇ ਮੁਸ਼ਕਲ ਨਹੀਂ। ਪਰ ਹੁਣ ਚੋਣਾਂ ਤਕ ਰੋਜ਼ ਹੰਗਾਮਿਆਂ ਦੀਆਂ ਖਬਰਾਂ ਲਈ ਤਿਆਰ ਰਹਿਣਾ ਚਾਹੀਦਾ ਹੈ।

ਭਾਰਤ ਦੇ ਵਧੀਆ ਸਾਬਕਾ ਕ੍ਰਿਕਟ ਖਿਲਾੜੀ ਇਕ ਪ੍ਰਸਿੱਧ ਟੀ.ਵੀ. ਕਲਾਕਾਰ ਵੀ ਹਨ ਅਤੇ ਇਕ ਹਸੌਣ ਵਾਲੇ ਪ੍ਰੋਗਰਾਮ ਵਿਚ ਹਸਦੇ ਹਸਦੇ ਦੂਹਰੇ ਵੀ ਹੋ ਜਾਂਦੇ ਹਨ। ਪੁਰਾਣੇ ਸਮਿਆਂ ਵਿਚ ਕਿਸੇ ਪਾਰਕਿੰਗ ਦੇ ਝਗੜੇ ਵਿਚ ਹੋਏ ਧੌਲ-ਧੱਪੇ ਵਿਚ ਦੂਸਰਾ ਆਦਮੀ ਰੱਬ ਨੂੰ ਪਿਆਰਾ ਹੋ ਗਿਆ। ਮਾਮਲਾ ਅਦਾਲਤਾਂ ਵਿਚ ਚੱਲਿਆ। ਕਦੇ ਉਹ ਬਰੀ ਹੋਏ ਕਦੇ ਫਸੇ। ਆਪਣੇ ਟੀ.ਵੀ. ਸ਼ੋਅ ਦੀ ਲੋਕ ਪ੍ਰੀਅਤਾ ਦੇ ਆਸਰੇ ਉਹ ਪਾਰਲੀਮੈਂਟ ਦੇ ਮੈਂਬਰ ਵੀ ਬਣ ਗਏ। ਉਪਰੋਕਤ ਅਦਾਲਤੀ ਚੱਕਰ ਵਿਚ ਉਹਨਾਂ ਪਾਰਲੀਮੈਂਟ ਦੀ ਮੈਂਬਰੀ ਵੀ ਤਿਆਗ ਦਿੱਤੀ। ਉਹ ਦੋ ਕੁ ਦਿਨ ਜੇਲ੍ਹ ਵੀ ਜਾ ਆਏ ਅਤੇ ਬਾਹਰ ਨਿਕਲਦਿਆਂ ਸੁਆਗਤ ਵੀ ਤਗੜਾ ਕਮਾਇਆ। ਬਿਲਕੁਲ ਇਕ ਫਿਲਮ ਦੇ ਦ੍ਰਿਸ਼ ਵਾਂਗ ਉਹਨਾਂ ਸਭ ਕੁਝ ਵਾਹਵਾ ਉਛਾਲਿਆ। ਜਿਹੜੀ ਪਾਰਲੀਮੈਂਟ ਦੀ ਸੀਟ ਛੱਡੀ ਸੀ ਉਸੇ ਨੂੰ ਦੁਬਾਰਾ ਪ੍ਰਾਪਤ ਕਰਨ ਲਈ ਉਹਨਾਂ ਅਦਾਲਤ ਤੋਂ ਇਜਾਜ਼ਤ ਵੀ ਮੰਗੀ। ਜਿਸ ਅਦਾਲਤੀ ਫੈਸਲੇ ਦੇ ਆਧਾਰ ਤੇ ਉਹਨਾਂ ਪਾਰਲੀਮੈਂਟ ਤੋਂ ਅਸਤੀਫਾ ਦਿੱਤਾ ਉਸਦੇ ਸੁਪਰੀਮ ਕੋਰਟ ਤੋਂ ਅੰਤਮ ਫੈਸਲਾ ਹੋਣ ਤੋਂ ਪਹਿਲਾਂ ਹੀ ਉਹ ਉਸੇ ਪਾਰਲੀਮੈਂਟ ਵਿਚ ਦਾਖਲ ਹੋਣ ਲਈ ਮੁੜ ਚੋਣ ਲੜ ਰਹੇ ਹਨ। ਸਾਨੂੰ ਕਿਸੇ ਦੇ ਚੋਣ ਲੜਨ ਤੇ ਕੋਈ ਇਤਰਾਜ਼ ਨਹੀਂ ਅਤੇ ਨਾ ਹੀ ਕਿਸੇ ਦੇ ਜਿੱਤਣ ਹਾਰਨ ਦਾ ਦੁੱਖ ਹੈ ਪਰ ਇਕ ਖਤਰਨਾਕ ਰੁਝਾਨ ਬਣਦਾ ਜਾ ਰਿਹਾ ਹੈ ਅਤੇ ਮਜ਼ਬੂਤ ਵੀ ਹੋ ਰਿਹਾ ਹੈ। ਵੱਖ-ਵੱਖ ਪਾਰਟੀਆਂ ਟੀ.ਵੀ. ਜਾਂ ਸਿਨਮਾਂ ਜਗਤ ਵਿਚੋਂ ਮਸ਼ਹੂਰ ਕਲਾਕਾਰਾਂ ਨੂੰ ਆਪ ਪਾਰਲੀਮੈਂਟ ਜਾਂ ਅਸੰਬਲੀ ਦੀਆਂ ਸੀਟਾਂ ਦੀ ਪੇਸ਼ਕਸ਼ ਕਰ ਕੇ ਖੜੇ ਵੀ ਕਰਦੀਆਂ ਹਨ ਜਾਂ ਫਿਰ ਦੂਜੀਆਂ ਪਾਰਟੀਆਂ ਵਿਚਲੇ ਰਸੂਖ ਵਾਲੇ ਬੰਦੇ ਲਭ ਕੇ ਦਲ ਬਦਲੀ ਕਰਵਾ ਕੇ ਆਪਣੀ ਟਿਕਟਾਂ ਵੀ ਪੇਸ਼ ਕਰਦੀਆਂ ਹਨ। ਜਿਹੜੇ ਪਾਰਟੀ ਵਰਕਰ ਸਾਰੀ ਉਮਰ ਆਪਣੀ ਪਾਰਟੀਆਂ ਦੇ ਝੰਡੇ ਚੁੱਕ ਕੇ ਜਲੂਸ ਕੱਢ ਕੱਢ ਕੇ ਨਾਅਰੇ ਲਾਉਂਦੇ ਰਹੇ ਅਤੇ ਪੁਲੀਸ ਦੀਆਂ ਕੁੱਟਾਂ ਖਾਂਦੇ ਰਹੇ ਉਹ ਵੇਖਦੇ ਹੀ ਰਹਿ ਜਾਂਦੇ ਹਨ। ਆਪਣੀ ਪਾਰਟੀ ਦਾ ਸੁਖ ਮਾਨਣ ਦਾ ਇਹਨਾਂ ਲੋਕਾਂ ਨੂੰ ਮੌਕਾ ਹੀ ਨਹੀਂ ਮਿਲਦਾ। ਐਨ ਮੌਕੇ ਤੇ ਟਿਕਟਾਂ ਦਲ ਬਦਲੂ ਲੈ ਜਾਂਦੇ ਹਨ। ਪੰਜ ਸਾਲਾਂ ਵਿਚ ਕਈ ਲੀਡਰਾਂ ਨੂੰ ਪਾਰਟੀ ਵਿਚੋਂ ਕਢਣ ਲਈ ਅੱਧਾ ਸਮਾਂ ਲਗ ਜਾਂਦਾ ਹੈ ਅਤੇ ਅੱਧਾ ਵਾਪਸ ਲਿਆਉਣ ਲਈ। ਕੁਲ ਤਾਕਤ ਪੈਸੇ ਦੀ ਹੋ ਗਈ ਹੈ ਜੋ ਜ਼ਾਹਰ ਤੌਰ ਤੇ ਅਣ ਕਮਾਇਆ ਧਨ ਲਗਦਾ ਹੈ। ਤੇ ਫਿਰ ਸਿੱਟਾ ਵੀ ਉਹ ਹੀ ਨਿਕਲਣਾ ਹੈ। ਕਿਕਰ ਬੀਜ ਕੇ ਅੰਗੂਰ ਤਾਂ ਲਗਣੇ ਨਹੀਂ। ਕਲ ਨੂੰ ਕੋਈ ਨਾ ਕੋਈ ਨਤੀਜਾ ਤਾਂ ਇਲੈਕਸ਼ਨ ਦਾ ਨਿਕਲਣਾ ਹੀ ਹੈ ਕਿਸੇ ਨੇ ਜਿਤਣਾ ਹੈ ਕਿਸੇ ਨਾ ਹਾਰਨਾ ਹੈ ਪਰ ਜਿਹੜਾ ਬੀਜ ਇਹ ਸਿਆਸਤ ਦੇ ਖੇਤ ਵਿਚ ਪਾਇਆ ਜਾ ਰਿਹਾ ਨਜਾਇਜ਼ ਪੈਸਾ-ਸ਼ਰਾਬ ਤੇ ਭੁੱਕੀ ਦਾ ਉਸ ਦੇ ਅਸਰ ਤੋਂ ਨੌਜੁਆਨਾਂ ਨੂੰ ਕਿਵੇਂ ਬਚਾ ਲੈਣਗੇ। ਇਸ ਦੀ ਲਪੇਟ ਵਿਚ ਧਾਰਮਕ ਜਥੇਬੰਦੀਆਂ ਦੀ ਇਲੈਕਸ਼ਨਾਂ ਵੀ ਹਨ ਸਮਾਜਕ ਸੰਗਠਨ ਵੀ ਸਾਡੇ ਵਿਆਹ ਸ਼ਾਦੀਆਂ ਦੇ ਸਮਾਗਮ ਵੀ ਅਤੇ ਸਿਆਸਤ ਤਾਂ ਸਭ ਤੋਂ ਉਪਰ ਹੈ। ਖੁਲਮ ਖੁੱਲਾ ਨਸ਼ੇ ਅਤੇ ਭ੍ਰਿਸ਼ਟਾਚਾਰ ਵਿਚ ਜੁਆਨੀ, ਗ਼ਸਦੀ ਜਾ ਰਹੀ ਹੈ ਅਤੇ ਇਸ ਦਾ ਮੂਲ ਇਹ ਇਲੈਕਸ਼ਨਾਂ ਹਨ।

## ਪ੍ਰੋ. ਕਿਰਪਾਲ ਸਿੰਘ ਕਸੇਲ

ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਇਹ ਸ਼ੇਅਰ ਸਿੱਧ ਕਰ ਦਿੱਤਾ ਹੈ।

ਅਲੱਲ ਅਜ਼ਮਾਨਿ ਦਾਨਸ਼ਮੰਦ ਜਬ ਕਰਨੇ ਪੈ ਆਤੇ ਹੈ।
ਸਮੁੰਦਰ ਚੀਰਤੇ ਹੈਂ ਕੋਹ ਸੇ ਦਰੀਆ ਕੋ ਬਹਾਤੇ ਹੈ।

ਅੱਖਾਂ ਦੀ ਜੋਤ ਦੀ ਅਣਹੋਂਦ ਦੇ ਬਾਵਜੂਦ ਉਹਨਾਂ ਬਹੁਤੇ ਲੋਕਾਂ ਨੂੰ ਚਾਨਣ ਦਿੱਤਾ ਹੈ। ਦਰਜਨਾਂ ਪੁਸਤਕਾਂ ਲਿਖਣ ਤੋਂ ਇਲਾਵਾ ਉਹਨਾਂ ਅਧਿਆਪਨ ਦਾ ਕਾਰਜ ਵੀ ਬੜੀ ਸ਼ਾਨ ਅਤੇ ਇਜ਼ਤ ਨਾਲ ਕੀਤਾ ਹੈ। ਸੈਮੀਨਾਰਾਂ, ਸਮਾਗਮਾਂ, ਕਾਨਫਰੰਸਾਂ, ਗੋਸ਼ਟੀਆਂ ਅਤੇ ਹੋਰ ਸਰਗਰਮੀਆਂ ਦੇ ਕੇਂਦਰਾਂ ਤੇ ਭਾਰੀ ਉਦਮ ਅਤੇ ਖੇਚਲ ਨਾਲ ਪੁਜੱਣਾ ਉਹਨਾਂ ਦੀ ਅਥਾਹ ਸਰੀਰਕ ਅਤੇ ਆਤਮਕ ਸ਼ਕੀਤ ਦਾ ਪ੍ਰਮਾਣ ਹੈ। ਸਾਹਿਤ ਖੇਤਰ ਵਿਚ ਉਹਨਾਂ ਦੀ ਲੰਮੀ ਭੂਮਿਕਾ ਨੂੰ ਮੁਖ



Namdhari Elibrary NamdhariElibrary@gmail.com

ਰਖਦਿਆਂ ਪੰਜਾਬੀ ਸਾਹਿਬ ਅਕੈਡਮੀ ਲੁਧਿਆਣਾ ਵਲੋਂ ਉਹਨਾਂ ਨੂੰ ਇਕ ਲੱਖ ਵਾਲੇ ਵਡੇ ਪੁਰਸਕਾਰ ਵਾਸਤੇ ਚੁਣਿਆ ਹੈ। ਅਸੀਂ ਸਮਝਦੇ ਹਾਂ ਕਿ ਇਸ ਨਾਲ ਅਕੈਡਮੀ ਨੇ ਆਪਣੇ ਕੱਦ ਨੂੰ ਹੋਰ ਵਧਾਇਆ ਹੈ। ਬਹੁਤ-ਬਹੁਤ ਧੰਨਵਾਦ ਅਕੈਡਮੀ ਦਾ ਅਤੇ ਵਧਾਈਆਂ ਕਸੇਲ ਜੀ ਨੂੰ।

**ਪ੍ਰੋ. ਪਿਆਰਾ ਸਿੰਘ ਭੋਗਲ**

ਪ੍ਰੋ. ਪਿਆਰਾ ਸਿੰਘ ਭੋਗਲ ਵੀ ਅਧਿਆਪਨ ਦੇ ਨਾਲ ਨਾਲ ਸਾਹਿਤਕਾਰੀ ਅਤੇ ਪਤਰਕਾਰੀ ਦੇ ਖੇਤਰ ਵਿਚ ਵੀ ਬਹੁਤ ਉੱਚਾ ਮਕਾਮ ਰੱਖਦੇ ਹਨ।

ਵਿਦਿਆਰਥੀਆਂ ਦੇ ਪੂਰਾਂ ਦੇ ਪੂਰ ਉਹਨਾਂ ਨੇ ਗਿਆਨੀ ਐਮ.ਏ. ਅਤੇ ਉਚ ਇਮਤਿਹਾਨਾਂ ਚੋਂ ਪਾਰ ਕਰਾਏ ਹਨ। ਪੰਜਾਬੀ ਅਕੈਡਮੀ ਲੁਧਿਆਣਾ ਪੰਜਾਬੀ ਲੇਖਕ ਸਭਾ, ਦੀਆਂ ਕੇਂਦਰੀ ਅਤੇ ਸਥਾਨਕ ਜਥੇਬੰਦੀਆਂ ਵਿਚ ਉਹਨਾਂ ਆਗੂ ਭੂਮਿਕਾ ਨਿਭਾਈ ਹੈ। ਪੰਜਾਬੀ ਬੋਲੀ, ਭਾਸ਼ਾ ਨੂੰ ਸਨਮਾਨ ਜਨਕ ਸਥਾਨ ਦਿਵਾਉਣ ਲਈ ਚਲੇ ਸੰਘਰਸ਼ਾਂ ਵਿਚ ਉਹਨਾਂ ਕਸੇਲ ਸਾਹਿਬ ਵਾਂਗ ਵੱਧ ਚੜ੍ਹ ਕੇ ਹਿੱਸਾ ਲਿਆ ਹੈ। ਪੰਜਾਬ ਦੀ ਸਿਆਸਤ ਅਤੇ ਇਸ ਦੇ ਖਿਲਾੜੀਆਂ ਦੀ ਉਹਨਾਂ ਨੂੰ ਡੂੰਘੀ ਸਮਝ ਹੈ। ਉਹ ਮਿਤਰਾਂ ਦੇ ਮਿੱਤਰ ਵੀ ਹਨ ਅਤੇ ਇਸ ਘੇਰੇ ਵਿਚ ਉਹ ਸਾਨੂੰ ਵੀ ਰੱਖਦੇ ਹਨ ਅਤੇ ਸਾਥ ਦਿੰਦੇ ਹਨ। ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵਲੋਂ ਉਹਨਾਂ ਨੂੰ ਸ. ਕਰਤਾਰ ਸਿੰਘ ਧਾਲੀਵਾਲ ਸਾਹਿਤ ਸਨਮਾਨ ਦਿੱਤਾ ਜਾ ਰਿਹਾ ਹੈ। ਭੋਗਲ ਸਾਹਿਬ ਅਤੇ ਅਕੈਡਮੀ ਸਾਡੀ ਵਧਾਈ ਦੇ ਪਾਤਰ ਹਨ।

## ਸੂਬਾ ਹਰਬੰਸ ਸਿੰਘ ਦੋਸ਼ੀ — ਸੰਤ ਸਤਿਬਚਨ ਸਿੰਘ ਦਿਉਰਾ

ਦੋ ਬਹੁਤ ਹੀ ਗੁਰਮੁਖ ਪਿਆਰੇ ਅਤੇ ਵਰਿਆਮ ਦੇ ਪਰਮ ਸਨੇਹੀ ਸਜਨ ਇਸ ਸੰਸਾਰ ਤੋਂ ਵਿਦਾ ਹੋ ਗਏ ਹਨ। ਇਕ ਹਨ ਸੂਬਾ ਹਰਬੰਸ ਸਿੰਘ ਦੋਸ਼ੀ ਅਤੇ ਦੂਸਰੇ ਹਨ ਸੰਤ ਸਤਿਬਚਨ ਸਿੰਘ ਦਿਓਰਾ ਸਾਊਥਾਲ ਲੰਡਨ ਵਾਲੇ। ਇਹਨਾਂ ਦੋ ਮਹਾਨ ਆਤਮਾਵਾਂ ਦੇ ਇਸ ਸੰਸਾਰ ਤੋਂ ਵਿਦਾ ਹੋਣ ਨਾਲ ਪਿਛੇ ਪਰਿਵਾਰ ਨੂੰ ਅਤੇ ਵਰਿਆਮ ਪਰਿਵਾਰ ਨੂੰ ਭਾਰੀ ਵਿਗੋਚਾ ਪਿਆ ਹੈ। ਇਹ ਦੋਵੇਂ ਮਹਾਂਪੁਰਖ ਨਾ ਕੇਵਲ ਵਰਿਆਮ ਦੇ ਪੱਕੇ ਨਿਸ਼ਠਾਵਾਨ ਪਾਠਕ ਹੀ ਸਨ ਸਗੋਂ ਇਸ ਦੇ ਸਹਾਇਕ ਵੀ ਸਨ।

ਸੂਬਾ ਜੀ ਬਹੁਤ ਧੀਰਜਵਾਨ ਧੀਮੀ ਸੁਰ ਵਿਚ ਗੱਲ ਕਰਨ ਵਾਲੇ ਬਹੁਤ ਸੁੰਦਰ ਸ਼ਬਦ ਬੋਲਣ ਵਾਲੇ ਵਿਦਵਾਨ ਸਨ ਅਤੇ ਏਨੇ ਸੁੰਦਰ ਅੱਖਰ ਲਿਖਦੇ ਸਨ ਕਿ ਮਸ਼ੀਨ ਦੇ ਛਪੇ ਹੋਏ ਦਾ ਭੁਲੇਖਾ ਪੈਂਦਾ ਸੀ। ਉਹਨਾਂ ਜੀਵਨ ਵਿਚ ਬੜਾ ਸੰਘਰਸ਼ ਕੀਤਾ। ਹੋਣੀ ਨੇ ਵੀ ਉਹਨਾਂ ਦਾ ਵਾਰ ਵਾਰ ਇਮਤਿਹਾਨ ਲਿਆ ਪਰ ਉਹ ਮਾਰੂ ਸੱਟਾਂ ਬਰਦਾਸ਼ਤ ਕਰ ਕੇ ਹੋਏ ਅਡੋਲ ਰਹੇ ਅਤੇ ਹੁਕਮ ਰਜ਼ਾ ਦੀ ਖੇਡ ਬਹੁਤ ਕਾਮਯਾਬੀ ਨਾਲ ਖੇਡੇ। ਚੰਗੇ ਸਾਧੂਆਂ ਦੀ ਸੰਗਤ ਦਾ ਉਹਨਾਂ ਨੂੰ ਚਾਅ ਸੀ ਅਤੇ ਸੰਤ ਗਿਆਨ ਸਿੰਘ ਜੀ ਵੀਰੋਕੇ ਵਾਲਿਆਂ ਦੀ ਉਹਨਾਂ ਬਹੁਤ ਸੰਗਤ ਅਤੇ ਸੇਵਾ ਕੀਤੀ। ਪਹਿਲਾਂ ਉਹ ਲਖਨਊ ਸ਼ਹਿਰ ਨੂੰ ਰੌਣਕਾਂ ਬਖਸ਼ਦੇ ਰਹੇ ਫੇਰ ਨੰਦੇੜ ਵਿਚ ਡੇਰਾ ਲਾਇਆ। ਸਾਨੂੰ ਬਹੁਤ ਦੇਰ ਬਾਦ ਪਤਾ ਲਗਾ ਕਿ ਉਹ ਨੰਦੇੜ ਛੱਡ ਕੇ ਦਿੱਲੀ ਆ ਗਏ ਹਨ ਅਤੇ ਦਿੱਲੀ ਦੇ ਨਾਲ-ਨਾਲ ਮਾਤ ਲੋਕ ਵੀ ਤਿਆਗ ਗਏ ਹਨ। ਉਸ ਸਾਧੂ ਪੁਰਖ ਤੋਂ ਅਸਾਂ ਬਹੁਤ ਕੁਝ ਸਿੱਖਿਆ ਹੈ ਅਤੇ ਉਹਨਾਂ ਦੀ ਯਾਦ ਸਾਡਾ ਕੀਮਤੀ ਸਰਮਾਇਆ ਹੈ।

ਸੰਤ ਸਤਿਬਚਨ ਸਿੰਘ ਬਾਰੇ ਸਾਨੂੰ ਸਾਡੇ ਵਲੈਤ ਵਾਲੇ ਮਿਤਰ ਸੰਤ ਸੁਰਜੀਤ ਸਿੰਘ ਜੀਤ ਜੀ ਦੇ ਮਰਾਸਲੇ ਤੋਂ ਪਤਾ ਲਗਿਆ ਜੋ ਉਦੋਂ ਪਹੁੰਚਿਆ ਜਦੋਂ ਵਰਿਆਮ ਦਾ ਇਹ ਅੰਕ ਛਪਾਈ ਦੇ ਅੰਤਲੇ ਗੇੜ ਵਿਚ ਸੀ। ਜੀਤ ਜੀ ਵੱਲੋਂ ਭੇਜਿਆ ਪੰਜਾਬੀ ਵਾਲਾ ਲੇਖ ਤਾਂ ਜਗਹ ਦੀ ਮਜਬੂਰੀ ਕਰਕੇ ਫਿਲ ਹਾਲ ਨਹੀਂ ਛੱਪ ਸਕਿਆ ਪਰ ਅੰਗਰੇਜ਼ੀ ਵਿਚ ਭੇਜਿਆ ਸ਼ਰਧਾਂਜਲੀ ਰੂਪ ਲਘੂ ਲੇਖ ਪ੍ਰਕਾਸ਼ਤ ਹੋ ਗਿਆ ਹੈ। ਸੰਤ ਸਤਿਬਚਨ ਸਿੰਘ ਆਪਣੇ ਨਾਮ ਨੂੰ ਸਾਕਾਰ ਕਰਣ ਵਾਲੇ ਮੁਹੱਬਤੀ ਇਨਸਾਨ ਸਨ ਜੋ ਸਾਡੀਆਂ ਵਿਦੇਸ਼ ਯਾਤਰਾਵਾਂ ਸਮੇਂ ਬਹੁਤ ਸਾਰੇ ਸਜਨਾ ਦੇ ਮੇਜ਼ਬਾਨ ਹੁੰਦੇ ਸਨ। ਉਹਨਾਂ ਦੇ ਜਾਣ ਦਾ ਸਾਨੂੰ ਨਿਜੀ ਤੌਰ ਤੇ ਵੀ ਦੁੱਖ ਹੋਇਆ ਹੈ ਪਰ ਅਸੀਂ ਹੁਕਮ ਦੀ ਕਾਰ ਵਿੱਚ ਬੱਧੇ ਹਾਂ।

ਦੋਹਾਂ ਮਹਾਨ ਆਤਮਾਵਾਂ ਨੂੰ ਸਤਿਗੁਰੂ ਆਪਣੇ ਚਰਨਾਂ ਨਾਲ ਜੋੜ ਲਿਆ ਹੈ। ਇਹ ਸਾਡਾ ਵਿਸ਼ਵਾਸ਼ ਹੈ।

—ਜਗਦੀਸ਼ ਸਿੰਘ ਵਰਿਆਮ



Namdhari Elibrary NamdhariElibrary@gmail.com

# ਗੁਰੂ ਰਾਮ ਸਿੰਘ ਜੀ ਦਾ ਭੈਣੀ ਸਾਹਿਬ

—ਕਾਕਾ ਕਾਲੇਲਕਰ

ਕਾਕਾ ਕਾਲੇਲਕਰ ਪ੍ਰਸਿੱਧ ਗਾਂਧੀਵਾਦੀ ਵਿਦਵਾਨ ਸਨ। ਇਹ ਲੇਖ ਦਿੱਲੀ ਤੋਂ ਛੱਪਦੇ ਅਖਬਾਰ 'ਨਵਾਂ ਹਿੰਦੁਸਤਾਨ' ਵਿਚ ਛਪਿਆ ਸੀ। ਡਾ. ਅਮਰ ਭਾਰਤੀ ਹੋਰਾਂ ਦੀ ਯੋਜਣਾ ਵਿਚ ਇਹ ਬਾਅਦ ਵਿਚ ਇਕ ਛੋਟੀ ਪੁਸਤਕਾ "ਕੂਕਾ ਅੰਦੋਲਣ-ਕੁਝ ਚੋਣਵੇਂ ਲੇਖ' ਵਿਚ ਵੀ ਪ੍ਰਕਾਸ਼ਿਤ ਹੋਇਆ ਹੈ।

*-ਸੰਪਾਦਕ ਵਰਿਆਮ*

ਮੇਰੇ ਧਾਰਮਿਕ ਅਤੇ ਰਾਜਨੀਤਕ ਵਿਚਾਰਾਂ ਦਾ ਜਿਸ ਤਰ੍ਹਾਂ ਨਾਲ ਵਿਕਾਸ ਹੋਇਆ ਹੈ ਉਸਨੂੰ ਸੋਚਦਿਆਂ ਨਾਮਧਾਰੀ ਸਿੱਖ ਸਮੁਦਾਏ ਵਲ ਮੇਰਾ ਖਿੱਚਿਆ ਜਾਣਾ ਬਿਲਕੁਲ ਸੁਭਾਵਕ ਜਿਹਾ ਲੱਗਦਾ ਹੈ। ਸਿੱਖ ਸੰਪਰਦਾਏ ਵਿਚ 'ਗੁਰੂਆਂ ਰਾਹੀਂ ਭਗਵਾਨ ਨੂੰ ਪਹਿਚਾਨਣ ਦੀ ਸਾਧਨਾ' ਪ੍ਰਮੁੱਖ ਹੈ, ਇਹ ਤਾਂ ਮੈਨੂੰ ਪਹਿਲਾਂ ਹੀ ਪਤਾ ਸੀ। ਹਿੰਦੂ ਧਰਮ ਵਿਚ ਵਰਣ ਵਿਵਸਥਾ ਦੇ ਕਾਰਨ ਅਤੇ ਬਹੁਤ ਸਾਰੀਆਂ ਜਾਤਾਂ ਦੇ ਕਾਰਨ ਜਿਹੜਾ ਊਚ-ਨੀਚ ਦਾ ਭਾਵ ਹੈ ਉਹ ਹਿੰਦੂ ਧਰਮ ਦੀ ਸਭ ਤੋਂ ਵੱਡੀ ਖਾਮੀ ਹੈ। ਵੇਦਾਂਤੀਆਂ ਨੂੰ ਇਹ ਗੱਲ ਚੁੱਭਣ ਲੱਗੀ ਪਰ ਉਨ੍ਹਾਂ ਨੇ ਉਸ ਨਾਲ ਕਿਸੇ ਤਰ੍ਹਾਂ ਸਮਝੌਤਾ ਕਰ ਲਿਆ। ਕੋਈ ਵੱਡਾ, ਕੋਈ ਛੋਟਾ ਅਜਿਹਾ ਸਮਾਜਕ ਭੇਦ ਭਾਵ ਅਧਾਰਮਕ ਹੈ। ਇਹ ਵੇਖ ਕੇ ਉਸ ਦੇ ਵਿਰੁੱਧ ਸਭ ਤੋਂ ਪਹਿਲਾਂ ਕਮਰ ਕੱਸੀ ਬੁੱਧ ਭਗਵਾਨ ਨੇ। ਮਹਾਂਵੀਰ ਸਵਾਮੀ ਨੇ ਵੀ ਸਭ ਵਰਣਾਂ ਅਤੇ ਜਾਤੀਆਂ ਦੇ ਲੋਕਾਂ ਨੂੰ ਬਿਨਾਂ ਕਿਸੇ ਭੇਦ ਭਾਵ ਤੋਂ ਅਪਣਾਇਆ।

ਮੈਂ ਮੰਨਦਾ ਹਾਂ ਕਿ ਵਰਣਾਂ ਅਤੇ ਜਾਤਾਂ ਵਿਚ ਜਿਹੜਾ ਊਚ-ਨੀਚ ਦਾ ਭਾਵ ਚਲਦਾ ਆਇਆ ਹੈ ਉਸ ਦੀ ਕਮਰ ਭਾਰਤੀ ਸੰਤਾਂ ਨੇ ਤੋੜੀ।

ਇਨ੍ਹਾਂ ਸੰਤਾਂ ਨੇ ਜਿਹੜਾ ਵੀ ਧਰਮ ਗਿਆਨ, ਸੰਸਕ੍ਰਿਤ ਸਾਹਿਤ ਤੋਂ ਮਿਲਦਾ ਸੀ, ਉਹ ਸਭ ਲੈ ਲਿਆ ਅਤੇ ਉਸੇ ਗਿਆਨ ਨੂੰ ਆਪਣੀ ਸਾਧਨਾ ਅਤੇ ਆਪਣੇ ਅਨੁਭਵ ਨਾਲ ਸੰਜੀਵਨ ਕਰਕੇ ਉਹ ਗਿਆਨ ਰਾਸ਼ੀ ਅਤੇ ਧਰਮ-ਭਾਵਨਾ-ਭਗਤੀ ਨਾਲ ਸੁਗੰਧਿਤ ਕਰਕੇ ਸਾਰੀ ਜਨਤਾ ਤੱਕ ਪਹੁੰਚਾ ਦਿੱਤਾ- ਲੋਕ ਭਾਸ਼ਾ ਰਾਹੀਂ। ਭਾਰਤੀ ਸੰਸਕ੍ਰਿਤੀ ਜੇਕਰ ਜਨਤਾ ਦੀ ਰਗ-ਰਗ ਵਿਚ ਪਹੁੰਚ ਗਈ ਤਾਂ ਉਹ ਸਾਰੀ ਕ੍ਰਿਪਾ ਭਾਰਤ ਦੇ ਸੰਤਾਂ ਦੀ ਹੀ ਹੈ। ਜਨਤਾ ਦੀ ਆਪਣੀ ਭਾਸ਼ਾ ਵਿਚ ਗਿਆਨ, ਭਗਤੀ ਅਤੇ ਸਦਾਚਾਰ ਦਾ ਵਾਧਾ ਜੋ ਹੋਇਆ ਹੈ ਉਹ ਸੰਤਾਂ ਦੀ ਕ੍ਰਿਪਾ ਨਾਲ ਹੀ ਹੈ।

ਉਨ੍ਹਾਂ ਭਾਰਤੀ ਸੰਤਾਂ ਦੇ ਕੰਮਾਂ ਨੂੰ ਸੰਗਠਿਤ ਕਰਕੇ ਸਮਾਜ ਦੀ ਨਵ ਰਚਨਾ ਅਗਰ ਕਿਸੇ ਨੇ ਜ਼ੋਰਾਂ ਨਾਲ ਕੀਤੀ ਹੈ ਤਾਂ ਗੁਰੂ ਨਾਨਕ ਦੇਵ ਜੀ ਨੇ ਅਤੇ ਉਨ੍ਹਾਂ ਦੀ ਸਿੱਖ ਪਰੰਪਰਾ ਨੇ।

ਉਸ ਸਿੱਖ ਪਰੰਪਰਾ ਦਾ ਇਤਿਹਾਸ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਜਾਣਦੇ ਹੀ ਹਨ। ਮਹਾਰਾਜਾ ਰਣਜੀਤ ਸਿੰਘ ਪਿਛੋਂ ਸਿੱਖ ਗੁਰੂਆਂ ਦੇ ਕੰਮਾਂ ਵਿਚ ਨਵੇਂ ਸਿਰੇ ਨਵ-ਜੀਵਨ ਜਗਾਉਣ ਦਾ ਕੰਮ ਕੀਤਾ ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਨਾਮਧਾਰੀਆਂ ਨੇ।

ਗੁਰੂ ਹਰਗੋਬਿੰਦ ਅਤੇ ਸ਼ਿਵਾ ਜੀ ਦੇ ਸਮੇਂ ਤੋਂ ਸਿੱਖਾਂ ਨੂੰ ਇਸਲਾਮੀ ਰਾਜ ਸੱਤਾ ਦੇ ਸਾਹਮਣੇ ਲੜਨਾ ਪਿਆ ਹੈ। ਇਸਲਾਮ ਦੀ ਧਰਮ ਭਾਵਨਾਂ ਨਾਲ ਦੋਸਤੀ ਅਤੇ ਰਾਜ ਸੱਤਾ ਦਾ ਵਿਰੋਧ, ਅਜਿਹਾ ਦੋਹਰਾ ਕੰਮ ਇਨ੍ਹਾਂ ਸਿੱਖ ਗੁਰੂਆਂ ਨੂੰ ਕਰਨਾ ਪਿਆ। ਇਸੇ ਲਈ ਧਰਮ ਨੂੰ ਮੰਨਣ ਵਾਲੇ ਸਿੱਖਾਂ ਨੂੰ ਰਾਜਨੀਤਕ ਸ਼ਕਤੀ ਵੀ ਸੰਗਠਿਤ ਕਰਨੀ ਪਈ।

ਜਦੋਂ ਗੁਰੂ ਰਾਮ ਸਿੰਘ ਜੀ ਦਾ ਜ਼ਮਾਨਾ ਆਇਆ ਤਾਂ ਉਨ੍ਹਾਂ ਦੀ ਮੁੱਠ ਭੇੜ ਅੰਗਰੇਜ਼ੀ ਰਾਜ ਨਾਲ ਹੋਈ। ਰਣਜੀਤ ਸਿੰਘ ਪਿੱਛੋਂ ਸਾਰੇ ਸਿੱਖ ਸਮਾਜ ਨੇ ਅੰਗਰੇਜ਼ੀ ਰਾਜ ਦਾ ਵਿਰੋਧ ਕਰਨਾ ਤਕਰੀਬਨ ਛੱਡ ਹੀ ਦਿੱਤਾ ਸੀ। ਅਜਿਹੇ ਸਮੇਂ ਤੇ ਧਾਰਮਕ ਅਤੇ ਰਾਜਨੀਤਕ ਸੁਤੰਤਰਤਾ ਦੀ ਉਪਾਸਨਾ ਗੁਰੂ ਰਾਮ ਸਿੰਘ ਅਤੇ ਉਨ੍ਹਾਂ ਨਾਮਧਾਰੀਆਂ ਨੇ ਆਪਣੀ ਪੂਰੀ ਸ਼ਕਤੀ ਲਾ ਕੇ ਕੀਤੀ। ਜ਼ਮਾਨਾ ਉਨ੍ਹਾਂ ਦੇ ਬਿਲਕੁਲ ਉਲਟ ਸੀ। ਸੰਨ ੧੮੫੭ ਦਾ ਹਿੰਦੂ ਮੁਸਲਮਾਨਾਂ ਦਾ ਸਾਂਝਾ ਯਤਨ ਅਸਫਲ ਹੋ ਚੁਕਿਆ ਸੀ। ਲੋਕ ਆਤਮ-ਵਿਸ਼ਵਾਸ ਗਵਾ ਚੁੱਕੇ ਸਨ। ਸੰਨ ੧੮੫੭ ਦੀ ਹਿੰਦੂ ਮੁਸਲਮਾਨ ਏਕਤਾ ਕੱਚੀ ਸੀ ਤਾਂ ਵੀ ਉਹ ਅੰਗੇਰਜ਼ਾਂ ਨੂੰ ਰੜਕਣ ਲੱਗ ਪਈ ਸੀ। ਇਸ ਲਈ ਉਨ੍ਹਾਂ ਨੇ ਹਿੰਦੂ-ਮੁਸਲਮਾਨਾਂ ਵਿਚਕਾਰ ਜਿਹੜੇ ਮਤ-ਭੇਦ ਸਨ ਉਨ੍ਹਾਂ ਨੂੰ ਆਪਣਾ ਪੂਰਾ ਜ਼ੋਰ ਲਾ ਕੇ ਵਧਾਇਆ। ਉਹ ਜ਼ਮਾਨਾ ਸੀ ਜਦੋਂ ਅੰਗਰੇਜ਼ ਆਪਣੀ ਹਕੂਮਤ ਦੇ ਜ਼ੋਰ ਤੇ ਭਾਰਤ ਦੇ ਹੁਨਰ ਉਦਯੋਗ ਨੂੰ ਤੋੜਨਾ ਚਾਹੁੰਦੇ ਸਨ। ਈਸਾਈ ਮਿਸ਼ਨਰੀਆਂ ਦੀ ਸਹਾਇਤਾ ਨਾਲ ਹਿੰਦੂਆਂ ਦਾ ਸਮਾਜਕ ਸੰਗਠਨ ਤੋੜਨ ਦੀ ਮੁਹਿੰਮ ਵੀ ਅੰਗਰੇਜ਼ ਨੇ ਪੂਰੇ ਜ਼ੋਰਾਂ ਨਾਲ ਚਲਾਈ ਸੀ। ਅੰਗਰੇਜ਼ ਸੋ ਡੇਢ ਸੋ ਸਾਲ ਇਸ ਦੇਸ਼ ਵਿਚ ਰਹਿ ਕੇ ਏਥੋਂ ਦੀ ਨਬਜ਼ ਪਹਿਚਾਨ ਗਏ ਸਨ। ਗਊ ਰਖਿਆ, ਗਊ-ਹੱਤਿਆ ਦੇ ਨਾਂ ਤੇ ਜਦੋਂ ਜੀ ਚਾਹੇ ਹਿੰਦੂ ਮੁਸਲਮਾਨਾਂ ਨੂੰ ਲੜਾ ਸਕਦੇ ਸਨ। ਏਨਾ ਕੁਟਿਲ



Namdhari Elibrary NamdhariElibrary@gmail.com

ਗਿਆਨ ਉਹਨਾਂ ਕੋਲ ਹੈ ਹੀ ਸੀ।

ਅਜਿਹੇ ਵੇਲੇ ਪੰਜਾਬ ਦੀ ਆਮ ਜਨਤਾ ਵਿਚ ਸ਼ੁਧ ਧਾਰਮਕਤਾ ਅਤੇ ਸਦਾਚਾਰ ਜਾਗ੍ਰਿਤ ਕਰਨ ਦੀ ਕੋਸ਼ਿਸ਼ ਇਹਨਾਂ ਨਾਮਧਾਰੀਆਂ ਨੇ ਕੀਤੀ। ਅੰਗਰੇਜ਼ ਸਰਕਾਰ ਦੀ ਨੌਕਰੀ ਨਹੀਂ ਕਰਨੀ। ਨੌਕਰੀ ਦੇ ਲਾਲਚ ਵਿਚ ਲੋਕ ਇਸ ਅੰਗਰੇਜ਼ੀ ਵਿੱਦਿਆ ਦੇ ਪਿੱਛੇ ਪਏ ਹੋਏ ਸਨ। ਉਸ ਵਿੱਦਿਆ ਦਾ ਵੀ ਬਾਈਕਾਟ ਕਰਨਾ। ਅੰਗਰੇਜ਼ਾਂ ਵਲੋਂ ਦੇਸ਼ ਵਿਚ ਜਿਹੜੀਆਂ ਸਹੂਲਤਾਂ ਦਿੱਤੀਆਂ ਗਈਆਂ ਸਨ ਉਨ੍ਹਾਂ ਤੋਂ ਬਿਨਾਂ ਕੰਮ ਚਲਾਉਣਾ ਦਾ ਰਸਤਾ ਲੱਭਣਾ-ਇਹ ਸੀ ਗੁਰੂ ਰਾਮ ਸਿੰਘ ਜੀ ਦਾ ਸਮਾਜਕ, ਆਰਥਿਕ ਤੇ ਰਾਜਨੀਤਕ ਪ੍ਰਯੋਗ। ਗਿਰੇ ਹੋਏ ਜ਼ਮਾਨੇ ਵਿਚ ਦੋ ਚਾਰ ਲੱਖ ਲੋਕਾਂ ਦਾ ਸਹਿਯੋਗ ਪ੍ਰਾਪਤ ਕਰਨਾ ਮਾਮੂਲੀ ਜਿਹੀ ਪ੍ਰਾਪਤੀ ਨਹੀਂ ਸੀ।

ਜਦੋਂ ਮੈਂ ਸੁਣਿਆ ਕਿ ਇਹ ਨਾਮਧਾਰੀ ਸਿੱਖ, ਅੰਗਰੇਜ਼ਾਂ ਦੀ ਨੌਕਰੀ ਨਹੀਂ ਕਰਦੇ, ਅੰਗਰੇਜ਼ੀ ਵਿੱਦਿਆ ਨਹੀਂ ਪੜ੍ਹਦੇ, ਅੰਗਰੇਜ਼ੀ ਅਦਾਲਤਾਂ ਵਿਚ ਆਪਣੇ ਝਗੜੇ-ਮੁਕੱਦਮੇ ਨਹੀਂ ਲੈ ਕੇ ਜਾਂਦੇ, ਓਦੋਂ ਗਾਂਧੀ ਜੀ ਦੀ ਸਵਰਾਜ ਸਾਧਨਾ ਨਾਲ ਉਸ ਦੀ ਮਹਾਨਤਾ ਵੇਖ ਕੇ ਮੇਰੇ ਮਨ ਵਿਚ ਅਪਣੱਤ ਜਾਗੀ। ਅੰਗਰੇਜ਼ਾਂ ਦੀ ਨੌਕਰੀ ਅਤੇ ਵਲਾਇਤੀ ਮਾਲ ਦੀ ਤਜਾਰਤ ਦਾ ਬਾਈਕਾਟ ਕਰਨ ਪਿੱਛੋਂ ਇਹ ਗੱਲ ਸੁਭਾਵਕ ਹੀ ਸੀ ਕਿ ਇਹ ਜਨਤਾ ਦੇ ਪ੍ਰਤੀਨਿਧ ਨਾਮਧਾਰੀ, ਖੇਤੀ ਵੱਲ ਪੂਰਾ ਧਿਆਨ ਦੇਣਗੇ ਹੀ, ਗਊਆਂ ਤੇ ਬੋਲਦਾਂ ਦੀਆਂ ਨਸਲਾਂ ਸੁਧਾਰਨਗੇ, ਚੰਗੇ ਘੋੜੇ ਰੱਖਣਗੇ ਅਤੇ ਪਿੰਡਾਂ ਦੇ ਹੁਨਰ ਉਦਯੋਗਾਂ ਨੂੰ ਉਤਸਾਹਿਤ ਕਰਨਗੇ। ਸਿੱਖ ਧਰਮ ਸਦਾਚਾਰ ਦਾ ਪ੍ਰਚਾਰ ਕਰਦਾ ਹੈ ਇਹ ਜਾਣ ਕੇ ਨਾਮਧਾਰੀਆਂ ਨੇ ਸ਼ਰਾਬ ਕਬਾਬ ਦਾ ਪਰਹੇਜ ਰੱਖਿਆ। ਸਿਗਰਟ ਪੀਣ ਤੋਂ ਵੀ ਦੂਰ ਰਹੇ। ਗਾਂਧੀ ਜੀ ਵੀ ਕੌਮੀ ਸ਼ਕਤੀ ਵਧਾਉਣ ਲਈ ਰਚਨਾਤਮਕ ਪ੍ਰੋਗਰਾਮ ਆਤਮ ਸੁਧੀ ਦੀ ਪ੍ਰਵਿਰਤੀ ਚਲਾਉਂਦੇ ਸਨ।

ਨਾਮਧਾਰੀ ਸੰਪਰਦਾਏ ਵੱਲ ਮੇਰਾ ਧਿਆਨ ਵਟਦਾ ਚਲਾ ਗਿਆ, ਨਾਮਧਾਰੀ ਸੰਪ੍ਰਦਾਇ ਆਮ ਜਨਤਾ ਵਿਚ ਫੈਲਿਆ ਹੋਇਆ ਹੈ। ਇਹ ਵੀ ਮੇਰੇ ਲਈ ਇਕ ਵਿਸ਼ੇਸ਼ ਖਿੱਚ ਸੀ। ਮਨ ਵਿਚ ਬਾਰ-ਬਾਰ ਆਉਂਦਾ ਕਿ ਨਾਮਧਾਰੀਆਂ ਦੀ ਗੱਦੀ ਜਿੱਥੇ ਹੈ 'ਉਸ ਭੈਣੀ ਸਾਹਿਬ ਦੀ ਇਕ ਵਾਰ ਯਾਤਰਾ ਕਰਾਂ।' ਅਜਿਹਾ ਮੌਕਾ ਮਿਲਿਆ ਵੀ ਜਦ ਮੈਂ ਭਾਰਤ ਸਰਕਾਰ ਵੱਲੋਂ ਨਿਯੁਕਤ ਪਛੜੀ ਹੋਈ ਜਾਤੀ ਕਮਿਸ਼ਨ ਦੇ ਪ੍ਰਧਾਨ ਦੀ ਹੈਸੀਅਤ ਵਿਚ ਭਾਰਤ ਭਰ ਦਾ ਦੌਰਾ ਕਰਨ ਲਈ ਤਿਆਰ ਹੋਇਆ। ਲੋਕ ਸਭਾ ਦੇ ਮੇਰੇ ਸਾਥੀ ਆਤਮਾ ਸਿੰਘ ਨਾਮਧਾਰੀ ਜੀ ਨੂੰ ਮੈਂ ਜਾਣਦਾ ਹੀ ਸਾਂ।

ਸਾਲ ੧੯੫੩-੫੪ ਦੇ ਦਿਨਾਂ ਵਿਚ ਮੈਂ ਸੁਤੰਤਰ ਭਾਰਤ ਦੇ ਪਛੜੇ ਹੋਏ ਹਿੱਸਿਆਂ ਦਾ ਦਰਸ਼ਨ ਕੀਤਾ। ਪੰਜ ਜੁਲਾਈ ੧੯੫੪ ਵਾਲੇ ਦਿਨ ਮੈਂ ਚੰਡੀਗੜ੍ਹ ਤੋਂ ਭੈਣੀ ਸਾਹਿਬ ਪੁੱਜਾ। ਭਾਰਤ ਦੇ ਅਨੇਕ ਪਵਿਤਰ ਅਸਥਾਨਾਂ ਦੀ ਯਾਤਰਾ ਮੈਂ ਕੀਤੀ ਹੈ-ਭਗਤੀ ਨਾਲ ਕੀਤੀ ਹੈ, ਪਰ ਹਰ ਥਾਂ ਤੇ ਭਗਵਾਨ ਦੀ ਥਾਂ ਪੰਡਤਾਂ ਅਤੇ ਪਰੋਹਤਾਂ ਦੇ ਹੀ ਦਰਸ਼ਨ ਹੁੰਦੇ ਸਨ। ਭੈਣੀ ਸਾਹਿਬ ਵਿਚ ਅਜਿਹੀ ਮਾਯੂਸੀ ਨਹੀਂ ਹੋਈ। ਉਥੇ ਤਾਂ ਭਗਤ ਕਿਸਾਨਾਂ ਦਾ ਹੀ ਵਾਯੂਮੰਡਲ ਸੀ। ਅਸੀਂ ਘੁੰਮ ਕੇ ਸਾਰਾ ਪਿੰਡ ਵੇਖਿਆ। ਗੁਰੂ ਰਾਮ ਸਿੰਘ ਜੀ ਦਾ ਧਿਆਨ ਮੰਡਪ ਵੇਖਿਆ, ਰਹਿਣ ਦੀ ਥਾਂ ਵੇਖੀ। ਉਸ ਥਾਂ ਦੇ ਲੰਗਰ ਦੀ ਤਾਂ ਕੋਈ ਤੁਲਨਾ ਹੀ ਨਹੀਂ, ਉਹ ਲੰਗਰ ਵੀ ਵੇਖਿਆ।

ਉਥੇ ਮੈਨੂੰ ਪਰਮ ਸੰਤੋਖ ਉਦੋਂ ਹੋਇਆ ਜਦੋਂ ਮੈਂ ਉਤਮ ਸੰਗੀਤ ਦੇ ਨਾਲ ਗਾਏ ਹੋਏ ਸ਼ਬਦ ਸੁਣੇ। ਮੈਂ ਆਪਣੇ ਪਿਆਰੇ ਦੋ ਤਿੰਨ ਭਜਨ ਖਾਸ ਕਰਕੇ ਮੰਗ ਲਏ। ਇਕ ਸੀ 'ਗੁਰੂ ਬਿਨ ਕੌਨ ਬਤਾਵੇ ਬਾਟ' ਅਤੇ ਦੂਸਰਾ ਸੀ 'ਠਾਕੁਰ ਤੁਮ ਸਰਣਾਈ ਆਇਓ।'

ਹੁਣ ਤਾਂ ਮੇਰੀ ਉਮਰ ਅੱਸੀ ਤੋਂ ਵੱਧ ਹੋ ਗਈ ਹੈ। ਕੰਨ ਤੋਂ ਘਟ ਸੁਣਦਾ ਹੈ ਇਸ ਲਈ ਪੰਜ ਜੁਲਾਈ ੧੯੫੪ ਵਿਚ ਭੈਣੀ ਸਾਹਿਬ ਦੇ ਪਵਿਤਰ ਸਥਾਨ ਤੇ ਕੰਨ ਵਿਚ ਭਰੇ ਹੋਏ ਭਜਨਾਂ ਦੇ ਸੁਰ ਯਾਦ ਕਰਕੇ ਹੀ ਸੰਤੋਸ਼ ਮੰਨਦਾ ਹਾਂ।

ਨਾਮਧਾਰੀ ਪੰਥ ਦੀਆਂ ਸਭਾਵਾਂ ਦਾ ਜਦੋਂ ਮੈਂ ਖਿਆਲ ਅਤੇ ਚਿੰਤਨ ਕਰਦਾ ਹਾਂ ਤਾਂ ਭਾਰਤ ਦੇ ਸਾਰੇ ਦੇ ਸਾਰੇ ਧਰਮ ਸੁਧਾਰਕਾਂ ਦੇ ਕੰਮਾਂ ਦਾ ਇਤਿਹਾਸ ਅੱਖਾਂ ਸਾਹਮਣੇ ਆ ਜਾਂਦਾ ਹੈ।

ਕੋਈ ਵੀ ਧਰਮ ਦਾ ਕੰਮ ਜਿਵੇਂ ਸਮਾਜ ਵਿਚ ਹਰ ਮਨ ਪਿਆਰਾ ਹੁੰਦਾ ਹੈ ਅਤੇ ਉਸ ਦੀਆਂ ਜੜ੍ਹਾਂ ਮਜਬੂਤ ਹੁੰਦੀਆਂ ਹਨ ਤਾਂ ਉਸ ਵਿਚ ਪਿਛਾਂਹ ਖਿੱਚੂ ਖਿਆਲ ਅਤੇ ਪਰੰਪਰਾ ਪਿਆਰ ਤੇ ਜੜ੍ਹਤਾ ਆ ਜਾਂਦੀ ਹੈ ਅਤੇ ਫੇਰ ਉਸਨੂੰ ਸੁਧਾਰਨ ਲਈ ਨਵੇਂ ਸੁਧਾਰਕਾਂ ਨੂੰ ਨਵਾਂ ਹੀ ਰਸਤਾ ਤਾਂ ਖੋਹਲਣਾ ਪੈਂਦਾ ਹੈ। ਰਿਸ਼ੀਆਂ ਮੁਨੀਆਂ ਦੇ ਕੰਮ 'ਚ ਜਦੋਂ ਦਕਿਆਨੂਸੀਅਤ ਆ ਗਈ ਤਾਂ ਬੁੱਧ ਭਗਵਾਨ ਜਿਹੇ ਧਰਮ ਸੁਦਾਰਕ ਨੂੰ ਨਵਾਂ ਰਸਤਾ ਲੱਭਣਾ ਪਿਆ। ਬੁਧ ਧਰਮ ਜਦੋਂ ਗਿਰਾਵਟ ਵਿਚ ਆਇਆ ਤਾਂ ਸੰਤਾਂ ਨੂੰ ਆਪਣੇ-ਆਪਣੇ ਸੰਪ੍ਰਦਾਇ ਦੀ ਸ਼ੁਧੀ ਕਰਨ ਅਤੇ ਸਦਾਚਾਰ ਵਾਲੇ ਭਗਤੀ ਮਾਰਗ ਨੂੰ ਉਤਸ਼ਾਹ ਦੇਣਾ ਪਿਆ।

ਸੰਤਾਂ ਦੇ ਕੰਮਾਂ ਨੂੰ ਤੇਜ਼ ਕਰਨ ਦੀ ਜਦੋਂ ਲੋੜ ਪਈ ਓਦੋਂ ਪੰਜਾਬ ਵਿਚ ਸਿੱਖ ਮਤ ਜ਼ੋਰਾਂ ਤੇ ਚਲਿਆ। ਰਣਜੀਤ ਸਿੰਘ ਪਿਛੋਂ ਜਦ ਸਿੱਖ ਸਾਮਰਾਜ ਖੇਰੂ ਖੇਰੂ ਹੋਇਆ, ਤਾਂ ਗੁਰੂ ਰਾਮ ਸਿੰਘ ਨੂੰ ਨਾਮਧਾਰੀ ਪੰਥ ਚਲਾਉਣਾ ਪਿਆ (ਠੰਡ ਦੇ ਦਿਨਾਂ ਵਿਚ ਕਮਰੇ ਨੂੰ ਗਰਮ ਕਰਨ ਲਈ ਅਸੀਂ ਅੰਗੀਠੀ ਜਲਾਉਂਦੇ ਹਾਂ, ਪਰ ਉਨ੍ਹਾਂ ਅੰਗਿਆਰਾਂ ਤੇ ਹੌਲੀ-ਹੌਲੀ ਰਾਖ ਛਾ ਜਾਂਦੀ ਹੈ।) ਜਿਹੜਾ ਪੰਥ ਤੇਜ਼ੀ ਨਾਲ ਬਗਾਵਤ ਕਰਦਿਆਂ ਸ਼ੁਰੂ



Namdhari Elibrary NamdhariElibrary@gmail.com

ਹੋਇਆ ਉਸੇ ਵਿਚ ਰੂੜ੍ਹੀਵਾਦ ਅਤੇ ਭੂਤਕਾਲ ਦੀ ਉਪਾਸਨਾ ਆ ਜਾਂਦੀ ਹੈ।

ਦਿਗਵਿਜਯ ਕਰਨ ਵਾਲੇ ਤੇ ਤੇਜਸਵੀ ਸ਼ੰਕਰਚਾਰੀਆ ਦੇ ਮੱਠ ਵੀ ਹੌਲੀ-ਹੌਲੀ ਭੂਤਕਾਲ ਦੇ ਉਪਾਸ਼ਕ ਬਣਾ ਜਾਂਦੇ ਹਨ। ਇਸ ਲਈ ਜੋ ਵੀ ਸੱਚੇ ਪੁਰਸ਼ ਗੱਦੀ ਤੇ ਆਉਂਦੇ ਹਨ ਉਹ ਸਮਝ ਲੈਣ ਕਿ ਉਨ੍ਹਾਂ ਦਾ ਕੰਮ ਸਿਰਫ ਭਗਤੀ ਭਾਵ ਨਾਲ ਪੁਰਾਣੀਆਂ ਗੱਲਾਂ ਨੂੰ ਸੰਭਾਲਣ ਦਾ ਹੀ ਨਹੀਂ ਸਗੋਂ ਅਸਲੀ ਚੇਤਨਾ ਨੂੰ ਜਗ੍ਰਿਤ ਰੱਖਣ ਲਈ ਉਸ ਨੂੰ ਨਵੇਂ-ਨਵੇਂ ਰੂਪ ਵੀ ਦੇਣੇ ਚਾਹੀਦੇ ਹਨ। ਅਤੇ ਨਵੇਂ ਜ਼ਮਾਨੇ ਦੇ ਨਵੇਂ ਸੁਆਲ, ਨਵੇਂ ਢੰਗ ਨਾਲ ਹਲ ਕਰਨ ਲਈ ਤਿਆਰ ਵੀ ਹੋਣਾ ਚਾਹੀਦਾ ਹੈ।

ਜਦੋਂ ਮੈਂ ਸੁਣਿਆ ਕਿ ਨਾਮਧਾਰੀ ਸਮਾਜ ਨੇ ਕਾਂਗਰਸ ਨੂੰ ਅਪਣਾ ਲਿਆ ਹੈ ਅਤੇ ਸੁਤੰਤਰਤਾ ਪ੍ਰਾਪਤ ਕਰਨ ਦੇ ਗਾਂਧੀ ਜੀ ਦੇ ਰਸਤੇ ਵਿਚ ਨਾਮਧਾਰੀ ਲੋਕ ਕਾਫੀ ਸੰਖਿਆ ਵਿਚ ਅਤੇ ਪੂਰੇ ਉਤਸ਼ਾਹ ਨਾਲ ਸ਼ਰੀਕ ਹੋਏ ਹਨ, ਓਦੋਂ ਮੈਂ ਇਹ ਵੇਖ ਸਕਿਆ ਹਾਂ ਕਿ ਇਹ ਸੰਪ੍ਰਦਾਇ ਭੂਤਕਾਲ ਦੀ ਉਪਾਸ਼ਕ ਨਹੀਂ ਹੈ। ਸਗੋਂ ਜਿਉਂਦੇ ਦਿਲ ਨਾਲ ਉਠਦੇ ਸੁਆਲਾਂ ਨੂੰ ਹਲ ਕਰਨ ਲਈ ਤਿਆਰ ਹੋ ਸਕਦੀ ਹੈ।

ਹੁਣ ਤਾਂ ਆਪਣਾ ਰਾਜ ਕਾਇਮ ਹੋ ਚੁਕਿਆ ਹੈ। ਦੁਨੀਆ ਦੇ ਦਰਬਾਰ ਵਿਚ ਭਾਰਤ ਨੂੰ ਥਾਂ ਮਿਲ ਚੁੱਕੀ ਹੈ। ਹੁਣ ਸਾਡੇ ਸੁਆਲ ਹਲ ਕਰਨ ਲਈ ਦੁਨੀਆ ਭਰ ਦੇ ਛੋਟੇ ਵੱਡੇ ਦੇਸ਼ ਅੱਗੇ ਆ ਰਹੇ ਹਨ। ਅਤੇ ਅਸੀਂ ਵੀ ਦੁਨੀਆ ਦੇ ਸਭ ਸੁਆਲ ਸਮਝ ਕੇ ਆਪਣੇ ਵਲੋਂ ਜੋ ਵੀ ਸਲਾਹ ਦੇਣਯੋਗ ਹੈ ਉਹ ਦੇ ਰਹੇ ਹਾਂ।

ਭਾਰਤ ਵਿਚ— ਸਗੋਂ ਸਾਰੀ ਦੁਨੀਆ ਵਿਚ ਵੀ ਲੋਕਾਂ ਦਾ ਸਦਾਚਾਰ ਅਤੇ ਧਾਰਮਿਕਤਾ ਵੱਲ ਧਿਆਨ ਘਟਿਆ ਹੈ। ਹਰ ਇਕ ਆਦਮੀ ਆਪਣੇ ਆਪਣੇ ਧਰਮ ਦੇ ਗੁਟ ਦਾ, ਜਾਤੀ ਦਾ-ਅਭਿਮਾਨ ਰੱਖਦਾ ਹੈ। ਭਾਰਤ ਵਿਚ ਹਿੰਦੂ, ਬੁੱਧ, ਸਿੱਖ, ਪਾਰਸੀ, ਜੈਨ, ਮੁਸਲਮਾਨ, ਈਸਾਈ, ਸਾਰੇ ਇਕੱਠੇ ਰਹਿੰਦੇ ਹਨ। ਸਾਰੇ ਮਿਲ ਕੇ ਇਕ ਦੇਸ਼ ਬਣ ਚੁੱਕੇ ਸਨ। ਹੁਣ ਅਸਾਂ ਆਪਣੇ ਅੰਦਰੂਨੀ ਝਗੜੇ ਵਧਾ ਕੇ ਭਾਰਤ ਨੂੰ ਕਮਜ਼ੋਰ ਨਹੀਂ ਕਰਨਾ। ਹੁਣ ਅਸੀਂ 'ਸਾਰੇ ਧਰਮ ਇਕ ਬਰਾਬਰ' ਦਾ ਉਦੇਸ਼ ਲੈ ਕੇ ਅੱਗੇ ਵਧਣਾ ਹੈ।

ਆਪਣੇ-ਆਪਣੇ ਧਰਮ ਦਾ ਸ਼ੁਧ ਸਰੂਪ ਵਿਚ ਪਾਲਣ ਕਰਦੇ ਹੋਏ ਦੂਜੇ ਧਰਮਾਂ ਵੱਲ ਸਾਡੀ ਹਮਦਰਦੀ ਅਤੇ ਆਦਰ ਹੋਣਾ ਚਾਹੀਦਾ ਹੈ ਅਤੇ ਸਮਾਜਕ ਜੀਵਨ ਵਿਚ ਸਾਨੂੰ ਸਭ ਨੂੰ ਘੁਲ-ਮਿਲ ਜਾਣਾ ਚਾਹੀਦਾ ਹੈ। ਕਿਸੇ ਵੇਲੇ ਸਿੱਖਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਨੇੜੇ ਆਉਣ ਦਾ ਰਸਤਾ ਦੱਸਿਆ, ਜਾਤ ਪਾਤ ਦੇ ਝਗੜੇ ਛੱਡ ਕੇ ਸਾਰੀ ਜਨਤਾ ਨੂੰ ਇਕਮਿਕ ਹੋਣ ਦੀ ਕਲਾ ਸਿਖਾਈ। ਹੁਣ ਉਹਨਾਂ ਦਾ ਕੰਮ ਹੈ ਕਿ ਗਰਾਮਦਾਨ ਵਰਗੇ ਅੰਦੋਲਣ ਨੂੰ ਅਪਨਾਉਣ ਅਤੇ ਬਹੁ ਧਰਮੀ, ਬਹੁ-ਭਾਸ਼ੀ ਅਤੇ ਬਹੁ-ਵੰਸ਼ੀ ਭਾਰਤੀ ਜਨਤਾ ਦੀ ਅੰਦਰੂਨੀ ਸੁਰਖਿਆ ਲਈ ਅਹਿੰਸਕ ਸ਼ਾਂਤੀ ਸੈਨਾ ਦਾ ਸੰਗਠਨ ਵੀ ਕਰਨ। ਮੈਂ ਵੇਖਦਾ ਹਾਂ ਕਿ ਸਿੱਖਾਂ ਦੇ ਪਵਿਤਰ ਸ੍ਰੀ ਗ੍ਰੰਥ ਸਾਹਿਬ ਵਿਚ ਸਭ ਤਰ੍ਹਾਂ ਦੀ ਸੰਤ ਬਾਣੀ ਨੂੰ ਸਥਾਨ ਦਿੱਤਾ ਗਿਆ ਹੈ। ਹਰ ਇਕ ਨੂੰ ਬਰਾਬਰ ਸਮਝਣ ਦੀ ਰੁਚੀ ਨਾਲ ਹੀ ਸਾਰੇ ਧਰਮਾਂ ਨੂੰ ਅਪਨਾਉਣਾ ਸਿੱਖਾਂ ਲਈ ਸੌਖਾ ਹੈ। ਜਦੋਂ ਉਨਤੀ ਕਰਨੀ ਹੈ ਤਾਂ "Thus for & no farther" ਦਾ ਸੂਤਰ ਨਹੀਂ ਚਲੇਗਾ। ਦੁਨੀਆ ਸਥਿਰ ਨਹੀਂ ਹੈ। ਮਨੁੱਖਾ ਜਾਤੀ ਨੂੰ ਨਵੇਂ-ਨਵੇਂ ਪ੍ਰਯੋਗ ਕਰਨੇ ਹੀ ਹਨ। ਭੂਤਕਾਲ ਵਿਚ ਨਹੀਂ, ਵਰਤਮਾਨ ਕਾਲ ਵਿਚ ਜੀਣਾ ਹੈ। ਅਤੇ ਉਹ ਵੀ ਉਜਵਲ ਭਵਿਸ਼ ਕਾਲ ਲਈ ਜਿਨ੍ਹਾਂ ਵਿਚ ਚੇਤਨਤਾ ਹੈ ਉਹ ਹੀ ਇਹ ਰਸਤਾ ਅਪਨਾਉਣਗੇ।

---

## ਡਿਓਢ

**ਕ੍ਰਿਤ ਕਵੀ ਭਾਈ ਨਿਰੰਜਨ ਸਿੰਘ ਮ੍ਰਿਗੇਸ਼ (ਗੁਰਪੁਰਵਾਸੀ)**

ਉਤਾਰ ਪੁਸ਼ਾਕ ਅੰਮੀਰੀ ਵਾਲੀ
ਕੰਬਲੀ ਨੂੰ ਵਡਿਆਕੇ,
ਪ੍ਰੀਤਮ ਪਾਕੇ।
ਬਣ ਜੋਗੀਸ਼ਰ ਛੋਡ ਅਡੰਬਰ
ਟੁਰ ਗਿਆ ਭੇਸ ਵਟਾ ਕੇ,
ਰਾਜ ਲੁਟਾਕੇ।

ਹੋਏ ਤਪੱਸੀ ਭਾਰਤ ਖਾਤਰ
ਤਨ ਬੰਧਨ ਲਗੀ ਵਿਚ ਪਾ ਕੇ
ਕਸ਼ਟ ਉਠਾਕੇ।
ਸਾਂਗ ਬਿਰਹੋਂ ਮ੍ਰਿਗੇਸ਼ ਲੱਗੀ ਦਿਲ
ਤੜਫ ਡਿੱਗੀ ਗਸ਼ ਖਾ ਕੇ,
ਹੋਸ਼ ਵੰਞਾਕੇ।

## ਦੋਹੜਾ

ਆਸ਼ਕ ਦਾ ਸਿਰ ਰਹੇ ਨਾ ਧੜ ਤੇ
ਹਰ ਦਮ ਸੀਸ ਤਲੀ ਤੇ।
ਰਾਮ ਰਹੀਮ ਨਾਂ ਕਾਅਬੇ ਦੀ ਸਿੱਕ,
ਸਿਜਦਾ ਯਾਰ ਗਲੀ ਤੇ।
ਸੂਲੀ ਤੇ ਚੜ੍ਹ ਲੈਣ ਹੁਲਾਰੇ,
ਆਸ਼ਕ ਭੌਰ ਕਲੀ ਤੇ।
'ਮ੍ਰਿਗੇਸ਼' ਡਿੱਗੀ ਗਸ਼ ਖਾ ਕੇ,
ਸੱਸੀ ਜਿਵੇਂ ਥਲੀ ਤੇ।



Namdhari Elibrary NamdhariElibrary@gmail.com

Oster®

REGD. TRADE MARK No. 491851

SHIRTS

CARDIGANS • PULLOVERS

TITLIS (U.K.)

LUXURY SHAWLS • BLANKETS

BED SHEETS • BED LINEN

TEL : + 91 161 2494123, 2496056, 2493689, 5087501-02-03.
FAX:+ 91 161 2494131, 2500732
E-MAIL:jawsons@sify.com osterldh@satyam.net.in
Web site.www.osterindia.com

Namdhari Elibrary NamdhariElibrary@gmail.com

# ਇਸ ਮਨ ਕਉ ਕੋਈ ਖੋਜਹੁ ਭਾਈ

*—ਗੁਰਬਚਨ ਸਿੰਘ ਨਾਮਧਾਰੀ*

ਭਗਤੀ ਮਾਰਗ ਦੇ ਪਾਂਧੀਆਂ ਨੇ ਮਨ ਨੂੰ ਸਭ ਤੋਂ ਵੱਡੀ ਰੁਕਾਵਟ ਦੱਸਿਆ ਹੈ। ਆਤਮ ਮਾਰਗ ਦਾ ਪ੍ਰਬਲ ਅਵਰੋਧਕ। ਸਿਮਰਨ ਵਿਚ ਉਤਰਨ ਵੇਲੇ, ਅਰਾਧਨਾ ਦੇ ਸੰਵੇਦਨਸ਼ੀਲ ਪੱਲ ਵਿਚ, ਰਾਗ-ਦਵੇਸ਼ ਦਾ ਸੰਸਾਰ ਖੜਾ ਕਰ ਦਿੰਦੈ। ਪੁੱਤਰ ਕਲੱਤ੍ਰ, ਧਨ ਵੈਭਵ ਦਾ ਪ੍ਰਲੋਭਨ... ਜਾਂ ਪ੍ਰਵਾਰਕ... ਵਪਾਰਕ, ਵਾਧੇ-ਘਾਟੇ ਦਾ ਗਨਿਤ, ਨਜ਼ਰਾਂ ਦੇ ਸਾਹਮਣੇ ਲੈ ਆਉਂਦੈ। ਸਾਧਕ, ਜਿਸ ਖਿਨ, ਭਾਵ ਦੀਆਂ ਗਹਿਰਾਈਆਂ ਵਿਚ ਗੋਤਿਆਂ ਨੂੰ ਲੋਚਦੈ, ਸੋ-ਸੌ ਅਭਾਵ (ਕਮੀਆਂ) ਪ੍ਰੋਜੈਕਟ ਕਰ ਦਿੰਦੈ। ਪੁੱਤਰ ਦਾ ਅਭਾਵ............ ਧਨ ਦਾ ਅਭਾਵ... ਨਿਰੋਗੀ ਕਾਯਾ ਦਾ ਅਭਾਵ... ਪ੍ਰਤਿਸ਼ਠਾ ਦਾ ਅਭਾਵ...। ਸਾਰੀਆਂ ਕਮੀਆਂ .... ਉਹਨਾਂ ਕਮੀਆਂ ਨੂੰ ਪੂਰਾ ਕਰਨ ਦੇ ਤਾਣੇ-ਬਾਣੇ ਲਿਆ ਰੱਖੇਗਾ। ਦਸ ਦੂਤਾਂ (ਪੰਜ ਕਰਮ ਇੰਦ੍ਰੀਆ, ਪੰਜ ਗਿਆਨ ਇੰਦ੍ਰੀਆਂ,) ਦੇ ਸਹਾਰੇ ਸੰਸਾਰ ਦੇ ਸਾਰੇ ਰਸ-ਭੋਗ ਸਾਹਮਣੇ ਪੇਸ਼ ਕਰ ਦਏਗਾ। ਹਰ ਸਾਧਕ ਦੀ...ਸਿਮਰਨ ਕਰਤਾ ਦੀ (ਪ੍ਰਾਰੰਭ ਅਵਸਥਾ ਵਿਚ ) ਇਹੋ ਸਮੱਸਿਆ ਰਹਿੰਦੀ ਹੈ। ਬਿਰਤੀ ਨਹੀਂ ਲੱਗਦੀ... ਮਨ ਨਹੀਂ ਜੁੜਦਾ। ਸੈਕਟਰ ੩੦, ਚੰਡੀਗੜ੍ਹ ਦੀ ਧਰਮਸ਼ਾਲਾ ਵਿਚ ਜਾਂ ਕਿਤੇ ਹੋਰ, ਗੁਰਬਾਣੀ ਦੀ ਭਾਵ-ਸਰ ਵਿਚ ਸਰਾਬੋਰ ਹੁੰਦਿਆਂ, ਕਈ ਵਾਰ ਜਗਿਆਸੂਆਂ ਦਾ ਦਰਦ ਪ੍ਰਗਟ ਹੁੰਦੈ; ਸੰਤ ਜੀ! ਸਿਮਰਨ ਨਾਲ ਮਨ ਨਹੀਂ ਜੁੜਦਾ। ਕੀ ਕਰੀਏ ? ਪਿਛਲੇ ਦਿਨੀਂ ਸ਼ਿਮਲਾ ਪ੍ਰਵਾਸ ਦੇ ਸਮੇਂ, ਇਕ ਬੀਬੀ ਦੀ ਕਿਹਾ, "ਜਦੋਂ ਵੀ ਸਾਧਨਾ ਵਿਚ ਸਿਮਰਨ ਵਿਚ ਉਤਰਨ ਦੀ ਕੋਸ਼ਿਸ਼ ਕਰਦੀ ਹਾਂ, ਉਦੋਂ ਖਿਆਲਾਂ ਦਾ ਜਵਾਰ-ਭਾਟਾ ਉੱਠ ਖਲੋਂਦੈ। ਹਜ਼ਾਰ-ਹਜ਼ਾਰ ਰੰਗਾਂ ਵਿਚ ਜੜ੍ਹ ਜਾਂ ਚੇਤਨ ਮਾਇਆ ਦਾ ਸੰਸਾਰ ਖੜਾ ਹੋ ਜਾਂਦੈ...। ਕੀ ਕਰਾਂ ?

ਸਿਮਰਨ ਸੰਪੂਰਨ ਇਲਾਜ ਹੈ ਮਨ੍ਹ ਦਾ।

ਕੰਪਲੀਟ ਟ੍ਰੀਟਮੈਂਟ। ਬਾਹਰ ਦੇ ਯੋਗ-ਵਿਆਯਾਮ ਸਰੀਰ ਨੂੰ ਸਵਸਥ ਰਖਦੇ ਹਨ, ਸਿਮਰਨ ਮਨ ਨੂੰ ਨਿਰੋਗ ਕਰਦਾ ਹੈ, ਨਿਯੋਜਿਤ ਕਰਦਾ ਹੈ। ਪੰਜਵੇਂ ਪਾਤਸ਼ਾਹ ਕਹਿੰਦੇ ਹਨ-

"ਮਨੁ ਪ੍ਰਬੋਧਹੁ ਹਰਿ ਕੈ ਨਾਇ"
ਦਹ ਦਿਸਿ ਧਾਵਤ ਆਵੈ ਠਾਇ ॥ (ਸੁਖਮਨੀ)।

ਨਾਮ ਦਾ..... ਸਿਮਰਨ ਦਾ ਪਹਿਲਾ ਪ੍ਰਭਾਵ ਮਨ ਤੇ ਹੀ ਹੋਇਆ...। ਇਸ ਕਰਕੇ ਅੱਗੇ-ਪਿੱਛੇ ਤਾਂ ਭਾਵੇਂ ਮਨ ਸ਼ਾਂਤ ਰਹਿ ਵੀ ਜਾਏ, ਸਿਮਰਨ ਵੇਲੇ... ਸਾਧਨਾ ਵੇਲੇ ਇਹ ਲਾਜ਼ਮੀ ਤੌਰ ਤੇ ਚੰਚਲ ਹੋਣ ਲੱਗਦੈ...। ਇਸ ਕਰਕੇ ਧਰਮ ਅਭਿਆਸੀਆਂ ਨੇ ਇਸਨੂੰ ਬਾਂਦਰ ਵਾਂਗ ਚੰਚਲ ਜਾਂ ਹਾਥੀ ਵਾਂਗ ਉਜੜ ਪਾਉਣ ਵਾਲਾ ਕਿਹੈ। ਸਿਮਰਨ ਚਲਦਾ ਰਹੇ, ਸਾਧਨਾ ਚਲਦੀ ਰਹੇ, ਮਨ ਨੂੰ ਦੇਖਦੇ ਰਹੋ...। ਬਸ ਸਾਕਸ਼ੀ ਰੂਪ ਵਿਚ.....ਗਵਾਹ ਵਾਂਗ...। ਸਿਮਰਨ ਚਲ ਰਿਹੈ, ਮਨ ਪ੍ਰਤੀਕ੍ਰਿਆ ਕਰ ਰਿਹੈ.... ਸਿਮਰਨ ਵਿਚ ਅਵਰੋਧ ਖੜਾ ਕਰਨ ਦੀ ਕੋਸ਼ਿਸ਼ ਕਰ ਰਿਹੈ.....।

ਜਿਵੇਂ ਕੋਈ ਮਾਂ ਦੇਖ ਰਹੀ ਹੈ, ਬੱਚਾ ਬਹੁਤ ਉਛਲ ਕੁਦਣ ਕਰ ਰਿਹੈ... ਧਮੱਚੜਾ ਮਚਾ ਰਿਹੈ... ਕੰਮ ਨਹੀਂ ਕਰਨ ਦੇ ਰਿਹੈ...। ਦੇਖਦੇ ਰਹੋ...ਚਿੰਤਾ ਨਾ ਕਰੋ.... ਤੁਸੀਂ ਪ੍ਰਤੀਕ੍ਰਿਆ ਨਾ ਕਰੋ... ਦੁਖੀ ਨਾ ਹੋਵੋ....ਸ਼ਾਂਤ ਭਾਵ ਨਾਲ ਮਨ ਨੂੰ ਦੇਖਦੇ ਰਹੋ...। ਇਹ ਵੇਖਨਾ, ਕਰਿਸ਼ਮਾ ਬਣ ਜਾਇਗਾ...ਇਹ ਸਾਕਸ਼ੀ ਭਾਵ, ਮਨ ਨੂੰ ਆਧਾਰਹੀਨ ਕਰ ਦਏਗਾ। ਸਿਮਰਨ ਦੇ ਚਲ ਰਹੇ ਲੰਬੇ ਸਿਲਸਿਲੇ ਵਿਚ, ਇਹ ਇਕ ਨਿਵੇਕਲਾ ਆਧਿਆਤਮਕ ਅਨੁਭਵ ਹੋਇਗਾ...। ਧਿਆਨ ਦੇਣਾ, ਬੱਚਾ ਉਦੋਂ ਤੱਕ ਉਛਲ-ਕੂਦ ਕਰਦੈ, ਜਦੋਂ ਤੱਕ ਮਾਂ-ਪਰੇਸ਼ਾਨ ਹੁੰਦੀ ਹੈ....ਉਸਦੇ ਪਿਛੇ-ਪਿਛੇ ਦੌੜਦੀ ਹੈ...। ਬੱਚੇ ਨੂੰ ਇਕ ਖੇਡ....ਦੌੜਨ ਦੀ....ਮਾਂ ਨੂੰ ਦੜਾਉਣ ਦੀ ਮਿਲੀ ਹੈ...।ਮਨਾਂ ਦੀ ਖੇਡ ਵੀ ਉਦੋਂ ਤੱਕ, ਜਦੋਂ ਤੱਕ ਅਸੀਂ ਉਸਦੇ ਨਾਲ ਹਾਂ ਉਸ ਨਾਲ ਅਟੈਚਡ ਹਾਂ....। ਮਨ ਦੇ ਨਾਲ ਅਸੀਂ ਦੌੜਦੇ ਹਾਂ... ਹੱਸਦੇ ਹਾਂ...ਨਚਦੇ ਟੱਪਦੇ ਹਾਂ। ਮਾਂ ਬੱਚੇ ਨੂੰ ਵੇਖਦੀ ਰਹੇ... ਤੁਸੀਂ ਮਨ ਨੂੰ ਦੇਖਦੇ ਰਹੋ...। ਇਕ ਸਮਾਂ ਆਇਗਾ... ਬੱਚਾ ਇਕੱਲਾ...ਕੋਈ ਪ੍ਰਤੀਕ੍ਰਿਆ ਨਾ ਵੇਖ, ਬੋਰ ਹੋਣ ਲੱਗੇਗਾ...ਥੱਕਣ ਲੱਗੇਗਾ...। ਬੱਚਾ ਉਬਾਸੀਆਂ ਲੈਣ ਲੱਗੇਗਾ ਤੇ ਸਉਣ ਲੱਗੇਗਾ...। ਹੁਣ ਮਾਂ ਆਪਣੇ ਕੰਮ-ਕਾਜ ਕਰ ਸਕਦੀ ਹੈ....। ਮਨ, ਮੇਰੇ ਤੋਂ ਵੱਖਰਾ, ਇਕੱਲਾ... ਥੱਕ ਗਿਆ। ਬਿਸਰਾਮ ਦੀ ਮੁਦਰਾ ਵਿਚ... ਮਨ ਦੀ ਪਹਿਲੀ ਅਵਸਥਾ...ਜਦੋਂ ਨੌਵੇਂ ਪਾਤਸ਼ਾਹ ਅਪਣੀ ਬ੍ਰਿਥਾ ਵਿਅਕਤ ਕਰਦੇ ਹਨ :

ਮਾਈ ਮਨੁ ਮੇਰੋ ਬਸਿ ਨਾਹਿ ॥
ਨਿਸ ਬਾਸਰ ਬਿਖਿਅਨ ਕਉ ਧਾਵਤ
ਕਿਹਿ ਬਿਧਿ ਰੋਕਉ ਤਾਹਿ ॥ ੬੩੨-੩੩

ਅਤੇ ਜਦੋਂ ਮਨ ਇੱਕਲਾ ਪੈ ਗਿਆ ਬਿਸਰਾਮ ਵਿਚ ਚਲਾ ਗਿਆ

ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ
ਕਰਿ ਬੈਠੋ ਬਿਸਰਾਮੁ (-੧੧੮੬)

ਮਨ ਦੀਆਂ ਉਪਰੋਕਤ ਦੋ ਅਵਸਥਾਵਾਂ ਦੀ ਵਿਚਲੀ ਸਥਿਤੀ, ਸਾਧਨਾ ਹੈ...ਸਿਮਰਨ ਹੈ। ਸਾਧਨਾ ਦਾ ਅਰਥ, ਮਨ ਨੂੰ ਸਾਧਨਾ...ਮਨ ਨੂੰ ਨਿਪੱਤਰਤ ਕਰਨਾ, ਵਸ ਕਰਨਾ। ਮਨ, ਆਪਣਾ ਹੀ ਚੰਚਲ ਬੱਚਾ ਹੈ...। ਜਨਮਾਂ-ਜਨਮਾਂ ਤੋਂ



Namdhari Elibrary NamdhariElibrary@gmail.com

ਤਨ ਅਤੇ ਬੁੱਧੀ ਦੇ ਸਹਿਯੋਗ ਨਾਲ ਭਰਮੰਦਾ ਰਿਹਾ। ਇਸ ਬੱਚੇ ਦੀ ਆਦਤ ਅਸੀਂ ਆਪ ਵਿਗਾੜੀ ਹੈ। ਬੱਚੇ ਦੀ ਇਕ-ਇਕ ਕਿਲਕਾਰੀ ਤੇ, ਇਕ ਇਕ ਸ਼ਰਾਰਤ ਤੇ ਅਸਾਂ ਬਲਾਈਆਂ ਲਈਆਂ......ਨਾਜ਼ ਕੀਤਾ। ਮਨ ਦੀ ਦੌੜ ਨੂੰ, ਸੁਫਨਿਆਂ ਦੇ ਸਫਰ ਨੂੰ ਆਪਣਾ ਜੀਵਨ-ਮੰਤਵ ਸਥਾਪਤ ਕੀਤਾ। ਮਨ ਦੀਆਂ ਦਸ ਦੂਤ-ਇੰਦਰੀਆਂ ਦੀ ਭੋਗ-ਯੋਜਨਾ ਨੂੰ ਅਸੀ ਆਪਣਾ ਲਕਸ਼ ਸਮਝਦੇ ਰਹੇ। ਹੁਣ ਥੋੜ੍ਹਾ ਇੰਤਜ਼ਾਰ...ਥੋੜ੍ਹਾ ਸਬਰ...। ਮਨ ਦੀ ਪਛਾਣ ਮਨ ਦੇ ਕ੍ਰਿਆਕਲਾਪ ਦੀ ਥੋੜ੍ਹੀ ਸਮਝ ਤਾਂ ਕਰਨੀ ਹੀ ਪਵੇਗੀ। ਇਕ ਅਭਿਆਸ ਬਸ ਇਕ ਪ੍ਰਯੋਗ...ਮਨ ਨੂੰ ਆਪਣੇ ਤੋਂ ਵਖਰਿਆਂ ਹੋਣ ਦੀ ਸਮਝ! ਮਨ-ਬੁੱਧੀ ਤੋਂ ਪਰੇ, ਦੇਹ ਤੋਂ ਪਾਰ ਮੈਂ ਦੇ ਅਵਿਨਾਸ਼ੀ ਅਕਸ ਦੀ ਪ੍ਰਤੀਤੀ...। ਸਾਧਨਾ ਸੰਪੂਰਨ ਹੋਣ ਲੱਗੀ...ਸਿਮਰਨ ਸਾਰਥਕ...ਸਾਕਾਰ ਹੋਣ ਲੱਗਾ। ਇਹ ਮਨ ਦਾ ਦੂਸਰਾ ਪੱਖ ਹੈ।

ਮਨ ਦਾ ਦੂਸਰਾ ਪੱਖ ਹੈ ਬੱਚੇ ਦਾ ਰਚਨਾਤਮਕ ਪੱਖ...ਜੀਵਨ ਦੀ ਨਵੀਂ ਵਿਕਾਸਸ਼ੀਲ ਸੰਭਾਵਨਾ ਦਾ ਪੱਖ। ਜਿਹੜਾ ਬੱਚਾ ਸ਼ਰਾਰਤੀ ਸੀ, ਚੰਚਲ ਸੀ. ਉਸਦੀ ਮੁਹਾਰ ਮੋੜ ਦਿੱਤੀ...ਉਸ ਦੀ ਦਿਸ਼ਾ ਪ੍ਰਿਵਰਤਤ ਕਰ ਦਿੱਤੀ। ਹੁਣ ਉਹ ਬੱਚਾ ਇੰਜੀਨੀਅਰ ਹੈ, ਡਾਕਟਰ ਹੈ, ਵਿਚਾਰਕ ਹੈ, ਕਵੀ ਲਿਖਾਰੀ ਜਾਂ ਦਾਰਸ਼ਨਿਕ ਹੈ। ਹੁਣ ਬੱਚਾ, ਯੁਵਾ ਬਣ ਮਾਤਾ-ਪਿਤਾ ਦੇ ਸੁਫਨਿਆਂ ਨੂੰ ਸਾਕਾਰ ਕਰ ਰਿਹੈ। ਸਦੀਆਂ ਤੋਂ ...ਜਨਮਾਂ ਜਨਮਾਂ ਤੋਂ, ਜਿਸ ਮਨ ਨੇ ਸੰਸਾਰਕ ਸੁਖ-ਭੋਗ ਵਿਚ ਭ੍ਰਮਾਇਆ, ਉਹ ਮਨ ਅੱਜ ਆਪ ਪ੍ਰਕਾਸ਼ਮਾਨ ਹੋ ਰਿਹੈ...ਪਰਮ ਜੋਤ ਦਾ ਅੰਸ਼ ਬਣ ਰਿਹੈ- ਮਨ ਤੂੰ ਜੋਤ ਸਰੂਪ ਹੈਂ। ਮਨ ਦੀਆਂ ਉਪਰੋਕਤ ਦੋਨਾਂ ਅਵਸਥਾਵਾਂ ਨੂੰ, ਦੋਨੋਂ ਭੂਮਿਕਾਵਾਂ ਨੂੰ ਸਮਝ ਲੈਣਾ ਪਵੇਗਾ।

ਮਨ ਦਾ ਖੇਤਰ ਅਸੀਮ ਹੈ। ਸਾਰੇ ਸੁਰਲੋਕ, ਬ੍ਰਹਮ.ਲੋਕ ਦਾ ਸਿਰਜਨ ਵਿਸ਼ਨੂੰ ਲੋਕ ਦਾ ਪਾਲਨ ਅਤੇ ਸ਼ਿਵਲੋਕ ਦਾ ਸੰਘਾਰ ਮਨ ਦੇ ਇਕ ਕੋਨੇ ਵਿਚ ਹੈ। ਇਸਦੇ ਇਕ ਕੋਨੇ ਵਿਚ ਸਾਕੇਤ, ਜਿਥੇ ਰਾਮਲੀਲਾ ਚਲ ਰਹੀ ਹੈ, ਇਕ ਕੋਨੇ ਵਿਚ ਗੋਲੋਕ, ਜਿਥੇ ਕ੍ਰਿਸ਼ਨ ਦੀ ਰਾਸ ਚਲ ਰਹੀ ਹੈ। ਇਕ ਕੋਨੇ ਵਿਚ ਸ਼ਿਵਲੋਕ, ਜਿਥੇ ਗੋਰੀਸ਼ੰਕਰ ਵਿਹਾਰ ਕਰਦੇ ਹਨ. ਸਿੱਧ ਲੋਕ, ਜਿੱਥੇ ਸਨਤ ਕੁਮਾਰ ਧਿਆਨ ਕਰਦੇ ਹਨ, ਨਾਰਦ ਦੀ ਵੀਣਾ ਵੱਜ ਰਹੀ ਹੈ। ਬੜਾ ਵਿਆਪਕ ਹੈ, ਮਨ ਦਾ ਵਿਸਥਾਰ...ਅਨੰਤ, ਅਸੀਮ। ਬ੍ਰਹਿਮੰਡ ਨੂੰ ਕਿਸੇ ਆਕਾਰ ਵਿਚ ਮਿੱਥਿਆ ਜਾ ਸਕਦੈ ਪਰ ਮਨ ਸਾਰੇ ਸੌਰਮੰਡਲਾਂ, ਬ੍ਰਹਿਮੰਡਾਂ, ਅਨੰਤ ਆਕਾਸ਼ਾਂ ਤੋਂ ਵੀ ਪਾਰ ਉਡਾਰੀ ਮਾਰ ਸਕਦਾ ਹੈ। ਤਮੋਗੁਣ, ਰਜੋਗੁਣ, ਸਤੋਗੁਣ ਤੋਂ ਵੀ ਉਪਰ ਤ੍ਰਿਗੁਣ ਅਤੀਤ ਹੋਣ ਦੀ ਸਮੱਰਥਾ ਰਖਦੈ। ਸੰਤਿਜੁਗ, ਤ੍ਰੇਤਾ ਦਵਾਪਰ ਅਤੇ ਕਲਜੁਗ ਨੂੰ ਮੁੱਠੀ ਵਿਚ ਰੱਖ, ਜਦੋਂ ਜਿਸਨੂੰ ਚਾਹੇ ਪ੍ਰਕਟ ਕਰ ਸਕਦੈ। ਕਿਸੇ ਪੂਰਨ ਗੁਰੂ ਦੀ ਸ਼ਰਣ ਵਿਚ, ਸੰਤ ਦੇ ਸਨਿਧਯ ਵਿਚ, ਸਿਮਰਨ ਦੇ ਆਰੋਹਨ ਤੇ, ਕੀਰਤਨ, ਗੁਰਬਾਣੀ ਦੀਆਂ ਸੁਰਲਹਿਰੀਆਂ ਤੇ ਝੂਮਦਾ ਇਹ ਮਨ ਸਤਿਜੁਗ ਵਿਚ ਸਰਾਬੋਰ ਹੁੰਦੈ ਅਤੇ ਰਾਗਦਵੇਸ਼ ਵਿਚ ਉਲਝਿਆ, ਹੰਕਾਰ ਤੋਂ ਹਾਰਿਆ ਮਾਇਆ ਮੋਹ ਤੋਂ ਪ੍ਰੇਰਤ ਖੂਨ ਖਰਾਬੇ ਤੇ ਉਤਾਰੂ ਇਹੋ ਮਨ ਕਲਜੁਗ ਦੀ ਜਿਉਂਦੀ-ਜਾਗਦੀ ਤਸਵੀਰ ਹੁੰਦੈ। ਕੈਸਾ ਹੈ ਇਹ ਮਨ? ਪਾਜ਼ੇਟਿਵ ਜਾਂ ਨੈਗੇਟਿਵ? ਰਚਨਾਤਮਕ ਹੈ ਜਾਂ ਧਵੰਸਾਤਮਕ? ਸੁਭ ਜਾਂ ਅਸ਼ੁਭ? ਤੀਸਰੇ ਪਾਤਸ਼ਾਹ ਕਹਿੰਦੇ ਹਨ,

"ਇਸੁ ਮਨ ਕਉ ਕੋਈ ਖੋਜਹੁ ਭਾਈ
ਮਨੁ ਖੋਜਤ ਨਾਮੁ ਨਉਨਿਧਿ ਪਾਈ॥" (੧੧੨੯-੨੯)

ਸ਼ਾਸਤਰਾਂ ਵਿਚ ਮਨ ਦੀਆਂ ਦੋ ਅਵਸਥਾਵਾਂ ਹੁੰਦੀਆਂ ਹਨ- ਚਿਦਾਂਸ਼ ਅਤੇ ਸਦਾਂਸ਼

**ਚਿਦਾਂਸ਼**-ਚਿਤ+ਅੰਸ਼! ਚਿਤ ਨਾਲ ਅਤੇ ਚਿਤ ਨਾਲ ਜੁੜੀਆਂ ਦਸ ਇੰਦਰੀਆਂ ਨਾਲ ਜੁੜਿਆ ਹੋਇਆ ਮਨ। ਇਹ ਬਾਲ ਰੂਪ ਵਿਚ, ਨਾਸਮਝ, ਅਗਿਆਨੀ, ਮਨ ਨੂੰ ਚੰਗੀ ਨਾ ਲੱਗਣ ਵਾਲੀ ਹਰ ਗੱਲ ਤੇ ਪ੍ਰਤੀਕ੍ਰਿਆ ਕਰਨ ਵਾਲਾ...ਸ਼ੋਰ-ਸ਼ਰਾਬਾ....ਤੋੜ ਭੰਨ ਕਾਰਨ ਵਾਲਾ ਨਾਬਾਲਿਗ ਅਵਸਥਾ ਦਾ ਮਨ ਹੈ...। ਚਿਤ ਦੀਆਂ ਬਿਰਤੀਆਂ ਤੋਂ ਸੰਚਾਲਤ ਹੁੰਦਾ ਮਨ!

**ਸਦਾਂਸ਼**- ਸਤ+ਅੰਸ਼। ਸੰਸਾਰਕ ਮੋਹ ਮਾਇਆ ਤੋਂ ਪਰੇ....ਦੇਹ ਆਸਕਤੀ ਤੋਂ ਉਪਰ, ਸੰਤਿ ਸਰੂਪ... ਸੋਹੰ ਸਰੂਪ...ਜੋਤ ਸਰੂਪ...ਸਵੈ ਪ੍ਰਕਾਸ਼ਮਾਨ ਮਨ! ਇਹ ਅਵਸਥਾ, ਮਨ ਦੀ ਪਰਪੱਕ ਅਵਸਥਾ ਹੈ...ਬਾਲਿਗ...ਗਿਆਨਵਾਨ ਮਨ!

ਸਾਰੇ ਧਰਮ ਸ਼ਾਸ਼ਤ੍ਰ, ਸਾਰੀ ਗੁਰਬਾਣੀ, ਬਸ, ਚਿਤ ਦੇ ਨਾਲ ਲਗੇ ਹੋਇ ਮਨ ਨੂੰ....ਸੰਸਾਰ ਨਾਲ ਜੁੜੇ ਹੋਇ ਮਨ ਨੂੰ, ਸੱਤ ਦੇ ਨਾਲ ਜੋੜਨ ਲਈ! ਚਿਤ ਦੇ ਨਾਲ ਕ੍ਰਿਆਸ਼ੀਲ ਮਨ ਦੀ ਮੁਹਾਰ.......... ਮਨਾ ਦਾ ਰੁੱਖ, ਸੱਤ ਪਾਸੇ ਹੋ ਜਾਇ। ਇਸੇ ਨੂੰ ਧਰਮ ਸ਼ਾਸ਼ਤਰਾਂ ਨੇ ਰੂਪਾਂਤਰਨ ਕਿਹਾ। ਇਸੇ ਨੂੰ ਜੀਸਸ ਨੇ (ਬਾਈਬਲ ਵਿਚ) ਕਨਵਰਸ਼ਨ ਕਿਹਾ। ਸਾਰੀ ਭਗਤੀ....ਸਾਰੀ ਬੰਦਗੀ....ਸਾਰਾ ਧਰਮ ਅਭਿਆਸ...ਬਸ ਮਨ ਦੇ ਇਸ ਮੋੜੇ ਲਈ...। ਕੋਈ ਸੰਤ....ਕੋਈ ਪੂਰਨ ਸਤਿਗੁਰੂ ਦੀ ਕ੍ਰਿਪਾ ਸਹਾਇਕ ਹੁੰਦੀ ਹੈ, ਇਸ ਅੰਤਰਮੁਖੀ ਅਭਿਆਸ ਲਈ। ਚਿਤ ਬਾਹਰ-ਮੁਖੀ ਹੁੰਦੈ ਅਤੇ ਸਤ, ਅੰਤਰਮੁਖੀ।

ਪੰਜਵੇਂ ਪਾਤਸ਼ਾਹ ਅੰਤਰਮਨ ਦੀ ਇਸੇ ਗਹਿਰੀ ਅਵਸਥਾ ਲਈ ਸੂਤ੍ਰ ਦਿੰਦੇ ਹਨ।

ਸੰਤ ਸੰਗਿ ਅੰਤਰਿ ਪ੍ਰਭੁ ਡੀਠਾ
ਨਾਮੁ ਪ੍ਰਭੂ ਕਾ ਲਾਗਾ ਮੀਠ॥। (ਸੁਖਮਨੀ ਸਾਹਿਬ)

ਜਨਮਾਂ-ਜਨਮਾਂ ਤੋਂ ਮਨ ਦੋੜ ਦਾ ਰਿਹਾ...ਅਸੀਂ ਦੌੜਦੇ ਰਹੇ। ਬਾਹਰਮੁਖੀ ਸੰਸਾਰ ਹੀ ਦੇਖਦੇ ਰਹੇ ਸੰਸਾਰਕ ਸਮਗਰੀ ਹੀ ਲੋਚਦੇ ਰਹੇ...ਅਸ਼ਾਂਤੀ ਦਾ ਆਲਮ ਵਿਆਪਤ ਰਿਹਾ...। ਇਕ ਕਤਰਾ ਸ਼ਾਂਤੀ ਨੂੰ ਤਰਸਦੇ ਰਹੇ...ਇਕ ਬੂੰਦ ਸਤ ਦੀ ਨਾ ਮਿਲੀ। ਅਸੀਂ ਜੰਮਦੇ ਰਹੇ, ਮਰਦੇ ਰਹੇ, ਸੰਸਾਰਕ ਸੁਖ ਸਮਗਰੀ


Namdhari Elibrary NamdhariElibrary@gmail.com

ਤਲਾਸ਼ਦੇ ਰਹੇ...ਅਸ਼ਾਂਤ ਆਤਮਾ ਭਟਕਦੀ ਰਹੀ। ਆਪਣੇ ਮਨ ਦੀ ਇਸੇ ਬਿਥਾ ਨੂੰ, ਸਤਿਗੁਰੂ ਦੇ ਅੱਗੇ ਰੱਧੀਏ। ਇਕ ਅਰਦਾਸ ਅਲੌਕਿਕ...ਹੇ ਗੁਰੂਦੇਵ! ਮਨ ਨੂੰ ਚਿਤ ਤੋਂ ਵਰਜ ਦੇ...ਸਤ ਨਾਲ ਜੋੜ ਦੇ। ਇਕ ਪਰਿਵਰਤਨ ਇਹ ਰੂਪਾਂਤਰਨ...ਤਮਸੋ ਮਾ ਜਯੋਤਿਰਗਮਯ...ਹਨੇਰੇ 'ਚੋਂ ਕੱਢ ਲੈ, ਪ੍ਰਕਾਸ਼ ਵਲ ਲੈ ਚਲ।

ਪੂਰੇ ਗੁਰੂ ਵਿਚ, ਗੁਰੂ ਦੇ ਨਿਵਾਜੇ ਸੰਤਾਂ ਵਿਚ ਇਹ ਪਰਵਰਤਨਕਾਰੀ ਤਾਕਤ ਹੁੰਦੀ ਹੈ। ਭਾਈ ਸੁਬੇਗ ਸਿੰਘ, ਜ਼ਕਰੀਆ ਖਾਨ ਦੇ ਦਰਬਾਰ ਵਿਚ, ਲਾਹੌਰ, ਨੌਕਰੀ ਕਰਦੇ ਸਨ। ਭਾਈ ਜੀ ਦਾ ਸੋਹਣਾ ਸੁਨੱਖਾ ਪੁੱਤਰ ਸ਼ਹਿਬਾਜ ਸਿੰਘ ਕਦੀ-ਕਦੀ ਕਿਸੇ ਕੰਮ ਨਾਲ ਪਿਤਾ ਨੂੰ ਮਿਲਣ ਲਈ ਲਾਹੌਰ ਦਰਬਾਰ ਵਿਚ ਆਉਂਦਾ ਸੀ। ਮੁਗਲ ਅਧਿਕਾਰੀਆਂ ਦੀ ਨਿਗਾਹੇ ਪੈ ਗਿਆ। ਜ਼ਕਰੀਆ ਖਾਨ ਨੂੰ, ਇਸ ਸੁੰਦਰ ਬਾਲਕ ਨੂੰ, ਇਸਲਾਮ ਮਤ ਅਧੀਨ ਲਿਆਉਣ ਲਈ ਪ੍ਰੇਰਿਆ। ਖੂੰਖਾਰ ਜ਼ਕਰੀਆ ਖਾਨ ਦੇ ਹੁਕਮ ਨਾਲ ਬਾਲਕ ਸ਼ਹਿਬਾਜ਼ ਸਿੰਘ ਨੂੰ ਕੈਦ ਕਰ ਕੇ........ ਮੁਸਲਮਾਨ ਬਣਨ ਲਈ ਪ੍ਰਲੋਭਨ ਦਿੱਤੇ....... ਤਸੀਹਿਆਂ ਭਰੀ ਮੌਤ ਦਾ ਭੈ ਦਿੱਤਾ... ਡੋਲ ਗਿਆ...ਇਸ ਲਈ ਧਰਮ ਕਬੂਲ ਕਰਨ ਨੂੰ ਹਾਂ ਕਰ ਦਿੱਤੀ। ਪਿਤਾ ਸੁਬੇਗ ਸਿੰਘ ਨੂੰ ਮੁਗਲ ਅਧਿਕਾਰੀਆਂ ਨੇ ਇਹ ਸੰਦੇਸ਼ ਪੁਹੰਚਾਇਆ। ਪਿਤਾ ਨੇ ਕਿਹਾ, ਮੈਨੂੰ ਇਕ ਵਾਰ, ਮੇਰੇ ਪੁੱਤਰ ਨਾਲ ਮਿਲਾਓ। ਲਾਹੌਰ ਦੇ ਕਾਰਾਗਾਰ ਵਿਚ ਦਸਮ ਪਾਤਸ਼ਾਹ ਦੇ ਸਿੱਖ, ਸੁਬੇਗ ਸਿੰਘ ਨੇ ਪੁੱਤਰ ਦੇ ਮੱਥੇ ਤੇ ਮੁਸਲਮਾਨ ਹੋਣਾ ਪੜ੍ਹ ਲਿਆ। ਅੱਖਾਂ-ਅੱਖਾਂ ਵਿਚ ਹੀ ਪਿਤਾ-ਪੁੱਤਰ ਵਿਚ ਸੰਦੇਸ਼ਾਂ ਦਾ ਮੋਨ ਆਦਾਨ ਪ੍ਰਦਾਨ ਹੋ ਗਿਆ। ਸੁਬੇਗ ਸਿੰਘ ਸਮਝ ਗਏ, ਪੁੱਤਰ ਦਾ ਮਨ ਪੂਰੀ ਤਰ੍ਹਾਂ ਚਿਦਾਂਸ ਨਾਲ ਹੋ ਕੇ, ਮੌਤ ਦੇ ਭੈਅ ਅਤੇ ਲੋਭ ਵਸ ਹੋ ਚੁਕਿਆ ਹੈ। ਪਿਤਾ ਨੇ ਧਰਤੀ ਤੋਂ, ਇਕ ਚੂੰਡੀ ਧੂੜ ਲੈ ਕੇ ਪੁੱਤਰ ਦੇ ਮੱਥੇ ਤੇ ਰਗੜ ਦਿੱਤੀ...ਨਾਲ ਹੀ ਮੱਥੇ ਤੇ ਲਿਖੀਆਂ ਵਿਧਾਤਾ ਦੀਆਂ ਲਕੀਰਾਂ ਮਿਟਾ ਦਿੱਤੀਆਂ। ਪੁੱਤਰ ਸ਼ਹਿਬਾਜ਼ ਸਿੰਘ ਉਸੇ ਵੇਲੇ, ਉੱਛਲ ਕੇ ਲਲਕਾਰਿਆ, 'ਮੈਂ ਗੁਰੂ ਗੋਬਿੰਦ ਸਿੰਘ ਦਾ ਸਿੱਖ ਹਾਂ...ਭਾਵੇਂ ਪੋਟੇ-ਪੋਟੇ ਵੱਡ ਦਿਉ...ਮੈਂ ਸਿੱਖ ਹੀ ਜੀਵਾਂਗਾ...ਸਿੱਖ ਹੀ ਮਰਾਂਗਾ।" ਪਿਉ-ਪੁੱਤਰ ਦੋਹਾਂ ਨੂੰ ਚਰਖੜੀ ਤੇ ਚੜ੍ਹਾ ਕੇ ਮਾਰ ਦਿੱਤਾ। ਹੱਸਦਾ-ਹੱਸਦਾ ਸ਼ਹਿਬਾਜ਼ ਸਿੰਘ, ਪਿਤਾ ਦੇ ਨਾਲ ਹੀ ਸਿੱਖੀ ਤੋਂ ਕੁਰਬਾਨ ਹੋ ਗਿਆ। ਤੱਤ ਗਿਆਨੀ ਪਿਤਾ ਸੁਬੇਗ ਸਿੰਘ ਨੇ ਬਸ ਇਤਨਾ ਹੀ ਕੀਤਾ, ਚਿਤ ਦੇ ਨਾਲ ਜੁੜੇ ਹੋਏ ਮਨ ਨੂੰ ਇਕ ਚੂੰਡੀ ਮਿੱਟੀ ਨਾਲ ਰਗੜ ਕੇ ਸੱਤ ਨਾਲ ਜੋੜ ਦਿੱਤਾ। ਹੁਣ, ਸ਼ਹਿਬਾਜ਼ ਸਿੰਘ ਦਾ ਮਨ ਅਸੀਮ ਸ਼ਕਤੀਆਂ ਦਾ ਸੁਆਮੀ ਹੋ ਗਿਆ...ਨਿਮਾਣੀ ਮੌਤ ਬਹੁਤ ਤੁੱਛ ਰਹਿ ਗਈ।

ਸਤਿਗੁਰੂ ਪ੍ਰਤਾਪ ਸਿੰਘ ਦੇ ਨਿਵਾਜੇ- ਸਾਜੇ ਸਤ ਭਗਤ ਸਿੰਘ ਦਾਤੇ ਵਾਲੀਏ ਦੀ ਛੱਬ ਨਿਰਾਲੀ ਸੀ। ਖਲੋ ਕੇ ਦੀਵਾਨ ਲਾਉਂਦੇ, ਸ੍ਰੋਤਿਆਂ ਨੂੰ ਆਤਮਰਸ ਵਿਚ ਲਬਰੇਜ਼ ਕਰ ਦਿੰਦੇ। ਬ੍ਰਿਟਿਸ਼ ਹਕੂਮਤ ਦੇ ਨਿਰਦੇਸ਼ ਅਨੁਸਾਰ, ਇਨ੍ਹਾਂ ਦੇ ਦੀਵਾਨ ਵਿਚ, ਕਿਸੇ ਵੇਸ ਕੋਈ ਪੁਲਸੀਆ ਜ਼ਰੂਰ ਹੁੰਦਾ। ਇਕ ਸਮੇਂ, ਮਾਛੀ ਕੇ ਸ਼ੇਖੂਪੁਰੇ ਦੇ ਜ਼ਿਲ੍ਹੇ ਵਿਚ, ਸੰਤ ਫਤੇਹ ਸਿੰਘ ਜੀ ਮੇਲਾ ਕੀਤਾ। ਇਹਨਾਂ ਸੰਤ ਭਗਤ ਸਿੰਘ ਨੂੰ ਸੱਦਿਆ। ਦੀਵਾਨ ਵਿਚ ਸਪਾਹੀ ਲੈ, ਹਵਾਲਦਾਰ ਆ ਬੈਠਾ। ਸੰਤ ਜੀ ਸ਼ਬਦ ਪੜ੍ਹਦਿਆਂ ਬਚਨ ਕੀਤਾ ਸਤਿਗੁਰੂ ਰਾਮ ਸਿੰਘ ਦਾ ਬਚਨ ਹੈ, ਜੇ ਹਲਵਾਹ ਵੀ ਭਜਨ ਦਸੇਗਾ ਤਾਂ ਵੀ ਮੇਰੇ ਵਾਂਗ ਅਸਰ ਹੋਇਆ, 'ਪੱਥਰ ਤੇ ਪਿਆ ਵੀ ਇਹ ਬਿਰਥਾ ਨਾ ਜਾਵੇਗਾ।"

ਉਸ ਹਵਾਲਦਾਰ ਅਜ਼ਮਾਣ ਲਈ ਕੰਨ ਕਰ ਭਜਨ ਪੁੱਛਿਆ। ਮਸਤ ਹੋਇ ਕੇ ਭੂਮ ਤੇ ਡਿੱਗ ਪਿਆ। ਮੂੰਹ ਵਿਚ ਛਿਤ੍ਰ ਪਾ, ਸੰਗਤ ਵਿਚ ਖੜੋ ਕਿਹੋ ਸੂ, ਮੈਂ ਭੁਲਾ, ਮੈਨੂੰ ਬਖਸ਼ੋ!

ਸਰਕਾਰੀ ਨੌਕਰੀ ਤਿਆਗ, ਸਿੱਖ ਬਣ ਸਾਰੀ ਜ਼ਿੰਦਗੀ ਘਰ ਵਿਹਾਰ ਕਰਦਿਆਂ ਭਜਨ ਬੰਦਗੀ ਦੀ ਜ਼ਿੰਦਗੀ ਗੁਜ਼ਾਰੀ। ਐਸੇ ਅਨੇਕ ਪ੍ਰਸੰਗ ਹਨ ਜਦੋਂ ਸੰਤਾਂ ਨੇ, ਗੁਰੂਆਂ ਨੇ, ਵਰਦ ਹਸਤ ਰੱਖ ਮਨ ਦੀ ਅਵਸਥਾ ਤਬਦੀਲ ਕਰ ਦਿੱਤੀ।

ਮਨੁੱਖ ਦੁਖੀ ਹੈ...ਸੰਸਾਰ ਦੁਖੀ ਹੈ..."ਨਾਨਕ ਦੁਖੀਆ ਸਭੁ ਸੰਸਾਰ", ਕਿਉਂਕਿ ਮਨ ਦਾ ਸੰਗ ਹੈ, ਚਿਤ ਨਾਲ...ਚਿਤ ਜੁੜਿਆ ਹੈ ਇੰਦਰੀਆਂ ਨਾਲ ਅਤੇ ਇੰਦਰੀਆਂ, ਨਿਤ ਨਵੀਆਂ ਆਸ਼ਾਵਾਂ, ਤ੍ਰਿਸ਼ਨਾਵਾਂ ਨਾਲ ਜੁੜੀਆ ਰਹਿੰਦੀਆਂ ਹਨ।

ਇਹ ਸਥਿਤੀ ਕਬੀਰ ਜੀ ਅਨੁਸਾਰ, ਦੁਖ ਦਾ ਕਾਰਣ ਹੈ:

ਜੋਗੀ ਦੁਖੀਆ ਜੰਗਮ ਦੁਖੀਆ,
ਤਾਪਸ ਕੋ ਦੁਖ ਦੂਨਾ ਹੋ॥
ਆਸ਼ਾ ਤ੍ਰਿਸ਼ਨਾ ਸਗਲ ਵਿਆਪੀ,
ਕੋਊ ਮਹਿਲ ਨ ਸੂਨਾ ਹੋ॥
ਅਵਧੂ ਦੁਖੀਆ ਭੂਪਤਿ ਦੁਖੀਆ
ਰੰਕ ਦੁਖੀ ਵਿਪਰੀਤਾ ਹੋ॥
ਕਹੈ ਕਬੀਰ ਸਭੈ ਜਗ ਦੁਖੀਆ,
ਏਕ ਸੰਤ ਸੁਖੀ ਮਨ ਜੀਤਾ ਹੋ॥

ਮਨ, ਚਿਤ ਦੇ ਅਧਿਕਾਰ ਵਿਚ ਅਰਥਾਤ ਸੰਸਾਰ ਦੇ ਅਧੀਨ। ਸੰਤ ਦੇ ਨਾਲ...ਆਤਮਾ ਦੇ ਸਵਾਮੀਤਵ ਵਿਚ...ਪ੍ਰਮਾਤਮਾ ਦੇ ਸਹਿਵਾਸ ਵਿਚ....ਮਨਜੀਤ....ਮਨ ਦਾ ਮਾਲਿਕ। ਸਤ ਅਰਥਾਤ, ਜੋ ਹੈ...ਜਿਥੇ ਹੈ.....ਜੈਸਾ ਵੀ ਹੈ.....ਪਰਵਾਨ ਹੈ। ਸੁਖ ਹੈ.....ਦੁਖ ਹੈ......ਹਰਖ ਆਇਆ...ਸੋਗ ਆਇਆ...ਕੋਈ ਵਿਵਾਦ ਨਹੀਂ....ਪ੍ਰਤੀਰੋਧ ਨਹੀਂ....ਰੰਜਿਸ਼ ਨਹੀਂ....ਸਭਿ ਸਹਿਜ ਸਵੀਕਾਰ...। ਇਹੋ ਸੰਦਾਸ਼ ਹੈ...ਜੀਵਨ ਮੁਕਤੀ ਦਾ ਵਸੀਲਾ ਹੈ। ਇਸੇ ਅਵਸਥਾ ਲਈ ਗੁਰੂ ਗੋਰਖ ਸਿੱਧਾਂ ਨੂੰ ਨਾਥਾਂ ਨੂੰ ਪ੍ਰੇਰਦੇ ਹਨ-

ਖਾਵੈ, ਪੀਵੈ ਨ ਕਰੈ ਮਨਭੰਗਾ॥
ਕਹੈ ਨਾਥ ਹੋ ਤਿਸਕੇ ਸੰਗਾ॥

*ਆਰ-੫੪ ਸੈਕਟਰ ੭੪*
*ਇੰਡਸਟਰੀਅਲ ਏਰੀਆ ਮੁਹਾਲੀ*
*੯੮੧੪੮੦੧੦੧੫, ੦੧੭੨-੨੭੦੦੨੨੧*



Namdhari Elibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



# 12-BORE GUNS

## Free India Gun Manufacturers

Prop. S. KARTAR SINGH (Jammu-Wale)

6, Industrial Estate, Ashok Nagar,
Jammu Cantt-3
Ph. : 433810

**Sister Concern :**

**M/s Kartar Singh**
**ARMS & AMMUNITION DEALERS**



Namdhari Elibrary NamdhariElibrary@gmail.com

# ਰੁੱਤਾਂ ਦੀ ਰਾਣੀ—ਬਸੰਤ

*—ਬਲਦੇਵ ਮਾਧੋਪੁਰੀ*

ਭਾਵੇਂ ਬਸੰਤ ਦਾ ਉਤਸਵ ੨੩ ਜਨਵਰੀ ਨੂੰ ਲੰਘ ਗਿਆ ਹੈ, ਪਰ ਬਸੰਤ ਰੁੱਤ (ਮੌਸਮ-ਏ-ਬਹਾਰ) ਤਾਂ ਦੋ ਮਹੀਨੇ ਰਹਿਣੀ ਹੈ, ਉਸਨੇ ਇਨ੍ਹਾਂ ਮਹੀਨਿਆਂ ਵਿਚ ਆਪਣੇ ਗੁੱਲ ਜ਼ਰੂਰ ਖਿਲਾਉਣੇ ਹਨ। ਦਰਖਤ ਮਉਲਣੇ ਹਨ, ਫੁੱਲ ਖਿੜਨੇ ਹਨ, ਹਰ ਪਾਸੇ ਹਰਿਆਵਲ ਅਤੇ ਤਰ੍ਹਾਂ-ਤਰ੍ਹਾਂ ਦੇ ਫੁੱਲਾਂ ਨੇ ਮਨੁੱਖ ਦੇ ਮਨ ਨੂੰ ਗਦਗਦ ਕਰਨਾ ਹੈ। ਬਸੰਤ ਰੁੱਤ ਦੇ ਫੁੱਲਾਂ ਦੀ ਸੁਗੰਧ ਨੇ ਸਾਡੇ ਦਿਲੋ-ਦਿਮਾਗ ਵਿਚ ਅਤੇ ਅੱਖਾਂ ਵਿਚ ਸਮਾ ਜਾਣਾ ਹੈ, ਤੇ ਆਉਂਦੀ ਬਹਾਰ ਤੱਕ ਇਵੇਂ ਹੀ ਤਾਜ਼ਗੀ ਦਿੰਦੇ ਰਹਿਣਾ ਹੈ। ਇਸੇ ਕਰਕੇ ਬਸੰਤ ਰੁੱਤ ਨੂੰ "ਰੁੱਤਾਂ 'ਚੋਂ ਰੁੱਤ-ਬਸੰਤ ਰੁੱਤ" ਜਾਂ "ਰੁੱਤਾਂ ਦੀ ਰਾਣੀ—ਬਸੰਤ" ਕਹਿੰਦੇ ਹਨ।

ਮੌਸਮ-ਏ-ਬਹਾਦਰ ਦਾ ਕੁਝ ਅਜਬ ਹੀ ਨਜ਼ਾਰਾ ਹੁੰਦਾ ਹੈ- ਨਾ ਗਰਮੀ ਨਾ ਸਰਦੀ। ਭਾਵੇਂ ਗਰਮ ਕੱਪੜੇ ਪਾ ਲਓ ਤੇ ਭਾਵੇਂ ਠੰਡੇ.... ਸਭ ਚਲਦੇ ਹਨ। ਦਿਨੇ ਤੁਰਦਿਆਂ-ਫਿਰਦਿਆਂ ਇੱਕ ਗੁਦਗੁਦੀ ਜਿਹੀ ਮਹਿਸੂਸ ਹੁੰਦੀ ਹੈ। ਸਵੇਰ ਨੂੰ ਜਦੋਂ ਮਸਤ ਹਵਾ ਰੁਮਕਦੀ ਹੈ ਤੇ ਫੁੱਲ ਆਪਣੀ ਖੁਸ਼ਬੂ ਖਿਲਾਰਦੇ ਹਨ ਤਾਂ ਇਵੇਂ ਲਗਦਾ ਹੈ ਜਿਵੇਂ ਕੁਦਰਤੀ ਨੇ ਹਰ ਮਨੁੱਖ ਦੇ ਉਤੇ ਆਪਣਾ ਜਾਦੂ ਕਰ ਦਿਤਾ ਹੋਵੇ। ਕੁਦਰਤੀ ਤੌਰ ਤੇ ਹਰ ਮਨੁੱਖ ਨਸ਼ਈ ਬੰਦੇ ਵਾਂਗ ਸਰੂਰ ਜਿਹਾ ਲੈਂਦਾ ਮਹਿਸੂਸ ਕਰਦਾ ਹੈ। ਜ਼ਰਾ ਕੁ ਸਵੇਰੇ-ਸਵੇਰੇ (ਮੂੰਹ-ਹਨੇਰੇ) ਖੇਤਾਂ ਵਲ ਨੂੰ ਨਿਕਲੀਏ ਸਰ੍ਹੋਂ ਦੇ ਫੁੱਲਾਂ ਦੀ ਅਤੇ ਹੋਰ ਫਲਦਾਰ ਦਰਖਤਾਂ ਜਾਂ ਬੂਟਿਆਂ ਦੇ ਫੁੱਲਾਂ ਦੀ ਖੁਸ਼ਬੂ ਇਕੱਠੀਆਂ ਹੋ ਕੇ ਸੈਰ ਕਰਨ ਵਾਲੇ ਨੂੰ ਬਾਗ-ਬਾਗ ਕਰ ਦਿੰਦੀਆਂ ਹਨ। ਇਨ੍ਹਾਂ ਦਿਨਾਂ ਵਿੱਚ ਸ਼ਰੀਂਹ ਦੇ ਦਰਖਤ ਨੂੰ ਜਦੋਂ ਫੁੱਲ ਲੱਗਦੇ ਹਨ ਤਾਂ ਉਨ੍ਹਾਂ ਦੀ ਗੂੜ੍ਹੀ ਜਿਹੀ ਮਹਿਕ ਬੜੀ ਹੀ ਚੰਗੀ ਲਗਦੀ ਹੈ, ਕਲੀਆਂ ਦੀ ਮਹਿਕ ਦਾ ਕੀ ਕਹਿਣਾ!

ਅੱਜ ਕਲ੍ਹ ਮਨੁੱਖ ਰੱਬ ਦੇ ਅਤੇ ਕੁਦਰਤ ਦੇ ਬਣਾਏ ਹੋਏ ਨਿਯਮਾਂ, ਜਾਂ ਕੁਦਰਤ ਵੱਲੋਂ ਬਣਾਈਆਂ ਹੋਈਆਂ ਚੀਜ਼ਾਂ ਨਾਲ ਛੇੜ-ਛਾੜ ਕਰਨ ਲੱਗ ਪਿਆ ਹੈ, ਜਿਸਦਾ ਮਨੁੱਖ ਨੂੰ ਲਾਭ ਘੱਟ ਤੇ ਨੁਕਸਾਨ ਜ਼ਿਆਦਾ ਹੁੰਦਾ ਹੈ ਅਤੇ ਖਮਿਆਜ਼ਾ ਭੁਗਤਣਾ ਪੈਂਦਾ ਹੈ, ਕਿਉਂਕਿ ਮਨੁੱਖ ਰੱਬ ਦੀ ਬਰਾਬਰੀ ਕਰਨ ਲੱਗ ਪਿਆ ਹੈ ਕਿਤੇ ਪਹਾੜ ਢਾਹ ਰਿਹਾ ਹੈ ਤੇ ਕਿਤੇ ਸਮੁੰਦਰ ਛਾਣ ਰਿਹਾ ਹੈ। ਥਾਂ-ਥਾਂ ਪੁਟਾਈ ਕਰਕੇ ਕੁਝ ਨਾ ਕੁਝ ਭਾਲ ਰਿਹਾ ਹੈ ਪਰ ਇਸ ਸਭ ਕੁਝ ਨਾਲ ਕੁਦਰਤੀ ਨੇਮਾਂ ਤੇ ਅਸਰ ਪੈਂਦਾ ਹੈ।.... ਤੇ ਫਿਰ ਰੱਬ ਆਪਣੇ ਜੌਹਰ ਦਿਖਾਂਦਾ ਹੈ—ਕਿਤੇ ਭੂਚਾਲ, ਕਿਤੇ ਤੂਫ਼ਾਨ, ਕਿਤੇ ਹੜ੍ਹ, ਕਿਤੇ ਸੋਕਾ, ਇਕ ਕਿਸਮ ਦੀ ਪਰਲੋ ਜਿਹੀ ਆ ਜਾਂਦੀ ਹੈ। ਇਵੇਂ ਹੀ ਕਈ ਵਾਰ ਹੁੰਦਾ ਰਹਿੰਦਾ ਹੈ।। ਇਕ ਵਾਰ ਤਾਂ ਇੰਦਾਂ ਵੀ ਹੋਈ ਕਿ ਬਸੰਤ ਤੋਂ ਬਾਅਦ ਐਨੀ ਐਹਣ ਬਾਂਟਿਆਂ ਵਰਗੀ ਪਈ ਜਿਹੜੀ ਕਿ ਕਈ ਦਿਨ ਤੱਕ ਨਹੀਂ ਸੀ ਪਿਘਲੀ ਤੇ ਫਲਲਾਂ ਦਾ ਬੜਾ ਨੁਕਸਾਨ ਹੋਇਆ ਸੀ ਤੇ ਠੰਡ ਬੜੀ ਹੋ ਗਈ ਸੀ। ਸਭ ਲੋਕ ਇਸ ਕਹਾਵਤ ਨੂੰ ਗਲਤ ਸਾਬਤ ਕਰਕੇ ਇਹ ਕਹਿਣ ਲੱਗ ਪਏ ਸਨ— "ਆਈ ਬਸੰਤ-ਪਾਲਾ ਪੜੰਤ"। ਇਸ ਵਾਰ ਵੀ ਸਰਦੀ ਬਹੁਤ ਪਈ ਹੈ, ਲੋਕਾਂ ਦਾ ਦਿਲ ਠਰ੍ਹੰ-ਠਰ੍ਹੰ ਕਰਦਾ ਰਿਹਾ ਹੈ। ਕੁਦਰਤ ਦੇ ਕ੍ਰਿਸ਼ਮੇ ਨੂੰ ਕੋਈ ਨਹੀਂ ਬਦਲ ਸਕਦਾ। ਰੱਬ ਨੂੰ ਜੋ ਭਾਉਂਦਾ ਹੈ, ਉਹੀ ਹੁੰਦਾ ਹੈ।

ਭਾਵੇਂ ਜੋ ਕੁਝ ਵੀ ਵਾਪਰ ਜਾਵੇ, ਫਿਰ ਵੀ ਆਦ-ਜੁਗਾਦ ਤੋਂ ਬਸੰਤ-ਰੁੱਤ ਨੂੰ ਹੀ ਸੁਹਾਵਣੀ ਰੁੱਤ ਕਿਹਾ ਗਿਆ ਹੈ। ਸਾਡੇ ਇਥੇ ਜੋ ਮੇਲੇ -ਮਸਾਵੇ ਲਗਦੇ ਹਨ—ਇਸ ਗੱਲ ਨੂੰ ਮੁੱਖ ਰੱਖ ਕੇ ਲਾਏ ਜਾਂਦੇ ਹਨ ਕਿਉਂਕਿ ਇਨ੍ਹਾਂ ਦਿਨਾਂ ਵਿਚ ਨਾ ਗਰਮੀ ਹੁੰਦੀ ਹੈ ਨਾ ਸਰਦੀ। ਕਿਸੇ ਉਚੇਚ ਦੀ ਲੋੜ ਨਹੀਂ ਪੈਂਦੀ-ਚਾਹੇ ਕਮਰੇ ਦੇ ਅੰਦਰ ਸੌਂ ਜਾਓ, ਚਾਹੇ ਖੁੱਲ੍ਹੇ ਮੈਦਾਨ ਵਿਚ....ਬਸ ਮਾੜੇ ਮੋਟੇ ਕੱਪੜੇ ਨਾਲ ਹੀ ਸਰ ਜਾਂਦਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਦੇਵੀ-ਦੇਵਤਿਆਂ ਨੇ ਇਸ ਦੁਨੀਆਂ ਤੋਂ ਪਰ੍ਹੇ ਹੋ ਕੇ ਪਹਾੜਾਂ ਵਿਚ ਜਾ ਕੇ ਡੇਰੇ ਲਾਏ ਸਨ ਤੇ ਭਗਤੀ ਕੀਤੀ ਸੀ, ਪਰ ਇਸ ਦੁਨੀਆਂ ਨੇ ਉਹ ਥਾਵਾਂ ਵੀ ਲੱਭ ਲਈਆਂ ਜਿਥੇ ਉਹ ਭਗਤੀ ਕਰਦੇ ਸਨ ਤੇ ਉਨ੍ਹਾਂ ਥਾਵਾਂ ਨੂੰ ਤੀਰਥ ਅਸਥਾਨਾਂ ਦਾ ਨਾਂਅ ਦੇ ਦਿੱਤਾ। ਉਥੇ ਜਾ ਕੇ ਮੇਲੇ ਲਾਉਣੇ ਸ਼ੁਰੂ ਕਰ ਦਿੱਤੇ ਤੇ ਦਰਸ਼ਨ ਕਰਕੇ ਆਪਣੇ ਮਨ ਦੀ ਸੰਤੁਸ਼ਟੀ ਕਰਨ ਲੱਗ ਪਏ ਤੇ ਨਾਲ-ਨਾਲ ਮੰਨਤਾਂ ਵੀ ਮਨਵਾਉਣੀਆਂ ਸ਼ੁਰੂ ਕਰ ਦਿੱਤੀਆਂ। ਦੇਵਤਿਆਂ ਨੇ ਖੁਸ਼ ਹੋ ਕੇ ਕਿਤੇ-ਕਿਤੇ ਉਨ੍ਹਾਂ ਦੀਆਂ ਆਸਾਂ-ਮੁਰਾਦਾਂ ਤਾਂ ਪੂਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਪਰ ਆਪਣੇ ਅਸਥਾਨ ਛੱਡ ਕੇ ਕਿਤੇ ਹੋਰ ਉੱਚੀ ਜਗ੍ਹਾ 'ਤੇ ਚਲੇ ਗਏ। ਕਦੇ-ਕਦੇ ਮੇਲੇ ਦੇ ਦਿਨਾਂ ਨੂੰ ਫੇਰਾ ਜ਼ਰੂਰ ਮਾਰਦੇ ਹਨ ਤੇ ਸਭ ਦੀਆਂ ਤਾਂ ਨਹੀਂ ਕਿਸੇ ਕਿਸੇ ਦੀਆਂ ਮਨ ਦੀਆਂ ਮੁਰਾਦਾਂ ਪੂਰੀਆਂ ਕਰਦੇ ਹਨ। ਇਸੇ ਵਿਸ਼ਵਾਸ ਨਾਲ ਲੋਕ ਖੁਸ਼ੀ ਖੁਸ਼ੀ ਚੜ੍ਹਾਈਆਂ ਚੜ੍ਹਕੇ ਦੇਵਤੇ ਦੇ ਚਰਨਾਂ ਵਿਚ ਭੇਟਾ ਅਰਪਣ ਕਰਦੇ ਹਨ।



Namdhari Elibrary NamdhariElibrary@gmail.com

ਇਸ ਰੁੱਤ ਦਾ ਇਕ ਵੱਡਾ ਪਹਿਲੂ ਇਹ ਵੀ ਹੈ ਕਿ ਜਦੋਂ ਅਸੀਂ ਇਨ੍ਹਾਂ ਦਿਨਾਂ ਵਿਚ ਕਿਸੇ ਦੂਜੇ ਇਲਾਕੇ ਵਿਚ ਜਾਂਦੇ ਹਾਂ ਤਾਂ ਉਥੇ ਜਾ ਕੇ ਆਬੋ-ਹਵਾ ਬਦਲ ਜਾਂਦੀ ਹੈ ਜਿਸ ਨਾਲ ਬੰਦਾ ਪ੍ਰਸੰਨਚਿੱਤ ਹੋ ਜਾਂਦਾ ਹੈ ਤੇ ਥੋੜ੍ਹੇ ਦਿਨਾਂ ਲਈ ਉਸ ਨੂੰ ਸਕੂਨ (ਸ਼ਾਂਤੀ) ਵੀ ਮਿਲ ਜਾਂਦਾ ਹੈ ਤੇ ਤਰੋ-ਤਾਜ਼ਾ ਹੋ ਕੇ ਵਾਪਸ ਘਰ ਨੂੰ ਮੁੜਦਾ ਹੈ। ਤੇ ਫਿਰ ਕੰਮ ਵਿਚ ਗ੍ਰਸਤ ਹੋ ਜਾਂਦਾ ਹੈ। ਬਸੰਤ ਰੁੱਤ ਵਿਚ ਪਹਾੜਾਂ ਦਾ ਮੌਸਮ ਬਹੁਤ ਹੀ ਸੁਹਾਵਣਾ ਹੋ ਜਾਂਦਾ ਹੈ। ਫੁੱਲਾਂ ਲੱਦੇ ਬਾਗ-ਬਗੀਚੇ ਦੇਖ ਦੇਖ ਕੇ ਮਨ ਉਛਲਣ ਲੱਗ ਪੈਂਦਾ ਹੈ। ਦੂਰ ਪਹਾੜਾਂ ਦੀਆਂ ਚੋਟੀਆਂ ਬਰਫ ਨਾਲ ਢਕੀਆਂ ਨਜ਼ਰ ਆਉਂਦੀਆਂ ਹਨ ਤੇ ਇਧਰ ਹੇਠਾਂ ਸਭ ਪਾਸੇ ਹਰਿਆਲੀ।

ਏਨਾ ਹੀ ਨਹੀਂ--ਵਿਗਿਆਨੀਆਂ ਦੇ ਕਹਿਣ ਮੁਤਾਬਿਕ- ਇਨ੍ਹਾਂ ਦਿਨਾਂ ਵਿਚ ਮਨੁੱਖ ਦੇ ਸਰੀਰ ਅੰਦਰ ਖੂਨ ਦੀ ਪ੍ਰਕਿਰਿਆ ਨਵੇਂ ਸਿਰੇ ਤੋਂ ਸ਼ੁਰੂ ਹੋ ਜਾਂਦੀ ਹੈ ਤੇ ਨਵਾਂ ਖੂਨ ਬਣਨ ਲੱਗ ਪੈਂਦਾ ਹੈ ਜਿਸ ਕਰਕੇ ਹਰ ਮਨੁੱਖ ਆਪਣੇ ਆਪ ਨੂੰ ਤੰਦਰੁਸਤ ਮਹਿਸੂਸ ਕਰਦਾ ਹੈ ਤੇ ਉਸ ਦਾ ਜੀ ਭਰ ਕੇ ਕੰਮ ਕਰਨ ਨੂੰ ਚਿੱਤ ਕਰਦਾ ਹੈ। ਪਿਛਲੇ ਕੁਝ ਕੁ ਦਹਾਕਿਆਂ ਤੋਂ ਬੰਦਾ ਜ਼ਿਆਦਾ ਹੀ ਆਰਾਮ-ਪ੍ਰਸਤ ਹੋ ਗਿਆ ਹੈ, ਜਿਸ ਕਰਕੇ ਉਸ ਦੁਆਲੇ ਬਿਮਾਰੀਆਂ ਨੇ ਘੇਰਾ ਪਾ ਲਿਆ ਹੈ ਤੇ ਹਰ ਬੰਦਾ ਆਪਣੇ ਆਪ ਨੂੰ ਬਿਮਾਰ ਜਿਹਾ ਸਮਝਣ ਲੱਗ ਪਿਆ ਹੈ। ਪੁਰਾਣੇ ਸਮੇਂ ਵਿਚ ਲੋਕ ਸਵੇਰੇ-ਸਵੇਰੇ ਸੈਰ ਕਰਨ ਨੂੰ ਨਿਕਲਦੇ ਸਨ ਇਸ ਕਰਕੇ ਉਨ੍ਹਾਂ ਨੂੰ ਕੋਈ ਬਿਮਾਰੀ ਘੱਟ ਹੀ ਚੰਬੜਦੀ ਸੀ ਤੇ ਖੁਰਾਕਾਂ ਵੀ ਸਾਦੀਆਂ ਹੀ ਖਾਧੀਆਂ ਜਾਂਦੀਆਂ ਸਨ, ਜਿਹੜੀਆਂ ਛੇਤੀ ਹਜ਼ਮ ਹੋ ਜਾਂਦੀਆਂ ਸਨ। ਅੱਜ ਕੱਲ੍ਹ ਫਿਰ ਡਾਕਟਰ, ਲੋਕਾਂ ਨੂੰ ਸੈਰ ਕਰਨ ਦੀ ਸਲਾਹ ਦੇਣ ਲੱਗ ਪਏ ਹਨ ਜਿਸ ਨਾਲ ਬੰਦੇ ਨੂੰ ਬਿਮਾਰੀ ਤੋਂ ਥੋੜ੍ਹੀ ਨਿਜਾਤ ਮਿਲਦੀ ਹੈ। ਅਗਰ ਬਸੰਤ ਬਹਾਰ ਦੇ ਦਿਨਾਂ ਵਿਚ ਸੈਰ ਦੀ ਪ੍ਰਕਿਰਿਆ ਕੁਝ ਤੇਜ਼ ਕਰ ਦਿੱਤੀ ਜਾਵੇ ਤਾਂ, ਸਿਆਣੇ ਕਹਿੰਦੇ ਹਨ, ਬੰਦਾ ਹਰ ਬਿਮਾਰੀ ਨੂੰ ਅਲਵਿਦਾ ਕਹਿ ਸਕਦਾ ਹੈ। ਪਰ ਬੰਦਾ ਕੰਮਾਂ ਵਿਚ ਇਤਨਾ ਗ਼ਲਤਾਨ ਹੋ ਗਿਆ ਹੈ ਕਿ ਬਿਮਾਰੀ ਤੇ ਤਾਂ ਪੈਸੇ ਖਰਚ ਕਰ ਲਊ..... ਪਰ ਸੈਰ ਕਰਨ ਨਾ ਜਾਊ।

ਬਸੰਤ ਦੇ ਨਾਲ ਹੋਰ ਵੀ ਬਹੁਤ ਸਾਰੀਆਂ ਇਤਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ। ਇਸ ਤਰ੍ਹਾਂ ਦੀ ਇਕ ਘਟਨਾ ਵੀਰ ਹਕੀਕਤ ਰਾਏ ਨਾਲ ਵਾਪਰੀ ਸੀ। ਕਹਿੰਦੇ ਹਨ ਜਦੋਂ ਜਿਸ ਜਾਤੀ ਦਾ ਰਾਜ ਹੁੰਦਾ ਹੈ ਉਹ ਆਪਣੇ ਆਪ ਨੂੰ ਅਤੇ ਆਪਣੇ ਧਰਮ ਨੂੰ ਹੀ ਸਰਵ ਉੱਤਮ ਸਮਝਦੀ ਹੈ ਅਤੇ ਉਸ ਨੂੰ ਹੀ ਫੈਲਾਉਣ ਦੀ ਕੋਸ਼ਿਸ਼ ਕਰਦੀ ਹੈ। ੧੭੯੦ ਈ. ਵਿਚ ਮੁਸਲਮਾਨਾਂ ਦਾ ਰਾਜ ਸੀ। ਉਸ ਸਮੇਂ ਵਿਚ ਹੀ ਵੀਰ ਹਕੀਕਤ ਰਾਏ ਦਾ ਜਨਮ ਹੋਇਆ। ਵਿੱਦਿਆ ਗ੍ਰਹਿਣ ਕਰਦੇ ਸਮੇਂ ਉਸ ਦਾ ਮੁਸਲਮਾਨ ਵਿਦਿਆਰਥੀਆਂ ਨਾਲ ਧਰਮ ਦੇ ਮਸਲੇ ਤੇ ਕੁਝ ਵਿਵਾਦ ਹੋ ਗਿਆ। ਜਿਸ ਵਿਚ ਉਨ੍ਹਾਂ ਨੇ ਹਿੰਦੂ ਦੇਵਤਿਆਂ ਦੀ ਨਿੰਦਿਆ ਕੀਤੀ। ਇਹ ਨਿੰਦਾ ਹਕੀਕਤ ਰਾਏ ਕੋਲੋਂ ਬਰਦਾਸ਼ਤ ਨਾ ਹੋਈ, ਉਸ ਨੇ ਵੀ ਉਨ੍ਹਾਂ ਨੂੰ ਕਰਾਰਾ ਜਵਾਬ ਦਿੱਤਾ। ਇਹ ਗੱਲ ਮੁਲਾਣਿਆਂ ਕੋਲ ਪਹੁੰਚੀ ਤਾਂ ਉਨ੍ਹਾਂ ਨੇ ਹਕੀਕਤ ਰਾਏ ਨੂੰ ਆਪਣੀ ਭੁੱਲ ਦੀ ਮਾਫੀ ਮੰਗਣ ਲਈ ਤੇ ਇਸਲਾਮ ਕਬੂਲ ਕਰਨ ਲਈ ਕਿਹਾ। ਵੀਰ ਹਕੀਕਤ ਰਾਏ ਨੇ ਉਨ੍ਹਾਂ ਦੀ ਗੱਲ ਮੰਨਣੋਂ ਇਨਕਾਰ ਕਰ ਦਿੱਤਾ। ਉਸ ਨੇ ਕਿਹਾ ਕਿ "ਮੈਂ ਇਸਲਾਮ ਧਾਰਨ ਨਹੀਂ ਕਰਾਂਗਾ। ਆਪਣੇ ਧਰਮ ਲਈ ਇਕ ਜਾਨ ਤਾਂ ਕੀ ਹਜ਼ਾਰਾਂ ਜਾਨਾਂ ਦੀ ਬਲੀ ਵੀ ਦੇਣੀ ਪਵੇ ਤਾਂ ਮੈਂ ਖੁਸ਼ੀ ਨਾਲ ਦੇ ਦਿਆਂਗਾ।" ਉਹ ਸਭ ਨੂੰ ਆਪਣੀ ਗਰਦਨ ਦਿਖਾਉਂਦਾ ਹੋਇਆ ਇਹੀ ਕਹਿ ਰਿਹਾ ਸੀ-"ਛੇਤੀ ਕਰੋ ਇਸ ਨੂੰ ਕੱਟ ਦਿਓ... ਤੁਹਾਡਾ ਇਸਲਾਮ ਅਧੂਰਾ ਨਾ ਰਹਿ ਜਾਵੇ।"

ਉਸ ਦਿਨ ਬਸੰਤ ਪੰਚਮੀ ਦਾ ਦਿਨ ਸੀ, ਜਦੋਂ ਜੱਲਾਦ ਨੇ ਕਾਜ਼ੀ ਦੇ ਕਹੇ ਮੁਤਾਬਿਕ ਵੀਰ ਹਕੀਕਤ ਰਾਏ ਦਾ ਸਿਰ ਤਲਵਾਰ ਮਾਰ ਕੇ ਧੜ ਨਾਲੋਂ ਅਲੱਗ ਕਰ ਦਿੱਤਾ ਸੀ।

ਧਰਮ ਤੋਂ ਕੁਰਬਾਨ ਹੋਣ ਵਾਲੇ ਵੀਰ ਹਕੀਕਤ ਰਾਏ ਨੂੰ ਦੁਨੀਆਂ ਅੱਜ ਤੱਕ ਯਾਦ ਕਰਦੀ ਹੈ ਅਤੇ ਹਰ ਬਸੰਤ ਵਾਲੇ ਦਿਨ ਉਸ ਦੀ ਸਮਾਧ ਤੇ ਸ਼ਰਧਾ ਦੇ ਫੁੱਲ ਅਰਪਣ ਕੀਤੇ ਜਾਂਦੇ ਹਨ।

ਇਸੇ ਤਰ੍ਹਾਂ ਹੀ ਅੰਗਰੇਜ਼ਾਂ ਦੇ ਰਾਜ ਵੇਲੇ ਵੀ ਹੋਈ ਇਕ ਘਟਨਾ ਸਾਨੂੰ ਹਮੇਸ਼ਾ ਯਾਦ ਰਹਿੰਦੀ ਹੈ, ਉਹ ਇਸ ਤਰ੍ਹਾਂ ਹੈ :

ਮਹਾਨ ਸ਼ਖਸੀਅਤ, ਜਿਸ ਨੇ ਬਸੰਤ ਪੰਚਮੀ ਵਾਲੇ ਦਿਨ ਅੰਗਰੇਜ਼ੀ ਰਾਜ ਦੀ ਸਿਖਰ ਦੁਪਹਿਰ ਸਮੇਂ ਸੰਨ ੧੮੧੬ ਵਿਚ ਅਵਤਾਰ ਧਾਰਿਆ, ਉਹ ਸ਼ਖਸੀਅਤ ਹਨ-ਸਤਿਗੁਰ ਰਾਮ ਸਿੰਘ ਜੀ। ਸਤਿਗੁਰੂ ਰਾਮ ਸਿੰਘ ਉਹ ਪਰਮ ਪੁਰਖ ਸਨ, ਜਿਨ੍ਹਾਂ ਨੇ ਸਿੱਖ ਧਰਮ ਦਾ ਅਤੇ ਗੁਰਬਾਣੀ ਦਾ ਪ੍ਰਚਾਰ ਕਰਕੇ ਸਿੱਖੀ ਨੂੰ ਹੋਰ ਪ੍ਰਫੁੱਲਤ ਕੀਤਾ ਅਤੇ ਇਕ ਨਵਾਂ ਪੰਥ-ਨਾਮਧਾਰੀ ਪੰਥ-ਕਾਇਮ ਕਰਕੇ ਆਪਣਾ ਨਾਮ ਸਾਰੀ ਦੁਨੀਆਂ ਵਿਚ ਉੱਚਾ ਕੀਤਾ। ਉਨ੍ਹਾਂ ਨੇ ਅੰਗਰੇਜ਼ ਸਿਆਸਤ ਦੀ ਡਟ ਕੇ ਵਿਰੋਧਤਾ ਕੀਤੀ। ਅੰਗਰੇਜ਼ ਨੇ ਉਨ੍ਹਾਂ ਨੂੰ ਭਾਰਤ ਵਿਚੋਂ ਚਲੇ ਜਾਣ ਲਈ ਕਿਹਾ। ਉਹ ਅੰਗਰੇਜ਼ ਹਕੂਮਤ ਦੇ ਅਧੀਨ ਨਹੀਂ ਰਹੇ, ਸਗੋਂ ਉਨ੍ਹਾਂ ਨੇ ਆਪਣਾ ਇਕ ਵੱਖਰਾ ਹੀ ਪ੍ਰਬੰਧ ਕਾਇਮ ਕੀਤੀ ਹੋਇਆ ਸੀ। ਉਨ੍ਹਾਂ ਅੰਗਰੇਜ਼ਾਂ ਦੀ ਨਾ-ਫੁਰਮਾਨੀ ਕਰਕੇ 'ਸੰਤ



Namdhari Elibrary NamdhariElibrary@gmail.com

ਖਾਲਸਾ' ਨਾਂਅ ਦੀ ਇਕ ਫੌਜ ਕਾਇਮ ਕੀਤੀ, ਜਿਸਨੇ ਅੰਗਰੇਜ਼ ਹਕੂਮਤ ਦਾ ਨੱਕ ਵਿਚ ਦਮ ਕਰ ਛੱਡਿਆ ਸੀ। ਇਨ੍ਹਾਂ ਦੀ ਹੁਕਮ-ਅਦੂਲੀ ਬਦਲੇ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਦਿੱਤਾ ਤੇ ਬਰ੍ਹਮਾ ਦੇਸ਼ ਵਿਚ ਨਜ਼ਰਬੰਦ ਕਰ ਦਿੱਤਾ।

ਸਤਿਗੁਰੂ ਰਾਮ ਸਿੰਘ ਨੂੰ ਬਸੰਤ ਦਾ ਅਵਤਾਰ ਵੀ ਕਿਹਾ ਜਾਂਦਾ ਹੈ। ਇਸ ਕਰਕੇ ਨਾਮਧਾਰੀਏ ਬਸੰਤ-ਪੁਰਬ ਨੂੰ ਬੜੀ ਸ਼ਰਧਾ ਨਾਲ ਮਨਾਉਂਦੇ ਹਨ ਤੇ ਦੇਸ਼-ਵਿਦੇਸ਼ ਵਿਚ ਸੰਗਤਾਂ ਇਕੱਤਰ ਹੋ ਕੇ ਸਮਾਗਮ ਕਰਦੀਆਂ ਹਨ। ਨਾਮਧਾਰੀ ਗੁਰਦੁਆਰਿਆਂ ਵਿਚ ਆਪਣੇ ਗੁਰੂ ਸਾਹਿਬਾਨ ਦੀ ਉਸਤਤ ਵਿਚ ਕਈ ਸੰਗੀਤਕ ਪ੍ਰੋਗਰਾਮ ਅਤੇ ਦੀਵਾਨ ਲਾਏ ਜਾਂਦੇ ਹਨ। ਇਸੇ ਤਰ੍ਹਾਂ ਦਾ ਹੀ ਇਕ ਸਮਾਗਮ ਜਲੰਧਰ ਦੇ ਸੈਂਟਰਲ ਟਾਊਨ ਗੁਰਦੁਆਰਾ ਨਾਮਧਾਰੀ ਧਰਮਸ਼ਾਲਾ ਵਿਚ ਕਰਵਾਇਆ ਗਿਆ ਸੀ। ਜਿਸ ਵਿਚ ਮਾਸਿਕ ਵਰਿਆਮ ਦੇ ਸੰਪਾਦਕ ਜਗਦੀਸ਼ ਸਿੰਘ ਵਰਿਆਮ ਨੇ ਸਤਿਗੁਰੂ ਰਾਮ ਸਿੰਘ ਬਾਰੇ ਭਾਸ਼ਨ ਦਿੰਦਿਆਂ ਕਿਹਾ ਸੀ :

"ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਪੁਰਬ ਐਸਾ ਹੈ ਜੋ ਇਕੋ ਸਮੇਂ ਖੁਸ਼ੀਆਂ ਦਾ ਵੀ ਸਮਾਂ ਹੁੰਦਾ ਹੈ ਅਤੇ ਵਿਯੋਗ ਦਾ ਵੀ। ਸਤਿਗੁਰੂ ਰਾਮ ਸਿੰਘ ਕਿਸੇ ਰਾਜੇ ਮਹਾਰਾਜੇ ਜਗੀਰਦਾਰ ਦੇ ਘਰ ਪੈਦਾ ਨਹੀਂ ਸਨ ਹੋਏ, ਉਹ ਇਕ ਆਮ ਕਿਰਤੀ ਦੇ ਘਰ ਪੈਦਾ ਹੋਏ ਅਤੇ ਮੱਥਾ ਲਾਇਆ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਹਕੂਮਤ ਨਾਲ। ਅੱਜ ਜਿਹੜੇ ਮਸਲੇ ਸਮਾਜ ਦੇ ਸਾਹਮਣੇ ਹਨ-ਦਾਜ-ਦਹੇਜ ਭਰੂਣ-ਹੱਤਿਆ, ਇਸ ਦਾ ਤੋੜ ਗੁਰੂ ਰਾਮ ਸਿੰਘ ਨੇ ਉਦੋਂ ਹੀ ਸੁਝਾਅ ਦਿੱਤਾ ਸੀ। ਇਕ-ਇਕ ਉਪਚਾਰ, ਸੁਧਾਰ ਸਤਿਗੁਰੂ ਰਾਮ ਸਿੰਘ ਨੂੰ ਸਿਰਮੌਰ ਸਤਿਗੁਰੂ ਸਿੱਧ ਕਰਦਾ ਹੈ। ਅਜੇ ਤੱਕ ਖਾਲਸਾ ਰਾਜ ਸਥਾਪਤ ਕਰਨ ਦੇ ਜੈਕਾਰੇ ਲੱਗ ਰਹੇ ਹਨ, ਪਰ ਸਿੱਖਾਂ ਦੀ ਰਾਜ-ਸ਼ਕਤੀ ਅਤੇ ਸਥਾਪਤ ਧਰਮ ਸ਼ਕਤੀ ਮਦਦ ਉਨ੍ਹਾਂ ਦੀ ਕਰਦੀ ਰਹੀ ਜਿਨ੍ਹਾਂ ਨੇ ਖਾਲਸਾ ਰਾਜ ਖਤਮ ਕੀਤਾ ਅਤੇ ਫਤਵੇ ਗੁਰੂ ਰਾਮ ਸਿੰਘ ਵਿਰੁੱਧ ਦਿੱਤੇ, ਜਿਹੜੇ ਖਾਲਸਾ ਰਾਜ ਦੀ ਪੁਨਰ ਸਥਾਪਤੀ ਲਈ ਲੜ ਰਹੇ ਸਨ। ਸਤਿਗੁਰੂ ਰਾਮ ਸਿੰਘ ਜੀ ਵੱਲੋਂ ਅਰੰਭਿਆ ਸੰਘਰਸ਼ ਅਜੇ ਵੀ ਜਾਰੀ ਹੈ। ਸੰਘਰਸ਼ ਕਦੇ ਖਤਮ ਨਹੀਂ ਹੁੰਦਾ।"

ਇਨ੍ਹਾਂ ਮਹੀਨਿਆਂ ਵਿਚ ਦੇਸ਼ ਦੇ ਕਈ ਹੋਰ ਪ੍ਰਾਂਤਾਂ ਵਿਚ ਵੀ ਤੀਰਥ-ਅਸਥਾਨਾਂ ਤੇ ਮੇਲੇ ਲੱਗਦੇ ਹਨ, ਜਿਨ੍ਹਾਂ ਨੂੰ ਲੋਕ ਬੜੀ ਸ਼ਰਧਾ ਤੇ ਉੱਲਾਸ ਨਾਲ ਮਨਾਉਂਦੇ ਹਨ। ਤੇ ਉਥੇ ਜਾ ਕੇ ਨਦੀਆਂ ਵਿਚ ਇਸ਼ਨਾਨ ਕਰਕੇ ਆਪਣੀ ਜਨਮਾਂ ਜਨਮਾਤਰਾਂ ਦੀ ਮੈਲ ਧੋਂਦੇ ਹਨ ਤੇ ਖੁਸ਼ੀ-ਖੁਸ਼ੀ ਘਰ ਨੂੰ ਵਾਪਸ ਆਉਂਦੇ ਹਨ।

## ਬਸੰਤ ਰੁਤਿ ਆਈ

ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੋ ॥
ਚਰਨ ਕਮਲ ਪਾਗੋ ॥ ਤੁਮ ਮਿਲਹੁ ਪ੍ਰਭ ਸਭਾਗੋ ॥
ਹਰਿ ਚੇਤਿ ਮਨ ਮੇਰੇ ॥ ਰਹਾਉ ॥
ਸਘਨ ਬਾਸੁ ਕੂਲੇ ॥
ਇਕਿ ਰਹੇ ਸੂਕਿ ਕਠੂਲੇ ॥
ਬਸੰਤ ਰੁਤਿ ਆਈ ॥ ਪਰਫੂਲਤਾ ਰਹੇ ॥੧॥
ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥
ਗੁਰ ਮਿਲੇ ਹਰਿ ਪਾਏ ॥ ਜਿਸੁ ਮਸਤਕਿ ਹੈ ਲੇਖਾ ॥
ਮਨ ਰੁਤਿ ਨਾਮ ਰੇ ॥
ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ ॥੨॥੧੮॥

–ਬਸੰਤੁ ਮਹਲਾ ੫ (੧੧੮੫)



Namdhari Elibrary NamdhariElibrary@gmail.com

# ਥਰਾਜਵਾਲੇ ਦੀ ਬਗਾਵਤ

*—ਸੰਤ ਨਿਧਾਨ ਸਿੰਘ ਆਲਮ*

ਫਰਵਰੀ ੧੮੬੯ ਦੇ ਆਖਰੀ ਦਿਨਾਂ ਵਿਚ ਜ਼ਿਲ੍ਹਾ ਫਿਰੋਜ਼ਪੁਰ ਅਤੇ ਹਿਸਾਰ ਦੇ ੪੪ ਕੂਕੇ ਸਿੱਖ ਬਾਬਾ ਮਸਤਾਨ ਸਿੰਘ ਜੀ ਥਰਾਜਵਾਲਾ ਦੀ ਅਗਵਾਈ ਵਿਚ ਪੰਥ ਸੇਵਾ ਦੇ ਉਦੇਸ਼ ਨਾਲ ਸ੍ਰੀ ਭੈਣੀ ਸਾਹਿਬ ਨੂੰ ਜਾ ਰਹੇ ਸਨ। ਜਦ ਉਹ ਪਿੰਡ ਕੁਰਾਈਵਾਲਾ ਜ਼ਿਲ੍ਹਾ ਫਿਰੋਜ਼ਪੁਰ ਵਿਚ ਸਨ ਤਾਂ ਪੁਲਿਸ ਦਾ ਇਕ ਡਿਪਟੀ ਇਨਸਪੈਕਟਰ ਦੀਵਾਨ ਬਖਸ਼ ਇਸ ਮੰਤਵ ਨਾਲ ਉਨ੍ਹਾਂ ਕੋਲ ਭੇਜਿਆ ਗਿਆ, ਕਿ ਉਨ੍ਹਾਂ ਦੇ ਉਦੇਸ਼ ਦਾ ਪਤਾ ਕਰੇ। ਗੱਲਾਂਬਾਤਾਂ ਦੇ ਦੌਰਾਨ ਵਿਚ ਪੁਲਿਸ ਅਫਸਰ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਾਨ ਦੇ ਵਿਰੁੱਧ ਕੁਝ ਅਜਿਹੇ ਸ਼ਬਦ ਕਹੇ, ਜਿਨ੍ਹਾਂ ਨੂੰ ਸਿੱਖ ਸਹਾਰ ਨਾ ਸਕੇ, ਉਨ੍ਹਾਂ ਨੇ ਜੋਸ਼ ਵਿਚ ਆ ਕੇ ਥਾਣੇਦਾਰ ਨੂੰ ਘੋੜੀ ਤੋਂ ਲਾਹ ਲਿਆ ਤੇ ਉਸਦੀ ਤਲਵਾਰ ਖੋਹ ਲਈ। ਉਸ ਨੇ ਦੌੜ ਕੇ ਕੋਲ ਦੇ ਘਰ ਵਿਚ ਪਨਾਹ ਲਈ ਅਤੇ ਮੌਕਾ ਪਾ ਕੇ ਜ਼ਨਾਨਾ ਭੇਸ ਵਿਚ ਨਿਕਲ ਗਿਆ। ਫਿਰੋਜ਼ਪੁਰ, ਜਾ ਕੇ ਉਸਨੇ ਆਪਣੇ ਅਫਸਰਾਂ ਕੋਲ ਰਿਪੋਟ ਕੀਤੀ ਕਿ-

"ਕੂਕਿਆਂ ਦੇ ਇਕ ਜਥੇ ਨੇ ਅੰਗਰੇਜ਼ੀ ਰਾਜ ਮੰਨਣ ਤੋਂ ਨਾਂਹ ਕਰਦਿਆਂ ਹੋਇਆ ਖ਼ਾਲਸਾ ਰਾਜ ਦੇ ਕਾਇਮ ਹੋਣ ਦਾ ਐਲਾਨ ਕਰ ਦਿੱਤਾ ਹੈ।"[1]

ਇਸ ਰਿਪੋਰਟ ਦੇ ਆਧਾਰ ਤੇ ਫਿਰੋਜ਼ਪੁਰ ਦਾ ਡਿਸਟਰਿਕਟ ਸੁਪਰੰਡੰਟ ਪੁਲਿਸ ਮਿਸਟਰ ਟਰਟਨ ਸਮਿਥ ੨੦ ਪੈਦਲ ਅਤੇ ੧੫ ਘੁੜਸਵਾਰ ਪੁਲਿਸ ਦੇ ਸਿਪਾਹੀਆਂ ਨੂੰ ਨਾਲ ਲੈ ਕੇ ਰਾਤੋ ਰਾਤ ਕੁਰਾਈਵਾਲੇ ਨੂੰ ਤੁਰ ਪਿਆ। ਇਹ ਪਾਰਟੀ ੧ ਮਾਰਚ ੧੮੬੯ ਨੂੰ ਰਾਤ ਦੇ ਦੋ ਬਜੇ ਮੁਕਤਸਰ ਪੁਜੀ। ਏਥੇ ਟਰਟਨ ਸਮਿਥ ਨੂੰ ਆਲਮ ਸ਼ਾਹ ਤਸੀਲਦਾਰ ਨੇ ਦੱਸਿਆ ਕਿ, "ਕੂਕੇ ਥਰਾਜਵਾਲੇ ਵਿਚ ਇਕੱਠੇ ਹੋ ਰਹੇ ਹਨ, ਅਤੇ ਉਨ੍ਹਾਂ ਨੇ ਹਵਾਲੇ ਹੋਣ ਤੋਂ ਨਾਂਹ ਕਰ ਦਿੱਤੀ ਹੈ।" ਛੇਕੜ ਇਹ ਲਾਮ ਲਸ਼ਕਰ ਸ਼ਾਮ ਦੇ ੨ ਬਜੇ ਥਰਾਜਵਾਲੇ ਪੁਜਾ। ਉਨ੍ਹਾਂ ਨੇ ਸੋਢੀ ਮਾਨ ਸਿੰਘ ਅਤੇ ਕੁਛ ਹੋਰ ਪਿੰਡ ਵਾਲਿਆਂ ਦੀ ਸਹੈਤਾ ਨਾਲ ਏਨ੍ਹਾਂ ੪੪ ਸਿੱਖਾਂ ਨੂੰ ਗ੍ਰਿਫਤਾਰ ਕਰਕੇ ਫਿਰੋਜ਼ਪੁਰ ਲੈ ਆਂਦਾ, ਜਿਥੇ ਮਿਸਟਰ ਨੌਕਸ ਡਿਪਟੀ ਕਮਿਸ਼ਨਰ ਦੀ ਅਦਾਲਤ ਵਿਚ ਉਨ੍ਹਾਂ ਦੇ ਵਿਰੁੱਧ ਬਗਾਵਤ ਦਾ ਮੁਕੱਦਮਾ ਚਲਾਇਆ ਗਿਆ। ਸ੍ਰਕਾਰ ਦੀ ਹਦੈਤ ਅਨੁਸਾਰ ਇਨ੍ਹਾਂ ਬਾਗੀਆਂ ਨੂੰ ਜੋ ਸਜ਼ਾਈਂ ਦਿੱਤੀਆਂ ਗਈਆਂ ਉਨ੍ਹਾਂ ਨੂੰ ਦੇਖ ਕੇ ਅਚਰਜ ਹੁੰਦਾ ਹੈ। ਜਥੇ ਦੇ ਆਗੂ ਮਸਤਾਨ ਸਿੰਘ ਨੂੰ ੧੮ ਮਹੀਨੇ ਕੈਦ ਤੇ ਪੰਜਾਹ ਰੁਪੈ ਜੁਰਮਾਨੇ ਦਾ ਹੁਕਮ ਹੋਇਆ। ਸਰਮੁਖ ਸਿੰਘ ਤੇ ਹਰਨਾਮ ਸਿੰਘ ਨੂੰ ਇਕ ਇਕ ਸਾਲ ਕੈਦ ਤੇ ਪੰਝੀ ਪੰਝੀ ਜੁਰਮਾਨਾ, ਸਰਮੁਖ ਸਿੰਘ ਫੂਲੇਵਾਲਾ ਨੂੰ ੩ ਮਹੀਨੇ ਕੈਦ ਤੇ ਦਸ ਰੁਪੈ ਜੁਰਮਾਨਾ, ਬਚਿਤ੍ਰ ਸਿੰਘ ਕੁਰਾਈਵਾਲਾ ੬ ਮਹੀਨੇ ਕੈਦ ਅਤੇ ਬੇਲੀ ਸਿੰਘ ਥਰਾਜਵਾਲਾ ਨੂੰ ਕੇਵਲ ੧੦ ਰੁਪੈ ਜੁਰਮਾਨਾ, ਹੇਠਾਂ ਲਿਖੇ ਅਨੁਸਾਰ ੩੭ ਸਿੱਖਾਂ ਨੂੰ ਸਾਫ ਬਰੀ ਕਰ ਦਿੱਤਾ ਗਿਆ-[2]

(੧) ਅਣੋਖ ਸਿੰਘ ਪਿੰਡ ਜੰਡਵਾਲਾ, (੨) ਅਨੂਪ ਸਿੰਘ ਪਿੰਡ ਰੂਪੇਵਾਂਲੇ, (੩) ਬਹਾਦਰ ਸਿੰਘ ਥਰਾਜਵਾਲਾ, (੪) ਬੇਲਾ ਸਿੰਘ ਥਰਾਜਵਾਲਾ, (੫) ਭੂਪ ਸਿੰਘ, (੬) ਭਗਵਾਨ ਸਿੰਘ ਜੰਡਵਾਲਾ, (੭) ਬੁਧ ਸਿੰਘ ਜੰਡਵਾਲਾ, (੮) ਭਗਵਾਨ ਸਿੰਘ ਸੋਆਹਗ, (੯) ਚੰਦਾ ਸਿੰਘ ਸੋਥਾ, (੧੦) ਧਿਆਨ ਸਿੰਘ ਲਥਾਰਵਾਲਾ, (੧੧) ਦਿਆਲ ਸਿੰਘ ਸੂੰਡੇਵਾਲਾ, (੧੨) ਹੀਰਾ ਸਿੰਘ ਫੂਲੇਵਾਲਾ, (੧੩) ਹਰਨਾਮ ਸਿੰਘ ਦੂਹੇਵਾਲ, (੧੪) ਜੈ ਸਿੰਘ ਸੋਥਾ, (੧੫) ਜੈਮਲ ਸਿੰਘ ਖੂਨਣਾਂ, (੧੬) ਜਮੀਤ ਸਿੰਘ ਸੂੰਡਵਾਲਾ, (੧੭) ਜੀਤਾ ਸਿੰਘ ਦੂਹੇਵਾਲ, (੧੮) ਕਾਹਨ ਸਿੰਘ ਜੋਗਾਂ, (੧੯) ਖਜ਼ਾਨ ਸਿੰਘ ਸੋਥਾ, (੨੦) ਖੜਕ ਸਿੰਘ ਸੋਥਾਂ, (੨੧) ਲਾਲ ਸਿੰਘ ਸੋਥਾ, (੨੨) ਮਹਾਂ ਸਿੰਘ ਲਥਾਰਵਾਲਾ, (੨੩) ਮਾਨ ਸਿੰਘ ਸੋਥਾ, (੨੪) ਮਲੂਕ ਸਿੰਘ ਫੂਲੇਵਾਲ, (੨੫) ਨਰੈਣ ਸਿੰਘ ਕੁਰਾਈਵਾਲਾ, (੨੬) ਨੰਦ ਸਿੰਘ ਫੂਲੇਵਾਲਾ, (੨੭) ਨੱਥਾ ਸਿੰਘ ਮਹਾਬੱਧਰ, (੨੮) ਸ਼ੇਰ ਸਿੰਘ ਭੋਲੇਵਾਲਾ, (੨੯) ਸਾਹਿਬ ਸਿੰਘ ਕੁਰਾਈਵਾਲਾ, (੩੦) ਸੋਭਾ ਸਿੰਘ ਸੋਥਾ, (੩੧) ਸੁਹੇਲ ਸਿੰਘ ਔਲਖ ਸਿਰਸਾ, (੩੨), ਸੁਧ ਸਿੰਘ ਜੋਗਾ ਰੱਲਾ, (੩੩) ਤਾਰਾ ਸਿੰਘ ਫੱਕਰਸਰ, (੩੪) ਅਮਰ ਸਿੰਘ ਸੂੰਡੇਵਾਲਾ, (੩੫) ਅਮਰ ਸਿੰਘ ਗੁਰੂਸਰ, (੩੬) ਵੀਰ ਸਿੰਘ ਲਥਾਰਵਾਲਾ ਅਤੇ (੩੭) ਵਜ਼ੀਰ ਸਿੰਘ ਰੁਪਾਣਾ।

ਇਸ ਮੁਕੱਦਮੇ ਤੇ ਇਕ ਸਾਧਾਰਣ ਦ੍ਰਿਸ਼ਟੀ ਪਾਣ ਤੋਂ ਪਿਛੋਂ ਇਹ ਸਪਸ਼ਟ ਹੋ ਜਾਂਦਾ ਹੈ, ਕਿ ਇਨ੍ਹਾਂ ਦੇ ਵਿਰੁੱਧ ਬਗਾਵਤ ਦਾ ਦੋਸ਼ ਸਿਧ ਨਹੀਂ ਹੋ ਸਕਿਆ ਅਤੇ ਜਿਹੜਾ ਰਗੜਾ ਇਨ੍ਹਾਂ ਗਰੀਬਾਂ ਨੂੰ ਲੱਗਾ ਉਸ ਦੀ ਤਹਿ ਵਿਚ ਕੇਵਲ ਥਾਣੇਦਾਰ ਦੀਵਾਨ ਬਖਸ਼ ਦਾ ਰੰਜ ਸੀ। ਇਹ ਸਭ ਕੁਛ ਸਾਬਿਤ ਹੋ ਜਾਣ ਤੇ ਵੀ ਸਿੱਖਾਂ ਦਾ ਹਜ਼ਾਰਾਂ ਰੁਪਯਾਂ ਦਾ ਮਾਲ ਵਾਪਸ ਨਾ ਕੀਤਾ

---

ਫੁਟ ਨੋਟ :

1. ਕੂਕਾ ਰਿਕਾਰਡ ਪੰਨਾ ੮੪

2. ਇਹ ਸਿਖ ਦੇਸ਼ ਸੇਵਾ ਦੇ ਜਜ਼ਬੇ ਹੇਠ ਆਪ ਦਾ ਸਭ ਛਿੱਛਪਤ ਵੇਚ ਕੇ ਨਾਲ ਹੀ ਲੈ ਤੁਰੇ ਸਨ। ਇਸ ਲਈ ਇਨ੍ਹਾ ਕੋਲ ਕਾਫੀ ਨਕਦੀ ਤੇ ਸੋਨੇ ਚਾਂਦੀ ਦੇ ਗਹਿਣੇ ਸਨ, ਜੋ ਸਾਰੇ ਦੇ ਸਾਰੇ ਪੁਲਸ ਨੇ ਆਪਣੇ ਕਬਜ਼ੇ ਵਿਚ ਲੈ ਲਏ। ਪੁਲਸ ਦੀ ਆਪਣੀ ਰਿਪੋਟ ਅਨੁਸਾਰ ਉਹਨਾਂ ਕੋਲੋਂ ਪੰਜ ਹਜਾਰ ਰੁਪਯਾ ਨਕਦ ਤੇ ਬਹੁਤ ਸਾਰਾ ਸੋਨਾ ਚਾਂਦੀ ਲੈ ਕੇ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰ ਦਿੱਤਾ ਗਿਆ।



Namdhari Elibrary NamdhariElibrary@gmail.com

ਗਿਆ, ਇਹ ਬ੍ਰਤਾਨਵੀ ਨਿਆਂ ਦਾ ਇਕ ਅਜਬ ਨਮੂਨਾ ਹੈ।

ਇਸ ਝੂਠੀ ਰਿਪੋਟ ਦਾ ਸਿਰ ਸਦਕਾ ਸਰਕਾਰ ਨੂੰ ਤਾਂ ਇਹ ਲਾਭ ਹੋਇਆ ਕਿ ਹਜ਼ਾਰਾਂ ਰੁਪੈ ਨਕਦ ਅਤੇ ਹਜ਼ਾਰਾਂ ਦਾ ਸੋਨਾ ਚਾਂਦੀ ਉਸਦੇ ਖਜ਼ਾਨੇ ਵਿਚ ਜਮਾਂ ਹੋ ਗਿਆ, ਸੋਢੀ ਮਾਨ ਸਿੰਘ ਨੂੰ ਆਨਰੇਰੀ ਮਜਿਸਟਰੇਟੀ ਮਿਲ ਗਈ, ਅਰ ਪਿੰਡ ਦੇ ਕੁਛ ਲੋਕਾਂ ਨੂੰ ਥੋੜ੍ਹਾ-ਥੋੜ੍ਹ ਰੁਪਯਾ ਇਨਾਮ ਵਜੋਂ ਦਿੱਤਾ ਗਿਆ, ਪਰ ਟਰਟਨ ਸਾਹਿਬ ਅਤੇ ਉਸਦੇ ਲਸ਼ਕਰੀ ਸਿਪਾਹੀ ਤਲੀਆਂ ਮਲਦੇ ਖਾਲੀ ਦੇ ਖਾਲੀ ਹੀ ਰਹਿ ਗਏ।

ਉਪਰੋਕਤ ਘਟਨਾ ਤੋਂ ਸਿੱਧ ਹੁੰਦਾ ਹੈ, ਕਿ ਉਨ੍ਹਾਂ ਦਿਨਾਂ ਵਿਚ ਕੂਕੇ ਬੀਰਾਂ ਨੂੰ ਪੁਲਿਸ ਖਾਹ-ਮਖਾਹ ਤੰਗ ਕਰਿਆ ਕਰਦੀ ਸੀ, ਅਤੇ ਉਨ੍ਹਾਂ ਦੇ ਛੋਟੇ ਛੋਟੇ ਇਕੱਠਾਂ ਤੋਂ ਵੀ ਇਹ ਅਨੁਮਾਨ ਲਾ ਲਿਆ ਜਾਂਦਾ ਸੀ, ਕਿ ਸਰਕਾਰ ਦਾ ਤਖ਼ਤਾ ਉਲਟਾਣ ਵਾਸਤੇ ਹੀ ਇਕੱਤ੍ਰ ਹੋਏ ਹਨ।

*(ਸੰਤ ਨਿਧਾਨ ਸਿੰਘ ਆਲਿਮ ਦੀ ਪੁਸਤਕ "ਜੁਗ ਪਲਟਾਊ ਸਤਿਗੁਰੂ" ਵਿਚੋਂ)*

---

## ਤੀਜੀ ਵਿਸ਼ਵ ਪੰਜਾਬੀ ਕਾਨਫ਼ਰੰਸ ਦੇਸ਼ ਭਗਤ ਹਾਲ ਵਿਚ

ਜਲੰਧਰ, 23 ਜਨਵਰੀ- 'ਦੱਖਣੀ ਏਸ਼ੀਆ ਵਿਚ ਅਮਨ, ਸਦਭਾਵਨਾ, ਸਥਿਰਤਾ ਅਤੇ ਵਿਕਾਸਮੁਖੀ ਵਾਤਾਵਰਣ ਸਿਰਜਣ ਲਈ ਕੌਮਾਂ ਦੇ ਸਵਾਲ ਦਾ ਹੱਲ ਹੋਣੀ ਬੇਹੱਦ ਜ਼ਰੂਰੀ ਹੈ। ਹਰ ਕੌਮ ਨੂੰ ਆਪਣੀ ਜ਼ੁਬਾਨ, ਆਪਣੇ ਸੱਭਿਆਚਾਰ ਅਤੇ ਆਪਣੇ ਦਰਸ਼ਨ ਮੁਤਾਬਿਕ ਵਿਕਾਸ ਕਰਨ ਦੇ ਮੌਕੇ ਮਿਲਣੇ ਚਾਹੀਦੇ ਹਨ। ਹਰ ਕੌਮ ਦੀ ਪਛਾਣ ਕਾਇਮ ਰਹਿਣੀ ਚਾਹੀਦੀ ਹੈ। ਭਾਰਤ ਅਤੇ ਪਾਕਿਸਤਾਨ ਅੰਦਰਲੇ ਬਹੁਤੇ ਟਕਰਾਵਾਂ ਤੇ ਤਣਾਵਾਂ ਦਾ ਕਾਰਨ ਵੀ ਕੌਮੀ ਸਵਾਲ ਨੂੰ ਠੀਕ ਤਰ੍ਹਾਂ ਸੁਲਝਾਇਆ ਨਾ ਜਾਣਾ ਹੈ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਇਥੇ ਸਾਊਥ ਏਸ਼ੀਅਨ ਰਿਵਿਊ ਮੈਗਜ਼ੀਨ ਦੇ ਸੰਪਾਦਕ ਸ੍ਰੀ ਸੁੱਚਾ ਸਿੰਘ ਦੀਪਕ ਅਤੇ ਸਹਾਇਕ ਸੰਪਾਦਕ ਸ੍ਰੀ ਭੁਪਿੰਦਰ ਸਿੰਘ ਮੱਲ੍ਹੀ ਨੇ ਇਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਉਪਰੋਕਤ ਬੁੱਧੀਜੀਵੀਆਂ ਨੇ ਆਪਣੇ ਦ੍ਰਿਸ਼ਟੀਕੋਣ ਨੂੰ ਹੋਰ ਸਪੱਸ਼ਟ ਕਰਦਿਆਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੀ ਵੰਡ ਭਾਵੇਂ ੧੯੪੭ ਵਿਚ ਧਰਮ ਦੇ ਅਧਾਰ 'ਤੇ ਹੋਈ ਸੀ ਪਰ ਇਸ ਵੰਡ ਦੇ ਬਾਵਜੂਦ ਦੋਵੇਂ ਦੇਸ਼ ਅੱਜ ਵੀ ਬਹੁਕੌਮੀ ਦੇਸ਼ ਹਨ ਅਤੇ ਦੋਵਾਂ ਦੇਸ਼ਾਂ ਦੇ ਅੰਦਰ ਵਸਦੀਆਂ ਕੌਮਾਂ ਦਾ ਬਹੁਤ ਸਾਰੇ ਮਸਲੇ ਅਜੇ ਸੁਲਝਾਏ ਜਾਣੇ ਬਾਕੀ ਹਨ। ਇਹ ਪੁੱਛਣ 'ਤੇ ਕਿ ਉਨ੍ਹਾਂ ਦਾ ਕੌਮਾਂ ਤੋਂ ਕੀ ਭਾਵ ਹੈ, ਤਾਂ ਉਪਰੋਕਤ ਬੁੱਧੀਜੀਵਆਂ ਨੇ ਕਿਹਾ ਕਿ ਭਾਰਤ ਵਿਚ ਪੰਜਾਬੀ, ਬੰਗਾਲੀ, ਮਰਾਠੀ, ਗੁਜਰਾਤੀ, ਮਲਿਆਲਮ, ਤਾਮਿਲ, ਕੰਨੜ, ਅਸਾਮੀ, ਉੜੀਆ, ਕਸ਼ਮੀਰੀ ਅਤੇ ਹੋਰ ਅਨੇਕਾਂ ਭਾਸ਼ਾਵਾਂ ਦੇ ਅਧਾਰ 'ਤੇ ਬਣੇ ਰਾਜ ਵੱਖ-ਵੱਖ ਕੌਮਾਂ ਦੇ ਘਰ ਹਨ ਅਤੇ ਇਸੇ ਤਰ੍ਹਾਂ ਪਾਕਿਸਤਾਨ ਵਿਚ ਪੰਜਾਬੀ, ਸਿੰਧੀ, ਪਸ਼ਤੋ ਤੇ ਬਲੋਚੀ ਆਦਿ ਜ਼ੁਬਾਨਾਂ ਦੇ ਅਧਾਰ 'ਤੇ ਬਣੇ ਰਾਜ ਉਥੇ ਵਸਦੀਆਂ ਕੌਮਾਂ ਦੇ ਘਰ ਹਨ। ਇਸੇ ਅਧਾਰ 'ਤੇ ਭਾਰਤ ਅਤੇ ਪਾਕਿਸਤਾਨ ਬਹੁਕੌਮੀ ਦੇਸ਼ ਹਨ।

ਸ੍ਰੀ ਸੁੱਚਾ ਸਿੰਘ ਦੀਪਕ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਅਦਾਰੇ ਵੱਲੋਂ ਪੂਰੀ ਸਫ਼ਲਤਾ ਨਾਲ ਦੋ ਕਾਨਫ਼ਰੰਸਾਂ ਪ੍ਰਿੰਸ ਜਾਰਜ (ਕੈਨੇਡਾ) ਵਿਖੇ ਅਗਸਤ ੨੦੦੦ ਅਤੇ ਜੂਨ ੨੦੦੩ ਵਿਚ ਕਰਵਾਈਆਂ ਗਈਆਂ ਹਨ। ਅਜੋਕੇ ਸੰਸਾਰੀਕਰਨ, ਨਿੱਜੀਕਰਨ ਅਤੇ ਸੂਚਨਾ ਕ੍ਰਾਂਤੀ 'ਤੇ ਅਧਾਰਤ ੨੧ਵੀਂ ਸਦੀ ਵਿਚ ਕੌਮਾਂ ਦੇ ਭਵਿੱਖ ਸਬੰਧੀ ਚਰਚਾ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਤਕਨੀਕੀ ਵਿਕਾਸ ਨੇ ਬਹੁਤ ਸਾਰੇ ਪੱਖਾਂ ਤੋਂ ਮਨੁੱਖ ਦੀ ਜ਼ਿੰਦਗੀ ਬਿਹਤਰ ਬਣਾਈ ਹੈ, ਪਰ ਬਹੁਤ ਸਾਰੇ ਮਸਲੇ ਵੀ ਪੈਦਾ ਕੀਤੇ ਹਨ। ਖ਼ਾਸ ਕਰਕੇ ਸੂਚਨਾ ਕ੍ਰਾਂਤੀ ਨੇ ਵੱਡੀਆਂ ਤੇ ਸਮਰੱਥ ਕੌਮਾਂ ਨੂੰ ਛੋਟੀਆਂ ਕੌਮਾਂ 'ਤੇ ਆਪਣਾ ਰਾਜਨੀਤਕ, ਆਰਥਿਕ, ਸੱਭਿਆਚਾਰਕ ਅਤੇ ਭਾਸ਼ਾਈ ਗਲਬਾ ਵਧਾਉਣ ਦੇ ਸਮਰੱਥ ਬਣਾ ਦਿੱਤਾ ਹੈ। ਇਸ ਚੁਣੌਤੀ ਦਾ ਸਾਹਮਣਾ ਛੋਟੀਆਂ ਕੌਮਾਂ ਨੂੰ ਆਪਣਾ ਆਰਥਿਕ ਵਿਕਾਸ ਤੇਜ਼ ਕਰਨ ਦੇ ਨਾਲ-ਨਾਲ ਕੌਮੀ ਚੇਤਨਾ ਨਾਲ ਭਰਪੂਰ ਹੋ ਕੇ ਆਪਣੇ ਸੱਭਿਆਚਾਰਕ ਅਤੇ ਭਾਸ਼ਾਈ ਵਿਕਾਸ ਨੂੰ ਯਕੀਨੀ ਬਣਾ ਕੇ ਹੀ ਕਰਨਾ ਪਵੇਗਾ।

ਸ੍ਰੀ ਸੁੱਚਾ ਸਿੰਘ ਦੀਪਕ ਅਤੇ ਸ੍ਰੀ ਭੁਪਿੰਦਰ ਸਿੰਘ ਮੱਲ੍ਹੀ ਨੇ ਦੱਸਿਆ ਕਿ ਉਪਰੋਕਤ ਵਿਸ਼ਵ ਦ੍ਰਿਸ਼ਟੀਕੋਣ ਦੇ ਸੰਦਰਭ ਵਿਚ 'ਇੱਕੀਵੀਂ ਸਦੀ ਵਿਚ ਕੌਮਾਂ ਦੇ ਭਵਿੱਖ, ਪੰਜਾਬੀ ਕੌਮ, ਪੰਜਾਬੀ ਬੋਲੀ ਤੇ ਪੰਜਾਬੀ ਦਰਸ਼ਨ' ਦੇ ਵਿਸ਼ੇ 'ਤੇ ਵਿਚਾਰ ਕਰਨ ਲਈ ਅਦਾਰਾ ਸਾਊਥ ਏਸ਼ੀਅਨ ਰਿਵਿਊ ਵੱਲੋਂ ਭਰਾਤਰੀ ਜਥੇਬੰਦੀਆਂ ਪੰਜਾਬੀ ਸੱਥ ਲਾਂਬੜਾ, ਕੇਂਦਰੀ ਲੇਖਕ ਸਭਾ ਜਲੰਧਰ, ਪੰਜਾਬ ਜਾਗ੍ਰਿਤੀ ਮੰਚ ਜਲੰਧਰ, ਫੋਕਲੋਰ ਅਕੈਡਮੀ ਅੰਮ੍ਰਿਤਸਰ, ਪੰਜਾਬੀ ਭਾਸ਼ਾ ਅਕਾਦਮੀ ਜਲੰਧਰ, ਸਰਘੀ ਕਲਾ ਕੇਂਦਰ ਚੰਡੀਗੜ੍ਹ, ਪੰਜਾਬੀ ਲਿਖਾਰੀ ਸਭਾ ਲੁਧਿਆਣਾ, ਆਲਮੀ ਵਿਰਾਸਤ ਫਾਊਂਡੇਸ਼ਨ ਅੰਮ੍ਰਿਤਸਰ, ਅਦਾਰਾ 'ਦੇਸ ਪੰਜਾਬ' ਅਤੇ ਹੋਰਨਾਂ ਜਥੇਬੰਦੀਆਂ ਦੇ ਸਹਿਯੋਗ ਨਾਲ ਤੀਜੀ ਵਿਸ਼ਵ ਪੰਜਾਬੀ ਕਾਨਫ਼ਰੰਸ ੧੫, ੧੬, ੧੭, ੧੮ ਫਰਵਰੀ ੨੦੦੭ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕਰਵਾਈ ਜਾ ਰਹੀ ਹੈ। ਅਦਾਰਾ ਸਾਊਥ ਏਸ਼ੀਅਨ ਰੀਵੀਊ ਵੱਲੋਂ ਵਿਸ਼ਵ ਭਰ ਤੋਂ ਪੰਜਾਬੀ ਲੇਖਕਾਂ, ਕਲਾਕਾਰਾਂ, ਪੱਤਰਕਾਰਾਂ, ਬੁੱਧੀਜੀਵੀਆਂ ਅਤੇ ਚਿੰਤਕਾਂ ਨੂੰ ਵੱਧ ਚੜ੍ਹ ਕੇ ਇਸ ਵਿਚ ਸ਼ਿਰਕਤ ਕਰਨ ਲਈ ਸੱਦਾ ਦਿੱਤਾ ਗਿਆ ਹੈ। ਸ੍ਰੀ ਭੁਪਿੰਦਰ ਸਿੰਘ ਮੱਲ੍ਹੀ ਨੇ ਦੱਸਿਆ ਕਿ ਇਸ ਵਾਰ 27 ਦੇ ਲਗਭਗ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਲੇਖਕਾਂ, ਕਲਾਕਾਰਾਂ, ਪੱਤਰਕਾਰਾਂ ਅਤੇ ਬੁੱਧੀਜੀਵੀਆਂ ਨੂੰ ਵੀ ਸੱਦਾ-ਪੱਤਰ ਭੇਜੇ ਗਏ ਹਨ। ਕਨੇਡਾ ਵਿਚ ਹੋਈਆਂ ਕਾਨਫ਼ਰੰਸਾਂ ਵਿਚ ਵੀ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਬੁੱਧੀਜੀਵੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਸੀ।



Namdhari Elibrary NamdhariElibrary@gmail.com

# TOP TRAK

**New Generation Bikes**

**with more than**

**50 models for All Ages**



**Partap Engineers**

H.O. : Bhagwan Chowk, Ludhiana-141 003, **Tel. :** 91-161-2540209, 2533276 **Fax :** 91-161-2533273

**E-mail :** gspartap @ glide.net.in, **Website :** www.partapexports.com

**Works :** g.T.Road, Jugiana, Ludhiana (Punjab), **Ph. :** 0161-2512373, 3243229

TOP TRACK


Namdhari Elibrary NamdhariElibrary@gmail.com

# ਇਕ ਵਿਦਵਾਨ ਨੂੰ ਪ੍ਰਣਾਮ

—*ਸੁਭਾਸ਼ ਪਰਿਹਾਰ*

ਪ੍ਰੋਫੈਸਰ ਗੁਲਵੰਤ ਸਿੰਘ ੭ ਦਸੰਬਰ ੨੦੦੦ ਨੂੰ ਪੂਰੇ ਹੋ ਗਏ। ਗੁਲਵੰਤ ਸਿੰਘ, ਫਾਰਸੀ ਅਤੇ ਪੰਜਾਬੀ ਭਾਸ਼ਾ ਦੇ ਮਹਾਨ ਵਿਦਵਾਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਭ ਤੋਂ ਕੱਦਾਵਾਰ ਸ਼ਖ਼ਸੀਅਤਾਂ ਵਿਚੋਂ ਇਕ, ਅਧਿਆਪਕਾਂ ਦੀ ਲੁਪਤ ਹੋ ਰਹੀ ਉਸ ਨਸਲ ਵਿਚੋਂ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਗਿਆਨ ਨੂੰ ਸਮਰਪਿਤ ਕੀਤਾ। ਗਿਆਨ, ਕਿਸੇ ਉਚੇ ਅਹੁਦੇ ਦੀ ਪ੍ਰਾਪਤੀ ਲਈ ਨਹੀਂ, ਕਿਸੇ ਹੋਰ ਦੁਨਿਆਵੀ ਲਾਭ ਲਈ ਨਹੀਂ, ਬਸ ਬੌਧਿਕ ਭੁੱਖ ਲਈ, ਮਾਨਸਿਕ ਅਨੰਦ ਲਈ। ਘਰ ਪਰਿਵਾਰ ਬਣਾਉਣ, ਵਸਾਉਣ ਦੇ ਚੱਕਰ ਵਿਚ ਉਹ ਪਏ ਹੀ ਨਹੀਂ।

ਉਹਨਾਂ ਦੀ ਵਿਦਵਤਾ ਨੂੰ ਮਾਨ-ਸਨਮਾਨ ਵੀ ਮਿਲਿਆ। ੧੯੯੦ ਵਿਚ ਰਾਸ਼ਟਰਪਤੀ ਵਲੋਂ ਸਰਟੀਫਿਕੇਟ ਆਫ ਆਨਰ, ੧੯੯੯ ਵਿਚ ਸਰਬ-ਭਾਰਤੀ ਫਾਰਸੀ ਭਾਸ਼ਾ ਦੇ ਅਧਿਆਪਕਾਂ ਦੀ ਸਭਾ ਵਲੋਂ 'ਬਾਬਾ-ਇ-ਫਾਰਸੀ' ਦਾ ਖਿਤਾਬ ਅਤੇ ਪੰਜਾਬੀ ਯੂਨੀਵਰਸਿਟੀ ਵਲੋਂ ਸ਼ਹਸਰਾਬਦੀ ਸਨਮਾਨ। ਅਤੇ ਇਸ ਸਭ ਤੋਂ ਉਪਰ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਅਸੀਮ ਪਿਆਰ ਅਤੇ ਸਤਿਕਾਰ।

ਉਹ ਸਹਿਜੇ ਸਹਿਜੇ ਤੁਰਦੇ। ਸਹਿਜੇ ਸਹਿਜੇ ਬੋਲਦੇ। ਲੱਗਦਾ ਉਨ੍ਹਾਂ ਨੂੰ ਕਿਸੇ ਚੀਜ਼ ਦੀ ਕੋਈ ਕਾਹਲ ਹੀ ਨਹੀਂ। ਉਹਨਾਂ ਦੀਆਂ ਵਿਦਵਤਾਪੂਰਣ ਗੱਲਾਂ ਸ੍ਰੋਤੇ ਨੂੰ ਘੰਟਿਆਂ ਬੰਨ੍ਹੀ ਰੱਖਦੀਆਂ। ਕਲਾਸਕੀ ਸੰਸਕ੍ਰਿਤ ਅਤੇ ਫਾਰਸੀ ਸਾਹਿਤ ਪਰੰਪਰਾ ਵਿਚ ਉਹ ਆਪਣੀਆਂ ਗੱਲਾਂ ਵਿਚ ਛੋਟੀਆਂ-ਛੋਟੀਆਂ ਕਹਾਣੀਆਂ, ਹਲਕੇ-ਫੁਲਕੇ ਲਤੀਫੇ ਜੜਦੇ ਰਹਿੰਦੇ। ਉਹਨਾਂ ਕੋਲੋਂ ਉਠਣ ਤੋਂ ਬਾਅਦ ਸ੍ਰੋਤਾਂ ਆਪਣੇ ਆਪ ਨੂੰ ਭਰਿਆ-ਭਰਿਆ ਮਹਿਸੂਸ ਕਰਦਾ।

ਉਹਨਾਂ ਦੀ ਜੀਵਨ-ਸ਼ੈਲੀ ਬਾਰੇ ਅਨੇਕਾਂ ਗੱਲਾਂ ਪ੍ਰਚਲਿਤ ਸਨ। ਉਹਨਾਂ ਦਾ ਹਰ ਸ਼ਰਧਾਲੂ ਦੋ-ਚਾਰ ਗੱਲਾਂ ਸੁਣਾ ਸਕਦਾ ਹੈ। ਮਸਲਨ, ਕਿਹਾ ਜਾਂਦਾ ਹੈ ਕਿ ਉਹ ਘਰੋਂ ਬਾਹਰ ਜਾਣ ਲੱਗੇ ਘਰ ਨੂੰ ਜਿੰਦਰਾ ਨਹੀਂ ਸਨ ਲਾਉਂਦੇ। ਇਕ ਵਾਰ ਕਿਸੇ ਨੇ ਇਸ ਦਾ ਕਾਰਣ ਪੁੱਛਿਆ ਤਾਂ ਉਹਨਾਂ ਨੇ ਕਿਹਾ, "ਇਸ ਘਰ ਵਿਚ ਸਭ ਤੋਂ ਕੀਮਤੀ ਚੀਜ਼ ਗੁਲਵੰਤ ਸਿੰਘ ਹੀ ਹੈ, ਜਦ ਉਹੀ ਘਰ ਨਹੀਂ ਹੈ ਤਾਂ ਕੋਈ ਘਰ 'ਚੋਂ ਹੋਰ ਕੀ ਲੈ ਜਾਵੇਗਾ।" ਮੈਂ ਇਕ ਵਾਰ ਉਹਨਾਂ ਕੋਲ ਇਹ ਗੱਲ ਕੀਤੀ ਤਾਂ ਉਹ ਹੱਸ ਕੇ ਕਹਿਣ ਲੱਗੇ, "ਉਹ ਤਾਂ ਦਰਅਸਲ ਹੋਇਆ ਇਹ ਕਿ ਮੇਰਾ ਇਥੇ ਇਕ ਸੀਗਾ ਦੋਸਤ। ਉਹ ਇਕ ਦਿਨ ਆਇਆ। ਉਹਦੇ ਨਾਲ ਗੱਲਾਂ ਕਰਦੇ ਕਰਦੇ ਮੈਂ ਦੱਸਿਆ ਕਿ ਗ਼ਨੀ ਇਕ ਪੋਇਟ ਹੋਇਆ ਐ। ਉਹ ਜਦੋਂ ਘਰ ਬਾਹਰ ਜਾਂਦਾ ਸੀ ਤਾਂ ਦਰਵਾਜ਼ਾ ਖੁੱਲ੍ਹਾ ਛੱਡ ਜਾਂਦਾ ਸੀ, ਜਦੋਂ ਬੈਠਦਾ ਸੀ ਜਿੰਦਾ ਲਾ ਲੈਂਦਾ ਸੀ। ਲੋਕਾਂ ਨੇ ਪੁੱਛਿਆ ਬਈ ਇਹ ਕੀ ਗੱਲ ਐ? ਉਹ ਕਹਿੰਦਾ- 'ਜਿੰਦਰਾ ਲਾਈਦਾ ਐ, ਜਦ ਕੋਈ ਮੁੱਲਵਾਨ ਚੀਜ਼ ਹੋਵੇ। ਜਦੋਂ ਮੈਂ ਬੈਠਦਾ ਐਂ ਤਦ ਤਾਂ ਮੁੱਲਵਾਨ ਚੀਜ਼ ਹੈ। ਜਦੋਂ ਮੈਂ ਨਹੀਂ ਤਾਂ ਇਹ, ਦਿਸ ਇਜ਼ ਏ ਡੇਸੋਲੇਸ ਪਲੇਸ।' ਇਹ ਮੈਂ ਸੁਣਾਈ ਉਹਨੂੰ। ਉਹਨੇ ਉਹ ਮੇਰੇ ਨਾਂ ਨਾਲ ਲਾ ਦਿੱਤੀ..... ਸ਼ਾਇਰ ਇਕਬਾਲ ਨੇ *ਪਯਾਮ-ਏ ਮਸ਼ਰਿਕ* ਵਿਚ ਲਿਖੀ ਐ ਇਹ ਪੋਇਮ.... ਗ਼ਨੀ ਏ ਸੁਖਨਗੋਏ ਬੁਲਬੁਲ ਸਫੀਰ, ਨਵਾਸਿੰਦੇ ਕਸ਼ਮੀਰੇ ਮੈਮੂਨੇ ਯਾਰ, ਤੂ ਅੰਦਰ ਸਰਾਬੂਦ ਦਰ ਬੰਦ ਦਾਸ਼ਤ, ਜਦੋਂ ਅੰਦਰ ਹੁੰਦਾ ਸੀ ਦਰਵਾਜ਼ਾ ਬੰਦ ਕਰ ਲੈਂਦਾ ਸੀ, ਸੋ ਉਸਨੂੰ ਪੁਛਿਆ ਗਿਆ- 'ਇਹ ਤੇਰਾ ਕੀ ਐ?' ਤੇ ਉਹਨੇ ਜਵਾਬ ਦਿੱਤਾ "ਗ਼ਨੀ ਤਾ ਨਸ਼ੀਨੇ ਬਕਾਸ਼ਾਨਾਸ਼, ਇਹ ਬੜੀ ਮੁੱਲਵਾਨ ਚੀਜ਼ ਹੈ ਜੇ ਉਹ ਚਲਿਆ ਜਾਵੇ ਤਾਂ ਐਦੂੰ *ਡੇਜ਼ਰਟਿਡ ਪਲੇਸ* ਹੋਰ ਕੋਈ ਨਹੀਂ।"

ਮੈਨੂੰ ਪ੍ਰੋਫੈਸਰ ਗੁਲਵੰਤ ਸਿੰਘ ਹੋਰਾਂ ਨਾਲ ਮੁਲਾਕਾਤ ਕਰਨ ਦਾ ਕਈ ਵਾਰ ਸੁਭਾਗ ਮਿਲਿਆ। ਜਦ ਵੀ ਮਿਲਦਾ, ਸਤਿਕਾਰ ਨਾਲ ਸਿਰ ਚਰਣਾਂ ਵੱਲ ਝੁਕ ਜਾਂਦਾ, ਉਹ ਮੈਨੂੰ ਸੀਨੇ ਨਾਲ ਲਾ ਲੈਂਦੇ। ਉਹਨਾਂ ਬਾਰੇ ਇਕ ਲੇਖ ਲਿਖਣ ਦਾ ਮਨ ਬਣਾਇਆ। ਅਕਤੂਬਰ (੨੦੦੦) ਮਹੀਨੇ ਦੇ ਸ਼ੁਰੂ ਵਿਚ ਉਹਨਾਂ ਨਾਲ ਬੈਠ ਕੇ ਗੱਲਬਾਤ ਰਿਕਾਰਡ ਕੀਤੀ। ਪਰ ਕੁਝ ਹੋਰ ਰੁਝੇਵਿਆਂ ਕਾਰਣ ਲੇਖ ਪੂਰਾ ਨਾ ਕਰ ਸਕਿਆ। ਕੋਈ ਕਾਹਲ ਵੀ ਨਹੀਂ ਸੀ। ਕਿਤੇ ਖਾਬੋਖਿਆਲ ਵਿਚ ਵੀ ਨਹੀਂ ਸੀ ਕਿ ਉਹ ਇਨੀ ਛੇਤੀ ਵਿੱਛੜ ਜਾਣਗੇ। ਸਮੇਂ ਸਿਰ ਨਾ ਲਿਖਣ ਸਕਣ ਦਾ ਪਛਤਾਵਾ ਉਮਰ ਭਰ ਰਹੇਗਾ।

ਪ੍ਰੋਫੈਸਰ ਸਾਹਿਬ ਨੇ ਲਗਭਗ ੮੦ ਵਰ੍ਹਿਆਂ ਦਾ ਜੀਵਨ ਭੋਗਿਆ। ਉਹਨਾਂ ਦਾ ਜੀਵਨ ਇਕ ਸਾਧਾਰਣ ਪੇਂਡੂ ਬੱਚੇ ਤੋਂ ਸਿਰਫ ਆਪਣੀ ਯੋਗਤਾ ਦੇ ਸਿਰ 'ਤੇ ਵਿਦਵਤਾ ਦੀਆਂ ਉਚਾਈਆਂ ਛੋਹਣ ਦੀ ਕਹਾਣੀ ਹੈ। ਉਹਨਾਂ ਦਾ ਜਨਮ ੧੯੨੦ ਦੇ ਆਸਪਾਸ ਜ਼ਿਲ੍ਹਾ ਮੋਗਾ ਦੇ ਪਿੰਡ ਦੌਲਤਪੁਰਾ ਨੀਵਾਂ ਵਿਖੇ ਹੋਇਆ। ਪਰਿਵਾਰ ਗਰੀਬ ਸੀ। ਪਰ ਉਹਨਾਂ ਨੇ ਆਪਣੀ ਸਕੂਲ ਪੜ੍ਹਾਈ ਵਜੀਫਾ ਲੈ ਕੇ ਪੂਰੀ ਕੀਤੀ।

ਆਪਣੇ ਫਾਰਸੀ ਵੱਲ ਰੁਝਾਨ ਦੀ ਸ਼ੁਰੂਅਤ ਬਾਰੇ ਉਹਨਾਂ ਦੱਸਿਆ, "ਮੇਰੇ ਦਾਦਾ ਜੀ ਦਾ ਇਕ ਦੋਸਤ ਅਕਸਰ ਕਿਹਾ ਕਰਦਾ ਸੀ 'ਬਾਈ, ਫਾਰਸੀ ਤੋਂ ਬਿਨਾਂ ਪੜ੍ਹਾਈ ਕੁਸ ਨੀ।' ਉਸ ਨੇ ਇਹ ਗੱਲ ਇਨੀ ਵੇਰ ਦੁਹਰਾਈ ਕਿ ਮੇਰੇ ਦਿਲੋਦਿਮਾਗ ਵਿਚ ਬੈਠ ਗਈ। ਛੇਤੀ ਹੀ ਮੈਂ ਕਲਾਸਕੀ ਫਾਰਸੀ ਸ਼ਾਇਰ ਸ਼ੇਖ ਸਾਦੀ ਦੀਆਂ ਕਿਤਾਬਾਂ ਆਪਣੇ ਇਕ ਦੋਸਤ ਦੇ ਪਿਤਾ ਤੋਂ ਲੈ ਕੇ ਪੜ੍ਹ ਲਈਆਂ। ਮੈਂ ਸਚਮੁਚ ਬਹੁਤ ਪ੍ਰਭਾਵਿਤ ਹੋਇਆ। ਇੱਥੋਂ ਹੀ ਫਾਰਸੀ ਨਾਲ ਮੇਰੇ ਲਗਾਅ ਦਾ ਮੁੱਢ ਬੱਝਾ।" ਆਖਿਰ ਲਾਹੌਰ ਤੋਂ ਉਹਨਾਂ ਫਾਰਸੀ ਦੀ ਐਮ. ਏ. ੬੫ ਫੀਸਦੀ ਤੋਂ ਵੀ ਵੱਧ ਨੰਬਰ ਲੈ ਕੇ ਪਾਸ ਕਰ ਲਈ।



Namdhari Elibrary NamdhariElibrary@gmail.com

ਸਭ ਤੋਂ ਪਹਿਲਾਂ ਉਹ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਫਾਰਸੀ ਦੇ ਅਧਿਆਪਕ ਨਿਯੁਕਤ ਹੋਏ। ਪਰ ਮੁਲਕ ਦੀ ਵੰਡ ਤੋਂ ਬਾਅਦ ਫਾਰਸੀ ਦੇ ਵਿਦਿਆਰਥੀਆਂ ਦੀ ਗਿਣਤੀ ਘਟਣ ਲੱਗੀ। ਪੰਜਾਬੀ ਰੈਗੂਲਰ ਵਿਸ਼ੇ ਵਜੋਂ ਪੜ੍ਹਾਈ ਜਾਣੀ ਸ਼ੁਰੂ ਹੋ ਜਾਣੀ ਸੀ। ਇਸ ਬਾਰੇ ਵੀ ਵਿਚਾਰ ਕੀਤਾ ਗਿਆ ਕਿ ਕਾਲਜਾਂ ਵਿਚ ਪੰਜਾਬੀ ਪੜ੍ਹਾਉਣ ਲਈ ਅਧਿਆਪਕ ਦੀ ਯੋਗਤਾ ਕੀ ਮਿੱਥੀ ਜਾਵੇ। ਫੈਸਲਾ ਇਹ ਹੋਇਆ ਕਿ ਇਸ ਲਈ ਕਿਸੇ ਵੀ ਭਾਸ਼ਾ ਦੀ ਐਮ. ਏ. ਦੇ ਨਾਲ-ਨਾਲ ਗਿਆਨੀ ਪਾਸ ਨੂੰ ਇਸ ਸ਼ਰਤ 'ਤੇ ਪੜ੍ਹਾਉਣ ਲਈ ਨਿਯੁੰਕਤ ਕੀਤਾ ਜਾਵੇ ਕਿ ਉਹ ਤਿੰਨ ਸਾਲਾਂ ਦੇ ਵਿਚ ਐਮ. ਏ. ਪੰਜਾਬੀ ਵੀ ਪਾਸ ਕਰ ਲਵੇ। ਗੁਲਵੰਤ ਸਿੰਘ ਹੋਰਾਂ ਨੇ ਮੌਕੇ ਦਾ ਫਾਇਦਾ ਉਠਾਇਆ ਅਤੇ ਗਿਆਨੀ ਅਤੇ ਐਮ. ਏ. ਪੰਜਾਬੀ ਚੰਗੇ ਨੰਬਰਾਂ ਨਾਲ ਪਾਸ ਕਰ ਲਈ।

ਜਦ ਪ੍ਰੋਫੈਸਰ ਤੇਜਾ ਸਿੰਘ ਸਰਕਾਰੀ ਮਹਿੰਦਰਾ ਕਾਲਜ ਪਟਿਆਲ ਦੇ ਪ੍ਰਿੰਸੀਪਲ ਨਿਯੁਕਤ ਹੋਏ ਤਾਂ ਉਹਨਾਂ ਨੇ ਕਾਲਜ ਵਿਚ ਐਮ. ਏ. ਪੰਜਾਬੀ ਸ਼ੁਰੂ ਕਰਨ ਦਾ ਮਨ ਬਣਾਇਆ। ਗੁਲਵੰਤ ਸਿੰਘ ਨੂੰ ਬੁਲਾ ਕੇ ਕਿਹਾ ਕਿ ਉਹ ਪੈਪਸੂ ਪਬਲਿਕ ਸਰਵਿਸ ਕਮੀਸ਼ਨ ਵਲੋਂ ਪ੍ਰਕਾਸ਼ਿਤ ਪੋਸਟ ਲਈ ਅਰਜ਼ੀ ਦੇ ਦੇਣ। ਉਹਨਾਂ ਦੀ ਚੋਣ ਵੀ ਹੋ ਗਈ। ਪਰ ਕਾਲਜ ਦਾ ਮਾਹੌਲ ਰਾਸ ਨਹੀਂ ਆਇਆ। ਇਹ ਨੌਕਰੀ ਛੱਡ ਕੇ ਪੰਜਾਬ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਓਰੋ ਵਿਚ ਸੀਨੀਅਰ ਸੰਪਾਦਕ ਜਾ ਲੱਗੇ। ਉਥੇ ਵੀ ਗੱਲ ਨਹੀਂ ਬਣੀ। ਇਹ ਨੌਕਰੀ ਛੱਡ ਕੇ ਫੇਰ ਬਤੌਰ ਅਧਿਆਪਕ ਸਰਕਾਰੀ ਕਾਲਜ ਲੁਧਿਆਣਾ ਵਿਚ ਆ ਗਏ। ਹੁਣ ਮਨ ਬਣਾ ਲਿਆ ਕਿ ਅਧਿਆਪਕ ਦੀ ਨੌਕਰੀ ਹੀ ਕਰਨੀ ਹੈ। ਚੌਦਾਂ ਸਾਲ ਇਸ ਕਾਲਜ ਵਿਚ ਬਿਤਾਏ। ਖੂਬ ਪੜ੍ਹਿਆ ਵੀ ਅਤੇ ਪੜ੍ਹਾਇਆ ਵੀ।

੧੯੬੬ ਜਾਂ ੬੭ ਵਿਚ ਜਦ ਪੰਜਾਬੀ ਯੂਨੀਵਰਸਿਟੀ ਵਿਚ ਫਾਰਸੀ ਵਿਭਾਗ ਖੋਲ੍ਹਿਆ ਗਿਆ ਤਾਂ ਬਤੌਰ ਮੁਖੀ ਗੁਲਵੰਤ ਸਿੰਘ ਹੋਰਾਂ ਨੂੰ ਨਿਯੁਕਤ ਕੀਤਾ ਗਿਆ। ਇਸ ਤੋਂ ਬਾਅਦ ਸਾਰੀ ਉਮਰ ਉਹ ਇੱਥੇ ਹੀ ਰਹੇ। ਰਿਟਾਇਰਮੈਂਟ ਤੋਂ ਬਾਅਦ ਉਹਨਾਂ ਨੂੰ ਲਾਈਫ-ਫੈਲੋਸ਼ਿਪ ਦੇ ਦਿੱਤੀ ਗਈ। ਇਥੇ ਹੀ ਯੂਨੀਵਰਸਿਟੀ ਲਾਈਬ੍ਰੇਰੀ ਦੇ ਸਾਹਮਣੇ ਸਥਿਤ ਆਪਣੇ ਫਲੈਟ ਵਿਚ ਉਹਨਾਂ ਆਖਰੀ ਸਾਹ ਲਏ।

ਜਿਸ ਸ਼ਖਸ ਨੇ ਮੌਲਾਨਾ ਜਲਾਲੁਦੀਨ ਰੂਮੀ ਦੀ ਮਸਨਵੀ, ਦੀਵਾਨੇ-ਹਾਫਿਜ਼, ਸ਼ੇਖ ਸ਼ਾਅਦੀ ਦੀ ਗੁਲਿਸਤਾਂ ਅਤੇ ਬੋਸਤਾਂ ਵਰਗੀਆਂ ਫਾਰਸੀ ਦੀਆਂ ਕਲਾਸਕੀ ਰਚਨਾਵਾਂ ਦਾ ਡੂੰਘਾ ਅਧਿਆਨ ਕੀਤਾ ਹੋਵੇ, ਉਸ ਦੀ ਸੂਫੀਵਾਦ ਵਿਚ ਰੁਚੀ ਜਾਗ੍ਰਿਤ ਹੋਣਾ ਸੁਭਾਵਿਕ ਹੈ। ਇਸ ਵਿਸ਼ੇ ਦਾ ਹੋਰ ਗੰਭੀਰ ਅਧਿਅਨ ਕਰਨ ਲਈ ਗੁਲਵੰਤ ਸਿੰਘ ਨੇ ਸ਼ੇਖ ਸ਼ਿਹਾਬੁਦੀਨ ਉਮਰ ਸੁਹਰਾਵਰਦੀ ਦੀ ਮਕਬੂਲ ਅਰਬੀ ਕ੍ਰਿਤ 'ਅਵਾਰਿਫ-ਉਲ ਮਆਰਿਫ' ਦਾ ਪੰਜਾਬੀ ਅਨੁਵਾਦ ਕੀਤਾ। ਇਹ ਕਿਤਾਬ ਸੂਫੀਆਂ ਲਈ ਇਕ ਮੁੱਢਲੀ ਕਿਤਾਬ ਮੰਨੀ ਜਾਂਦੀ ਹੈ, ਵਿਸ਼ੇਸ਼ ਤੌਰ ਤੇ ਸੁਹਰਾਵਰਦੀ ਸਿਲਸਿਲੇ ਦੇ ਸੂਫੀਆਂ ਲਈ।

ਗੁਲਵੰਤ ਸਿੰਘ ਜੀ ਦੇ ਇਸ ਸਾਰੇ ਅਧਿਅਨ ਵਿਚੋਂ ਨਿਕਲੀ ਉਹਨਾਂ ਦੀ ਕਿਤਾਬ 'ਇਸਲਾਮ' ਅਤੇ 'ਸੂਫੀਵਾਦ' (੧੯੮੬) ਜੋ ਕਿ ਪੰਜਾਬੀ ਵਿਚ ਇਸ ਵਿਸ਼ੇ ਤੇ ਸਭ ਤੋਂ ਪ੍ਰਮਾਣਿਕ ਪੁਸਤਕ ਮੰਨੀ ਜਾਂਦੀ ਹੈ। ਇਸ ਵਿਸ਼ੇ ਤੇ ਉਹਨਾਂ ਨੇ ਅਨੇਕਾਂ ਲੇਖ ਵੀ ਲਿਖੇ ਸਨ ਜਿਹਨਾਂ ਨੂੰ ਇਕੱਠਾ ਕਰਕੇ ਉਹਨਾਂ ਦੇ ਦੋਸਤ ਡਾਕਟਰ ਗੁਰਮੁਖ ਸਿੰਘ ਨੇ "ਸੂਫੀਵਾਦ" ਦੇ ਨਾਂ ਹੇਠ ਇਕ ਹੋਰ ਕਿਤਾਬ ਦੇ ਰੂਪ ਵਿਚ ਛਪਵਾ ਦਿੱਤਾ। ਪਰ ਗੁਲਵੰਤ ਸਿੰਘ ਨੂੰ ਇਹ ਗੱਲ ਠੀਕ ਨਾ ਲੱਗੀ ਅਤੇ ਉਹਨਾਂ ਨੇ ਐਲਾਨੀਆ ਇਸ ਕਿਤਾਬ ਤੋਂ ਆਪਣਾ ਨਾਤਾ ਤੋੜ ਲਿਆ। ਉਹਨਾਂ ਦਾ ਕਹਿਣਾ ਸੀ, "ਇਹ ਕਿਤਾਬ ਛਾਪਣ ਵਿਚ ਐਵੇਂ ਕਾਹਲ ਕੀਤੀ ਗਈ ਹੈ। ਇਹ ਲੇਖ ਮੈਂ ਬਹੁਤ ਪਹਿਲਾਂ ਲਿਖੇ ਸਨ ਇਹਨਾਂ ਵਿਚ ਦਰਜ ਕਈ ਗੱਲਾਂ ਨਾਲ ਹੁਣ ਮੈਂ ਸਹਿਮਤ ਨਹੀਂ ਹਾਂ। ਇਹ ਸਾਰੇ ਲੇਖ ਪੂਰੀ ਤਰ੍ਹਾਂ ਰਿਵਾਈਜ਼ ਕਰਨ ਵਾਲੇ ਸਨ।"

ਉਹਨਾਂ ਨੇ ਫਾਰਸੀ ਸੂਫੀ ਕਵੀ ਮੌਲਾਨਾ ਜਲਾਲੁਦੀਨ ਰੂਮੀ ਬਾਰੇ ਇਕ ਕਿਤਾਬਚਾ ਵੀ ਲਿਖਿਆ।

ਕਿਸੇ ਭਾਸ਼ਾ ਦਾ ਸ਼ਬਦਕੋਸ਼ ਰਚਣ ਲਈ ਘੱਟੋ-ਘੱਟ ਦੋ ਭਾਸ਼ਾਵਾਂ ਦਾ ਵਿਸ਼ਾਲ ਗਿਆਨ ਚਾਹੀਦਾ ਹੈ। ਆਪਣੇ ਫਾਰਸੀ ਅਤੇ ਪੰਜਾਬੀ ਭਾਸ਼ਾਵਾਂ ਦੇ ਗਿਆਨ ਭੰਡਾਰ ਨਾਲ ਉਹਨਾਂ ਨੇ 'ਪੰਜਾਬੀ-ਫਾਰਸੀ ਸ਼ਬਦਕੋਸ਼' (੧੯੯੮) ਤਿਆਰ ਕੀਤਾ। ਉਹਨਾਂ ਦੇ ਵਿਦਵਾਨ ਦੋਸਤ ਡਾਕਟਰ ਜੀਤ ਸਿੰਘ ਸੀਤਲ ਨੇ ਫਾਰਸੀ-ਪੰਜਾਬੀ ਸ਼ਬਦਕੋਸ਼ ਤਿਆਰ ਕੀਤਾ ਸੀ, ਜੋ ਕਿਸੇ ਕਾਰਣ ਲੰਮਾ ਅਰਸਾ ਛਾਪਿਆ ਨਾ ਗਿਆ। ਜਦ ਇਸ ਨੂੰ ਛਾਪਣ ਬਾਰੇ ਯੂਨੀਵਰਸਿਟੀ ਦਾ ਵਿਚਾਰ ਬਣਿਆ ਤਾਂ ਮਹਿਸੂਸ ਕੀਤਾ ਗਿਆ ਕਿ ਇਸ ਨੂੰ ਰਿਵਾਈਜ਼ ਅਤੇ ਸੰਪਾਦਿਤ ਕੀਤਾ ਜਾਣਾ ਚਾਹੀਦਾ ਹੈ। ਇਹ ਕੰਮ ਵੀ ਪ੍ਰੋਫੈਸਰ ਗੁਲਵੰਤ ਸਿੰਘ ਹੋਰਾਂ ਦੇ ਜ਼ਿੰਮੇ ਹੀ ਲਾਇਆ ਗਿਆ। ੧੯੯੬ ਵਿਚ ਇਸ ਸ਼ਬਦਕੋਸ਼ ਦਾ ਪ੍ਰਕਾਸ਼ਨ ਹੋ ਗਿਆ।

ਪੰਜਾਬੀ ਦੇ 'ਪ੍ਰਯਾਯ ਅਤੇ ਵਿਪ੍ਰਯਾਯ ਕੋਸ਼' (੧੯੬੭-੬੮ ਦੇ ਆਸਪਾਸ) ਦੇ ਤਿੰਨ ਲੇਖਕਾਂ ਵਿਚੋਂ ਇਕ ਪ੍ਰੋਫੈਸਰ ਸਾਹਿਬ ਸਨ। ਪੰਜਾਬੀ ਵਿਚ ਆਪਣੀ ਕਿਸਮ ਦਾ ਇਹ ਇਕੋ ਕੋਸ਼ ਹੈ।

ਪ੍ਰੋਫੈਸਰ ਸਾਹਿਬ ਦੀ ਸਿੱਖੀ ਅਤੇ ਗੁਰਬਾਣੀ ਵਿਚ ਗਹਿਰੀ ਸ਼ਰਧਾ ਸੀ। ਇਸ ਵਿਸ਼ੇ 'ਤੇ ਲਿਖੇ ਅਨੇਕਾਂ ਲੇਖ "ਗੁਰਬਾਣੀ ਸਾਹਿਤ ਚਿੰਤਨ" ਨਾਂ ਦੀ ਪੁਸਤਕ ਵਿਚ ਇਕਤ੍ਰਿਤ ਕਰਕੇ ਛਪ ਚੁੱਕੇ ਸਨ।

ਉਹਨਾਂ ਪੰਜਾਬੀ ਦੀਆਂ ਅਨੇਕਾਂ ਧਾਰਮਿਕ ਰਚਨਾਵਾਂ ਦਾ ਫਾਰਸੀ ਵਿਚ ਉਲੱਥਾ ਵੀ ਕੀਤਾ। ਗੁਰੂ ਨਾਨਕ ਦੇਵ ਜੀ ਦੀ ਰਚਨਾ 'ਜਪੁਜੀ ਸਾਹਿਬ' ਦਾ ਫਾਰਸੀ ਵਿਚ ਅਨੁਵਾਦ ਪੰਜਾਬੀ ਯੂਨੀਵਰਸਿਟੀ ਵੱਲੋਂ 'ਸਰੂਦ-ਏ-ਸਹਰ' ਦੇ ਨਾਂ ਹੇਠ ੧੯੮੮ ਵਿਚ ਹੀ ਛਪ ਗਿਆ ਸੀ। ਇਸ ਤੋਂ ਬਾਅਦ ਉਹਨਾਂ ਨੇ ਗੁਰੂ ਅਰਜਨ ਦੇਵ ਜੀ ਦੀ 'ਸੁਖਮਣੀ' ਅਤੇ ਗੁਰੂ ਗੋਬਿੰਦ ਸਿੰਘ ਜੀ ਦੇ 'ਦਸਮ



Namdhari Elibrary NamdhariElibrary@gmail.com

ਗ੍ਰੰਥ' ਦੀ ਮੁੱਢਲੀ ਰਚਨਾ 'ਜਾਪੁ ਸਾਹਿਬ' ਦਾ ਵੀ ਫਾਰਸੀ ਵਿਚ ਅਨੁਵਾਦ ਕੀਤਾ। ਇਹਨਾਂ ਦੋਹਾਂ ਕਿਤਾਬਾਂ ਦਾ ਪ੍ਰਕਾਸ਼ਨ ਵੀ ਪੰਜਾਬੀ ਯੂਨੀਵਰਸਿਟੀ ਨੇ ਹੀ ਕੀਤਾ ਹੈ।

ਪ੍ਰੋਫੈਸਰ ਸਾਹਿਬ ਨੇ ਅੰਗਰੇਜ਼ੀ ਭਾਸ਼ਾ ਦੀਆਂ ਅਨੇਕਾਂ ਰਚਨਾਵਾਂ ਦਾ ਪੰਜਾਬੀ ਅਨੁਵਾਦ ਵੀ ਕੀਤਾ ਸੀ। ਇਹਨਾਂ ਵਿਚੋਂ ਪ੍ਰਮੁੱਖ ਸਨ ਅਮਰੀਕਨ ਅੰਗਰੇਜ਼ੀ ਕਵੀ, ਨਾਟਕਕਾਰ ਅਤੇ ਆਲੋਚਕ ਟੀ. ਐਸ. ਈਲੀਅਟ (੧੮੮੮-੧੯੬੫) ਦੀਆਂ ਲਿਖਤਾਂ "ਵਟ ਇਜ਼ ਏ ਕਲਾਸਿਕ" ਅਤੇ "ਟ੍ਰੈਡੀਸ਼ਨ ਐਂਡ ਇੰਡੀਵਿਜੁਅਲ ਟੇਲੈਂਟ"।

ਪੰਜਾਬੀ ਵਿਚ ਆਪਣੀਆਂ ਰਚਨਾਵਾਂ ਬਾਰੇ ਪ੍ਰੋਫੈਸਰ ਸਾਹਿਬ ਦੀਆਂ ਕੁਝ ਕੌੜੀਆਂ ਯਾਦਾਂ ਵੀ ਸਨ। ਉਹਨਾਂ ਦੀ ਭਾਸ਼ਾ ਦਾ ਗਿਆਨੀ ਹੀਰਾ ਸਿੰਘ ਦਰਦ ਅਤੇ ਸੋਹਨ ਸਿੰਘ ਜੋਸ਼ ਵਰਗੇ ਸਮਕਾਲੀ ਵਿਦਵਾਨਾਂ ਨੇ ਕਰੜਾ ਵਿਰੋਧ ਕੀਤਾ।

ਗੁਲਵੰਤ ਸਿੰਘ ਜੀ ਦੇ ਆਪਣੇ ਸ਼ਬਦਾਂ ਵਿਚ : "ਤਿੰਨ ਮਜ਼ਮੂਨ ਤਾਂ ਲਿਖੇ ਹੀਰਾ ਸਿੰਘ ਦਰਦ ਨੇ, ਮੇਰੇ ਖਿਲਾਫ ਤੇ ਦੋ ਲਿਖੇ ਸੋਹਨ ਸਿੰਘ ਜੋਸ਼ ਨੇ। ਤੇ ਚਲੋ ਮੁਖਾਲਫਤ ਤੋਂ ਤਾਂ ਮੈਂ ਨਹੀਂ ਡਰਿਆ। ਮਗਰ ਇਹ ਹੈ ਕਿ ਸੋਹਨ ਸਿੰਘ ਜੋਸ਼ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ- ਇਹ ਪੰਜਾਬੀ ਦਾ ਦੁਸ਼ਮਣ ਐ। ਮੈਨੂੰ ਇਹ ਵਾਕ ਬਹੁਤਾ ਪਰਵਾਨ ਨਹੀਂ ਸੀਗਾ, ਉਹਨੂੰ ਮੈਂ ਰੋਕ ਨਹੀਂ ਸਕਿਆ, ਮਗਰ ਮੈਂ ਬਹੁਤ ਦੁੱਖ ਮਹਿਸੂਸ ਕੀਤਾ। ਮੇਰੇ ਵਿਚਾਰ ਨਾਲ ਡਿਫਰ ਕੀਤਾ ਜਾ ਸਕਦਾ ਹੈ, ਮੇਰਾ ਵਿਚਾਰ ਆਧਾਰਹੀਣ ਹੋ ਸਕਦਾ ਹੈ, ਮੇਰਾ ਵਿਚਾਰ ਗਲਤ ਹੋ ਸਕਦਾ ਹੈ, ਮਗਰ ਮੈਂ ਪੰਜਾਬੀ ਦਾ ਦੁਸ਼ਮਣ ਨਹੀਂ ਹਾਂ......ਹੁਣ ਵੀ ਜਦੋਂ ਮੈਨੂੰ ਉਹਨਾਂ ਦਾ ਇਹ ਵਾਕ ਯਾਦ ਆਉਂਦਾ ਐ, ਮੈਨੂੰ ਤਕਲੀਫ ਹੁੰਦੀ ਐ।......ਮੈਂ ਕਿਸੇ ਦਾ ਦੁਸ਼ਮਣ ਨਹੀਂ ਹਾਂ।"

ਇਕ ਘਟਨਾ ਨੂੰ ਯਾਦ ਕਰਦੇ ਹੋਏ ਪ੍ਰੋਫੈਸਰ ਸਾਹਿਬ ਨੇ ਦੱਸਿਆ : " ਇਕ ਵਾਰੀ (ਸੋਹਨ ਸਿੰਘ) ਜੋਸ਼ ਨੇ ਦੇਸ਼ਭਗਤ ਹਾਲ ਵਿਚ ਇਕ ਇਕੱਤਰਤਾ ਨੂੰ ਸੰਬੋਧਨ ਕੀਤਾ। ਮੈਨੂੰ ਵੀ ਕਿਸੇ ਨੇ ਦੱਸਿਆ ਕਿ ਤੇਰੇ ਖਿਲਾਫ ਗੱਲ ਹੈ। ਮੈਂ ਵੀ ਸੁਣਨ ਚਲਿਆ ਗਿਆ। ਉਥੇ ਉਹ ਮੇਰੇ ਬਾਰੇ ਕਹਿੰਦਾ ਕਿਉਂ ਇਹ ਪੰਜਾਬੀ ਵਿਚ ਸੰਸਕ੍ਰਿਤ ਦੇ ਲਫਜ਼ ਲਿਆਉਂਦਾ ਐ ? ਕਿਸੇ ਨੇ ਕਿਹਾ, ਗੁਲਵੰਤ ਸਿੰਘ ਵੀ ਬੈਠਾ ਹੈ ਇਸ ਦੇ ਵਿਚਾਰ ਵੀ ਸੁਣੋ। ਮੈਂ ਉਠ ਕੇ ਕਿਹਾ, 'ਜੀ, ਲੈਂਗੁਏਜਜ਼ ਵਿਚ ਮੰਗਣਾ ਤੇ ਪੈਂਦਾ ਈ ਹੈ। ਜੋਸ਼ ਸਾਹਿਬ ਦੀ ਪੋਜੀਸ਼ਨ ਜੋ ਹੈ ਸਾਰੇ ਜਾਣਦੇ ਨੇ, ਮੈਂ ਵੀ ਜਾਣਦਾ ਹਾਂ, ਇਸ ਕਰਕੇ ਮੈਂ ਇਹਨਾਂ ਦਾ ਸਤਿਕਾਰ ਕਰਦਾ ਐਂ। ਪਰ ਇਹਨਾਂ ਦਾ ਆਪਣਾ ਨਾਂ ਸੋਹਨ ਸਿੰਘ ਹੈ ਤੇ 'ਜੋਸ਼' ਜਿਹੜਾ ਇਹਨਾਂ ਦਾ ਉਪਨਾਮ ਹੈ ਇਹ ਈਰਾਨ ਤੋਂ ਮੰਗ ਕੇ ਲਿਆਏ ਹਨ। ਇਹ ਮੰਗਣ ਵਾਸਤੇ ਚਲੇ ਜਾਂਦੇ ਨੇ ਈਰਾਨ, ਮੈਂ ਗੁਆਂਢੀ ਤੋਂ ਮੰਗ ਲੈਨਾਂ ਆਂ।"

ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਉਹਨਾਂ ਨੇ ਸੁਣਾਈ : "ਜਦੋਂ ਮੈਂ ਮਹਿੰਦਰਾ ਕਾਲਜ ਸੀ ਤਾਂ ਮੈਨੂੰ ਲੁਧਿਆਣੇ ਇਕ ਲੈਕਚਰ ਵਾਸਤੇ ਬੁਲਾਇਆ ਗਿਆ। ਲੈਕਚਰ ਵਿਚ ਮੈਂ ਅੰਗਰੇਜ਼ੀ ਸ਼ਬਦ 'ਇਸਕੇਪੀਜ਼ਮ' ਵਾਸਤੇ ਪੰਜਾਬੀ ਸ਼ਬਦ ਵਰਤਿਆ 'ਪਲਾਇਨਵਾਦ'। ਇਕ ਬੜੇ ਸੀਨੀਅਰ ਪ੍ਰੋਫੈਸਰ ਹਰਦਿਆਲ ਸਿੰਘ ਚਾਹ ਪੀ ਰਹੇ ਸਨ, ਕਹਿੰਦੇ-ਇਹ ਤੂੰ ਕਿਧਰੋਂ ਲਫਜ਼ ਲਿਆਇਆ ਐਂ 'ਪਲਾਇਨਵਾਦ', ਇਹ ਕੀ ਹੁੰਦਾ ਐ, ਮਤਲਬ ਕੀ ਹੈ ਇਸਦਾ ? ਮੈਂ ਕਿਹਾ, ਜੀ 'ਇਸਕੇਪੀਜ਼ਮ'। ਕਹਿੰਦਾ-'ਭਾਂਜਵਾਦ' ਕਿਓਂ ਨਹੀਂ ? ਬਾਣੀ ਤੋਂ ਕੁਛ ਪ੍ਰੇਰਣਾ ਲਵੋ। ਮੈਂ ਕਿਹਾ ਬਾਣੀ ਵਿਚ ਲਿਖਿਆ ਐ-ਸਾਧੂ ਕੇ ਸੰਗ ਪਾਪ ਪਲਾਇਨ। ਮੈਂ ਤਾਂ ਬਾਣੀ 'ਚੋਂ ਲਿਆ ਐ। ਹੁਣ ਉਹਨਾਂ ਦਾ ਚਿਹਰਾ ਦੇਖਣ ਵਾਲਾ ਸੀ.....ਹਰੇਕ ਨੂੰ ਆਪਣੇ ਵਿਚਾਰ ਰੱਖਣ ਦਾ ਹੱਕ ਹੈ। ਮੇਰੀ ਇਹ ਮੰਗ ਨਹੀਂ ਕਿ ਮੇਰੀ ਹਰ ਗੱਲ ਦਾ ਸਵਾਗਤ ਅਤੇ ਸਮਰਥਨ ਹੋਵੇ। ਮੈਂ ਗਲਤੀ ਵੀ ਕਰ ਸਕਦਾ ਐਂ, ਕੋਈ ਵੀ ਗਲਤੀ ਕਰ ਸਕਦਾ ਐ। ਪਰ ਵਿਰੋਧ ਦਲੀਲ ਨਾਲ ਹੋਣਾ ਚਾਹੀਦਾ ਹੈ।"

ਪ੍ਰੋਫੈਸਰ ਸਾਹਿਬ ਦਾ ਦ੍ਰਿੜ ਵਿਸ਼ਵਾਸ ਸੀ ਕਿ ਇਸਲਾਮ, ਭਾਰਤੀ ਸੱਭਿਆਚਾਰ ਦਾ ਅਤੇ ਵਿਸ਼ੇਸ਼ ਤੌਰ ਤੇ ਪੰਜਾਬੀ ਸੱਭਿਆਚਾਰ, ਭਾਸ਼ਾ ਅਤੇ ਇਤਿਹਾਸ ਦਾ ਅਟੁੱਟ ਅੰਗ ਹੈ। ਪਰ ਪੰਜਾਬੀ ਦੇ ਵੱਡੇ ਵਿਦਵਾਨਾਂ ਦਾ ਵੀ ਇਸਲਾਮ ਬਾਰੇ ਗਿਆਨ ਸੰਤੋਖਜਨਕ ਨਹੀਂ। ਉਹਨਾਂ ਨੇ ਉਦਾਹਰਣ ਦਿੱਤੀ : "ਮੋਹਨ ਸਿੰਘ ਫਾਰਸੀ ਦਾ ਪ੍ਰੋਫੈਸਰ ਰਿਹਾ ਹੈ, ਉਸ ਦੀ 'ਸਾਵੇ ਪੱਤਰ' ਵਿਚ ਕਵਿਤਾ ਐ, 'ਮੈਂ ਨਹੀਂ ਰਹਿਣਾ ਤੇਰੇ ਗਰਾਂ'। ਉਹਦੇ ਵਿਚ ਲਿਖਦਾ ਐ- 'ਹਸਨ-ਹੁਸੈਨ ਪਿਆਸੇ ਮਰਦੇ'। ਪਰ ਅਸਲੀਅਤ ਇਹ ਹੈ ਕਿ ਇਕਲਾ ਹੁਸੈਨ ਪਿਆਸਾ ਮਰਿਆ ਐ, ਹਸਨ ਨਹੀਂ। ਤੇ ਇਸ ਤਰ੍ਹਾਂ ਜਿਹੜੀਆਂ ਗਲਤੀਆਂ ਹੁੰਦੀਆਂ ਹਨ, ਮੋਹਨ ਸਿੰਘ ਨੂੰ ਪੜ੍ਹਨ ਤੋਂ ਬਾਅਦ ਮੇਰਾ ਇਹ ਖਿਆਲ ਹੋਇਆ ਕਿ ਇਕ ਕਿਤਾਬ ਲਿਖਣੀ ਚਾਹੀਦੀ ਹੈ 'ਇਸਲਾਮਿਕ ਐਲਯੂਜ਼ਨਜ਼ ਇਨ ਪੰਜਾਬੀ ਪੋਇਟਰੀ'। 'ਪੰਜਾਬੀ ਸ਼ਾਇਰੀ ਵਿਚ ਇਸਲਾਮੀ ਤਲਮੀਹਾਂ'। 'ਐਲਯੂਜ਼ਨ' ਨੂੰ 'ਤਲਮੀਹ' ਕਹਿੰਦੇ ਐ। ਉਸ ਦਾ ਬਹੁਵਚਨ ਹੈ 'ਤਲਮੀਹਾਂ'।"

ਉਹਨਾਂ ਦੇ ਦੱਸਣ ਮੁਤਾਬਿਕ ਇਹ ਕਿਤਾਬ ਉਹ ਲਗਭਗ ਦੋ-ਤਿਹਾਈ ਲਿਖ ਚੁੱਕੇ ਸਨ। ਪਰ ਬਦਕਿਸਮਤੀ ਨਾਲ ਉਹਨਾਂ ਦੀ ਮੌਤ ਤੋਂ ਬਾਅਦ ਉਹਨਾਂ ਦੇ ਕਮਰੇ ਵਿਚੋਂ ਇਸ ਕਿਤਾਬ ਦੇ ਖਰੜੇ ਦਾ ਕੋਈ ਭਾਗ ਪ੍ਰਾਪਤ ਨਹੀਂ ਹੋ ਸਕਿਆ। ਖੈਰ, ਹੁਣ ਪੰਜਾਬੀ ਯੂਨੀਵਰਸਿਟੀ ਨੇ ਗੁਲਵੰਤ ਸਿੰਘ ਜੀ ਦੀਆਂ ਸਾਰੀਆਂ ਰਚਨਾਵਾਂ ਨੂੰ ਡਾ. ਗੁਰਮੁਖ ਸਿੰਘ ਦੀ ਸੰਪਾਦਕੀ ਹੇਠ ਪ੍ਰਕਾਸ਼ਿਤ ਕੀਤਾ ਹੈ ਜਿਸ ਦੇ 1200 ਤੋਂ ਵੱਧ ਪੰਨੇ ਹਨ। ਇਹ ਕਿਤਾਬ ਛੇਤੀ ਹੀ ਰੀਲੀਜ਼ ਹੋ ਰਹੀ ਹੈ।

ਇਹ ਸਨ ਪ੍ਰੋਫੈਸਰ ਗੁਲਵੰਤ ਸਿੰਘ ਜਿਹਨਾਂ ਬਾਰੇ ਇਕ ਵਾਰ ਪ੍ਰੋਫੈਸਰ ਜੀਤ ਸਿੰਘ ਸੀਤਲ ਨੇ ਕਿਹਾ : "ਗੁਲਵੰਤ ਸਿੰਘ ਗਿਆਨ ਦਾ ਸਮੁੰਦਰ ਹੈ।"

*ਪੋਸਟ ਬਾਕਸ ੪੮*
*ਗਲੀ ਨੰ: ੨, ਗਰੀਨ ਇਨਕਲੇਵ*
*ਕੋਟ ਕਪੂਰਾ-੧੫੧੨੦੪*



Namdhari Elibrary NamdhariElibrary@gmail.com

# ਚੋਣਵੇਂ ਪੰਜਾਬੀ ਸ਼ਿਅਰ



ਪੇਸ਼ਕਾਰ : ਚਰਨ ਸੀਚੇਵਾਲਵੀ

### ਸਵ. ਗੁਰਦਿਤ ਸਿੰਘ ਕੁੰਦਨ

◇ ਜੀਵਨ ਹੁਸੀਨ ਜਿਸਦਾ, ਮਰਦਾ ਵੀ ਮੁਸਕਰਾਏ।
ਤਾਰਾ ਜਦੋਂ ਵੀ ਟੁੱਟੇ, ਟੁੱਟਦਾ ਵੀ ਜਗਮਗਾਏ।

◇ ਮੇਰੀ ਫ਼ਨਾਹ ਏ ਹਸਤੀ, ਉਹ ਅਮਰ ਹੋ ਗਏ ਨੇ,
ਉਹਦੇ ਹਿਜਰ ਦੇ ਅੰਦਰ, ਜਿਹੜੇ ਮੈਂ ਗੀਤ ਗਾਏ।

◇ ਯਾਦਾਂ ਪੁਰਾਣੀਆਂ ਦਾ ਹੁੰਦਾ ਬੜਾ ਨਸ਼ਾ ਏ,
ਮਸਤੀ 'ਚ ਪੈਰ ਮੇਰੇ ਕਈ ਵਾਰ ਡਗਮਗਾਏ।

◇ ਸੇਜਾਂ ਤੇ ਰਹੇ ਰੋਂਦਾ ਜੋ ਦਿਲ ਹਾਰ ਜਾਂਦਾ,
ਕਾਮਲ ਹੈ ਇਸ਼ਕ ਜਿਸਦਾ, ਸੂਲੀ ਤੇ ਮੁਸਕਰਾਏ।

◇ ਨਾ-ਖੁਦਾ! ਬੇੜੀ ਮੇਰੀ ਭੰਵਰ ਦੇ ਵੱਲ ਜਾਣ ਦੇ,
ਸਿਤਮ ਅੱਜ ਮੈਂ ਵੇਖਣੇ, ਵਹਿਸ਼ੀ ਹੋਏ ਤੂਫਾਨ ਦੇ।

### ਭਗਵੰਤ ਸਿੰਘ

◇ ਮੇਰੇ ਨਾਲ ਜਦੋਂ ਉਹ ਢੁੱਕ-ਢੁੱਕ ਬਹਿੰਦੀ ਏ।
ਆਪਣੇ ਬੰਦੇ ਕੋਲੋਂ ਬਦਲਾ ਲੈਂਦੀ ਏ।

◇ ਸ਼ੇਅਰ ਕਹਿਣ ਦੀ ਮਸ਼ਕ ਕਰਦਿਆਂ ਉਮਰ ਮੁੱਕਣ ਤੇ ਆਈ,
ਠੱਲਿਆ ਗਿਆ ਨਾ ਏਸ ਵਸੀਲੇ, ਸਿਰ ਤੇ ਚੜ੍ਹਿਆ ਕਾਮ।

◇ ਚੜ੍ਹਦੇ ਸੂਰਜ ਦੀ ਲਾਲੀ ਨੂੰ ਦਿਹੁੰ ਢਲਦੇ ਨੇ, ਪੁੱਛਿਆ,
ਭਲਿਆ ਚਿੱਤ ਚੇਤੇ ਸਾਈ ਤੇਰਾ ਹੋਣਾ ਇਹ ਅੰਜਾਮ।

◇ ਹਸਦਿਆਂ ਨਾਲ ਤਾਂ ਜਗ ਹੱਸਦਾ ਏ, ਰੋਂਦੇ ਬੰਦਾ ਕੱਲਾ ਹੀ,
ਨਿੱਜੀ ਗਮ ਨੂੰ ਵਿੱਚੇ ਪੀ ਜਾ, ਪਾ ਖੁਸ਼ੀਆਂ ਸੰਗ ਭਇਆਲੀ।

◇ ਜਿੰਨੀ ਲੰਘੀ ਚੰਗੀ ਲੰਘੀ, ਅੰਤ ਅਸਾਂ ਕੀਤੀ ਤੌਬਾ,
ਮੁੜ ਕਿਉਂ ਰੂਹ ਦੇ ਗੇੜੇ ਕੱਢੇ, ਬਿਪਤਾ ਜਿਹੜੀ ਸੀ ਟਾਲੀ।

### ਸਵ. ਮਹਿੰਦਰ ਸਿੰਘ ਮਾਨਵ

◇ ਵਕਤ ਮੈਂ ਹਾਂ ਜਾਂ ਮੇਰਾ ਵਕਤ ਹੈ ਸਾਇਆ ਮਾਨਵ।
ਹੋਂਦ ਆਪਣੀ ਦਾ ਕਦੇ ਭੇਤ ਨਾ ਪਾਇਆ ਮਾਨਵ।

◇ ਹਾਦਸੇ ਹੁੰਦੇ ਰਹੇ, ਟੁੱਟਦਾ ਰਿਹਾ ਅੰਦਰ ਅੰਦਰ,
ਜੋੜ ਕੇ ਖੁਦ ਨੂੰ ਕਈ ਵਾਰ ਬਣਾਇਆ ਮਾਨਵ।

◇ ਅੜ ਗਏ ਸੰਘ 'ਚ ਦੋ ਸ਼ਬਦ ਨਾ ਆਏ ਬਾਹਰ,
ਫਾਸਿਲਾ ਦਿਲ ਤੋਂ ਕੋਈ ਦੂਰ ਨਾ ਸੀ ਹੋਠਾਂ ਤੀਕਰ।

◇ ਹਿਜਰ ਵਿਚ ਹੋ ਗਈ ਮਨ ਦੀ ਦਸ਼ਾ ਕੁਝ ਐਸੀ,
ਰੋਣ ਲੱਗਦੇ ਹਾਂ ਕਦੀ, ਹੱਸਦੇ ਹਾਂ ਬਾਲਾਂ ਵਾਂਗੂੰ।

◇ ਮੇਰੇ ਨਾਲ ਜੋ ਜੰਮਿਆ ਪਲਿਆ ਸਦਾ ਰਿਹਾ ਸੰਗ ਮੇਰੇ,
ਇਕ ਦਿਨ ਮਾਨਵ ਕਾਤਲ ਬਣਿਆ ਮੇਰਾ ਹੀ ਪਰਛਾਵਾਂ।

◇ ਹੋ ਗਏ ਆਪਣੇ ਤਾਂ ਗ਼ਮ ਸਾਰੇ ਪੁਰਾਣੇ ਦੋਸਤੋ।
ਧਰ ਦਿਉ ਦੁਨੀਆ ਦੇ ਗ਼ਮ ਮੇਰੇ ਸਰ੍ਹਾਣੇ ਦੋਸਤੋ।

◇ ਬਸਤਰਾਂ ਨੂੰ ਸੈਂਟ ਲਾ ਕੇ ਜਿਸਮ ਨੂੰ ਪੌਡਰ ਕਰੀਮ,
ਆਪਣੇ ਅੰਦਰ ਦੀ ਕਿਵੇਂ ਬਦਬੂ ਛੁਪਾ ਲੈਂਦੇ ਨੇ ਲੋਕ।

### ਡਾ. ਜਗਤਾਰ

◇ ਕੁਝ ਬਹੀ ਰੋਟੀ ਦੇ ਟੁਕੜੇ, ਕੁਝ ਕੁ ਫਟੀਆਂ ਪੁਸਤਕਾਂ,
ਕਤਲ ਹੋਏ ਬਾਲ ਦੇ ਪਾਟੇ ਹੋਏ ਬਸਤੇ 'ਚ ਸਨ।

◇ ਮੈਂ ਸਮੁੰਦਰ ਦਾ ਕਿਵੇਂ ਸੰਗੀਤ ਮਾਣਾਂ ਦੋਸਤੋ,
ਜ਼ਿਹਨ ਵਿਚ ਜਦ ਗੂੰਜਦੀ ਮੋਈ ਨਦੀ ਦੀ ਚੀਕ ਹੈ।

◇ ਕਾਤਲਾਂ ਰਲਣਾ ਹੀ ਸੀ, ਸੋ ਰਲ ਗਏ ਸ਼ਾਹਾਂ ਦੇ ਨਾਲ।
ਕਿਸ ਲਈ ਰਲੀਆਂ ਨੇ ਦਰਗਾਹਾਂ ਕਤਲਗਾਹਾਂ ਦੇ ਨਾਲ।

◇ ਭਾਈ ਤਾਂ ਹੁੰਦੀਆਂ ਨੇ ਬਾਹਾਂ ਬੇਵਜ੍ਹਾ ਨਾ ਕਤਲ ਕਰ,
ਜੇ ਪਿਆ ਮਿਲਣਾ ਮਿਲਾਂਗੇ, ਕਿਹੜੀਆਂ ਬਾਹਾਂ ਦੇ ਨਾਲ।

◇ ਮੈਂ ਮੁੱਠੀ ਮਹਿਕ ਦੀ ਭਰਕੇ ਹਵਾ ਦੁਸ਼ਮਣ ਬਣਾ ਲੀਤੀ,
ਜੇ ਬਚ ਜਾਵੇ ਮੁਸੀਬਤ ਹੈ, ਜੇ ਉਡ ਜਾਵੇ ਕਿਆਮਤ ਹੈ।

◇ ਇਕ ਤਰਫ ਰੁੱਖਾਂ ਨੂੰ ਧਰਿਆ ਹੈ ਵਢਾਂਗਾ, ਵਾਢਿਆਂ ਨੇ,
ਇਕ ਤਰਫ ਰੁੱਖਾਂ ਤੇ ਚਿੜੀਆਂ ਘਰ ਬਣਾ ਰਹੀਆਂ ਨ ਵੇਖੋ।

◇ ਜਿਸ 'ਚ ਤੇਰੇ ਖਤ ਸੀ, ਫੋਟੋ ਸੀ, ਪਤਾ ਸੀ, ਉਹ ਕਿਤਾਬ,
ਡਰਦਿਆਂ ਪਤਨੀ ਤੋਂ ਖਵਰੇ ਕਿਸ ਜਗ੍ਹਾ ਧਰ ਹੋ ਗਈ।



Namdhari Elibrary NamdhariElibrary@gmail.com

## ਦੋ ਗ਼ਜ਼ਲਾਂ/ *—ਜਸਵਿੰਦਰ ਮਹਿਰਮ*

੧

ਵਗਦੀਆਂ ਦੇਖ ਕੇ ਪਿੰਡੀਂ ਸ਼ਹਿਰੀਂ ਤੱਤੀਆਂ ਤੇਜ਼ ਹਵਾਵਾਂ।
ਅਪਨੇ ਆਪ ਤੋਂ ਪੁੱਛਦੈ ਬੰਦਾ ਕਿੱਧਰ ਨੂੰ ਤੁਰ ਜਾਵਾਂ।

ਬਾਹਰੋਂ ਡਰ ਕੇ ਘਰ ਨੂੰ ਆ ਜਾਊ, ਘਰ ਤੋਂ ਜਾਊ ਕਿੱਥੇ,
ਜਿਸ ਨੂੰ ਸਦਾ ਡਰਾਉਂਦਾ ਰਹਿਦਾ ਆਪਣਾ ਹੀ ਪਰਛਾਵਾਂ।

ਹੱਤਿਆਵਾਂ, ਖੁਦਕੁਸ਼ੀਆਂ, ਲੁੱਟਾਂ, ਖੋਹਾਂ, ਚੋਰੀਆਂ, ਡਾਕੇ,
ਕਿਧਰੋਂ ਆ ਕੇ ਚਿੰਬੜ ਗਈਆਂ ਸਾਨੂੰ ਕਈ ਬਲ਼ਾਵਾਂ।

ਬੇਰੁਜ਼ਗਾਰੀ, ਚੋਰ-ਬਜ਼ਾਰੀ, ਰਿਸ਼ਵਤਖੋਰੀ ਵਧ ਗਈ,
ਸਰਕਾਰਾਂ ਦੇ ਜਲਵੇ ਨੇ, ਕੀ ਸਿਫਤਾਂ ਹੋਰ ਸੁਣਾਵਾਂ।

ਪੋਸਤ, ਭੁੱਕੀ, 'ਫੀਮ, ਸ਼ਰਾਬਾਂ ਨਿਕ ਸੁਕ ਵੋਟਾਂ ਵੇਲੇ,
ਲੋਕਾਂ ਦੇ ਘਰ ਜਾ-ਜਾ ਵੰਡਿਆ ਹੱਥੀਂ ਆਪ ਨੇਤਾਵਾਂ।

ਘਰ ਦਾ ਵਿਹੜਾ, ਸੜਕਾਂ, ਰਸਤੇ, ਰੁੱਖਾਂ ਦੇ ਬਿਨ ਸੱਖਣੇ ਨੇ,
ਲੋੜ ਪਈ ਜੇ ਲੱਭਣ ਤੁਰੀਏ ਦਿਸਦਾ ਟਾਵਾਂ ਟਾਵਾਂ।

ਵੀਰਾਂ ਦੀ ਬਾਂਹ ਹੁੰਦੇ ਵੀਰ, ਇਹ ਗੱਲ ਦਿਲ ਨਹੀਂ ਮੰਨਦਾ,
ਦੌਲਤ ਖਾਤਿਰ ਮਾਰ ਦਿੱਤਾ ਹੈ ਕੱਲ੍ਹ ਇਕ ਵੀਰ ਭਰਾਵਾਂ।

ਸ਼ੇਰਾਂ ਵਰਗੇ ਪੁੱਤਰਾਂ ਨੂੰ ਜਦ ਘੁਣ ਨਸ਼ਿਆਂ ਦਾ ਲੱਗਾ,
ਢਿੱਡ 'ਚ ਮੁੱਕੀਆਂ ਮਾਰਨ, ਵਿਲਕਣ, ਤੜਫਣ, ਝੂਰਨ ਮਾਵਾਂ।

ਮਾਰ ਦਿੱਤੀ ਹੈ ਜਨਮ ਤੋਂ ਪਹਿਲਾਂ ਕੁੱਖ ਵਿਚ ਧੀ ਅੱਜ ਜਿਸਨੇ,
ਪੁੱਤਰ ਲਈ ਕੱਲ੍ਹ ਪੁੱਛਣਾ ਉਸ ਨੇ ਕੁੜੀਆਂ ਦਾ ਸਿਰਨਾਵਾਂ।

ਕੁੱਲੀ, ਗੁੱਲੀ, ਜੁੱਲੀ ਦਾ ਸਰਕਾਰ ਕਰੇ ਹੱਲ, ਨਹੀਂ ਫਿਰ,
ਆ ਰਹੇ ਵਕਤ ਨੇ ਘੱਟ ਨਹੀਂ ਕਰਨੀ ਦੇਣੀਆਂ ਸਖਤ ਸਜ਼ਾਵਾਂ।

ਬੂਟੇ ਲਾਵੋ ਹਰ ਥਾ 'ਮਹਿਰਮ', ਤਾਂ ਹੀ ਮਾਣ ਸਕਾਂਗੇ,
ਫਲ, ਫੁੱਲ, ਮਹਿਕਾਂ, ਪਿੱਪਲੀਂ ਪੀਘਾਂ, ਤੇ ਤੂਤਾਂ ਦੀਆਂ ਛਾਵਾਂ।

੨

ਦੋ ਰੰਗ ਦੀ ਹੈ ਜ਼ਿੰਦਗੀ, ਰੰਗੀਨ ਵੀ ਵੀਰਾਨ ਵੀ।
ਹੈ ਜੀਅ ਰਿਹਾ ਹਰ ਰੰਗ ਵਿਚ, ਕੀ ਚੀਜ਼ ਹੈ ਇਨਸਾਨ ਵੀ।

ਸੱਚ ਝੂਠ ਹੈ ਇਹ ਜ਼ਿੰਦਗੀ, ਕੰਡਾ ਵੀ ਹੈ ਇਹ ਫੁੱਲ ਵੀ,
ਉਲਫ਼ਤ ਵੀ ਹੈ ਨਫ਼ਰਤ ਵੀ ਹੈ, ਇਖ਼ਲਾਕ ਵੀ ਈਮਾਨ ਵੀ।

ਹਰ ਸ਼ਖਸ ਹੀ ਹੁੰਦਾ ਨਹੀਂ ਨਫ਼ਰਤ ਦਾ ਪਾਤਰ ਦੋਸਤੋ,
ਕੀਤੇ ਨੇ ਪੈਦਾ ਰੱਬ ਨੇ ਇਨਸਾਨ ਵੀ ਸ਼ੈਤਾਨ ਵੀ।
ਹੁੰਦੇ ਕਰੀਬ ਨੇ ਉਹ ਮੇਰੇ, ਫਿਰ ਦੂਰ ਹੋ ਜਾਵਣ ਕਦੇ,
ਇਕ ਪਲ 'ਚ ਹੁੰਦੇ ਨੇ ਖ਼ਫਾ ਇਕ ਪਲ 'ਚ ਮੇਹਰਬਾਨ ਵੀ।

ਘਰ ਵਿਚ ਅਕੇਲੇ ਸ਼ਖਸ ਨੂੰ ਆਉਣ ਮਜ਼ਾ ਕੀ ਜਸ਼ਨ ਦਾ,
ਉਹ ਮੇਜ਼ਬਾਨ ਵੀ ਖੁਦ ਬਣੂੰ, ਖੁਦ ਹੀ ਬਣੂ ਮਹਿਮਾਨ ਵੀ।

ਬੀਤੇ ਸਮੇਂ ਨੂੰ ਯਾਦ ਜੇਕਰ ਕਰ ਲਵਾਂ ਅਣਭੋਲ ਮੈਂ,
ਹੁੰਦਾ ਹੈ ਦਿਲ ਬੇਜ਼ਾਬਤਾ, ਪ੍ਰੇਸ਼ਾਨ ਵੀ ਹੈਰਾਨ ਵੀ।

ਰੋਟੀ ਨਹੀਂ ਲੰਗਰ ਬੜੇ, ਕੱਪੜਾ ਨਹੀਂ ਫੈਸ਼ਨ ਬੜੇ,
ਮਜ਼ਦੂਰ ਵੀ ਨੰਗਾ ਫਿਰੇ, ਭੁੱਖਾ ਮਰੇ ਕਿਰਸਾਨ ਵੀ।

ਉਸ ਨੇ ਜ਼ਮਾਨੇ ਨੂੰ ਬੜਾ ਹੀ ਚਾਰਿਆ ਹੈ ਦੋਸਤਾਂ,
ਜੋ ਜਾਪਦਾ ਸੀ ਬੇਅਕਲ, ਅਣਜਾਣ ਵੀ ਨਾਦਾਨ ਵੀ।

ਕਿੰਨਾ ਸਿਆਣਾ ਹੋ ਗਿਆ ਇਨਸਾਨ ਮੇਰੇ ਸ਼ਹਿਰ ਦਾ,
ਰਿਸ਼ਤਾ ਵੀ ਚਾਹੁੰਦਾ ਪਾਲਣਾ, ਦੇਖੇ ਨਫ਼ਾ ਨੁਕਸਾਨ ਵੀ।

ਪੈਸਾ ਮਿਲੇ ਤਾਂ ਆਦਮੀ ਸਭ ਕੁਝ ਖਰੀਦੇ 'ਮਹਿਰਮਾ',
ਪਹਿਚਾਨ ਵੀ ਅਹਿਸਾਨ ਵੀ, ਸਨਮਾਨ ਵੀ ਭਗਵਾਨ ਵੀ।–

*੪੨੬/੮ ਸ਼ਹੀਦ ਊਧਮ ਸਿੰਘ ਨਗਰ, ਸਤਨਾਮਪੁਰਾ ਫਗਵਾੜਾ, ੯੮੭੧੪੪-੧੪੩੧੭*

## ਗ਼ਜ਼ਲ

*—ਸਿਰੀ ਰਾਮ 'ਅਰਸ਼'*

ਸੱਚ ਬੋਲਣ ਤੇ ਜੀਭ ਕਟਾਈਏ, ਜੋਗੀ ਪੀਰ ਧਿਆਈਏ।
ਭਾਵੇਂ ਪੁੱਠੀ ਖੱਲ ਲੁਹਾਈਏ, ਜੋਗੀ ਪੀਰ ਧਿਆਈਏ।

ਨੱਚ ਕੇ ਅਪਣਾ ਪਿਆਰ ਰਿਝਾਈਏ, ਸ਼ਰਮ ਇਦ੍ਹੇ ਵਿਚ ਕਾਹਦੀ,
ਰੁੱਸੇ ਯਾਰ ਨੂੰ ਇੰਜ ਮਨਾਈਏ, ਜੋਗੀ ਪੀਰ ਧਿਆਈਏ।

ਅੱਜ ਵਿਗਿਆਨ ਨੇ ਧਾਰਨ ਕੀਤਾ, ਭੇਸ ਮਹਾਂ ਪਰਲੋ ਦਾ,
ਧਰਤ ਦਾ ਰੂਪ ਸਰੂਪ ਬਚਾਈਏ, ਜੋਗੀ ਪੀਰ ਧਿਆਈਏ।

ਕਿਉਂ ਇਸ ਦੁਨੀਆ ਵਿਚ ਮਰਦੇ ਹਨ, ਲੋਕ ਅਜਾਈਂ ਮੌਤੇ ?
ਜੀਵਨ-ਮੋਹ ਦਾ ਦੀਪ ਜਗਾਈਏ, ਜੋਗੀ ਪੀਰ ਧਿਆਈਏ!

'ਪੰਚਾਲੀ' ਨੂੰ ਦਾਅ ਤੇ ਲਾ ਕੇ, ਰਾਜ-ਸਿੰਘਾਸਨ ਖਾਤਰ,
ਕੀਕਣ ਉਸ ਦੇ ਚੀਰ ਬਚਾਈਏ ? ਜੋਗੀ ਪੀਰ ਧਿਆਈਏ!

ਜਿਸ ਦੇ ਕਾਰਨ ਆਪਾ ਸਾਡਾ, ਕੰਚਨ ਵਰਗਾ ਹੋਇਆ,
ਚਲ ਆਪਾਂ ਵੀ ਨਾਮ ਕਮਾਈਏ, ਜੋਗੀ ਪੀਰ ਧਿਆਈਏ।

ਉਂਜ ਤੇ ਆਪਣੀ ਸ਼ਕਤੀ ਉੱਪਰ ਮਾਣ ਬਹੁਤ ਹੈ ਸਾਨੂੰ,
ਜਦ ਤੂਫਾਨਾਂ ਵਿਚ ਘਿਰ ਜਾਈਏ, ਜੋਗੀ ਪੀਰ ਧਿਆਈਏ।

ਮਿਰਗ ਨਹੀਂ ਹੁੰਦਾ ਸੋਨੇ ਦਾ, ਉਹ ਸੀ 'ਅਰਸ਼' ਛਲਾਵਾ,
ਇਹ ਗੱਲ ਰਾਣੀ ਨੂੰ ਸਮਝਾਈਏ, ਜੋਗੀ ਪੀਰ ਧਿਆਈਏ।

*—੨੦੪-ਸੈਕਟਰ ੬੫-ਮੋਹਾਲੀ*



Namdhari Elibrary NamdhariElibrary@gmail.com

# ਗੀਤ

—ਅਜੈਬ ਸਿੰਘ

ਮੇਰਾ ਇਸ਼ਕ ਤੇ ਮੈਨੂੰ ਤਾਰ ਗਿਆ,
ਕੋਈ ਡੁੱਬਿਆ ਹੋਊ ਮੈਂ ਤੇ ਪਾਰ ਗਿਆ।

ਹਰ ਥਾਂ ਤੇ ਇਸ਼ਕ ਦੀ ਭੰਡੀ ਏ,
ਭਾਵੇਂ ਇਸ ਬਾਝੋਂ ਰੂਹ ਰੰਡੀ ਏ,
ਇਹ ਤੇ ਯਾਰ ਦੇ ਘਰ ਦੀ ਛੰਡੀ ਏ,
ਆਸ਼ਕ ਦੀ ਹਰ ਥਾਂ ਝੰਡੀ ਏ,
ਜੋ ਰੱਖਦਾ ਤਨ ਮਨ ਚੰਡੀ ਏ,
ਜਿਸ ਪਿਆਰ ਸ਼ੀਰੀਨੀ ਵੰਡੀ ਏ,
ਮੇਰਾ ਤਪਦਾ ਸੀਨਾ ਠਾਰ ਗਿਆ।
ਮੇਰਾ ਇਸ਼ਕ.....

ਜਦ ਦਾ ਪ੍ਰੇਮ ਪਿਆਲਾ ਪੀਤਾ,
ਇਸ਼ਕ ਨੇ ਸਭ ਕੁਝ ਪੱਧਰਾ ਕੀਤਾ,
ਨੀਵਾਂ ਹੋਣਾ ਜਦ ਤੋਂ ਸਿਖਿਆ,
ਗੁਰਮੁੱਖ ਹਾਰ ਚਲੇ ਜੱਗ ਜੀਤਾ
ਧਨ ਦੌਲਤ ਨੂੰ ਮਾਰ ਪਲੀਤਾ,
ਉਠ ਇਹਨਾਂ ਤੋਂ ਇਤਬਾਰ ਗਿਆ।
ਮੇਰਾ ਇਸ਼ਕ.......

ਹੁਣ ਤੇ ਹਰ ਕੋਈ ਚੰਗਾ ਲੱਗੇ,
ਹਰ ਦਮ ਵਾਅ ਪੁਰੇ ਦੀ ਵੱਗੇ,
ਮਨ ਚੰਦਰਾ ਹੀ ਸਭ ਨੂੰ ਠੱਗੇ,
ਏਹੋ ਮੇਮੇ ਠੱਗਣਾ ਬਣ ਕੇ,
ਹਰ ਦਮ ਬੀਜੀ ਖਾਰ ਗਿਆ।
ਮੇਰਾ ਇਸ਼ਕ.....

ਵਿਚ ਅਕਾਸ਼ ਉਡਾਰੀਆਂ ਲਾਈਏ,
ਕਿਸੇ ਖਿੱਚ ਤੋਂ ਨਾ ਘਬਰਾਈਏ,
ਹੱਸਦੇ ਅਤੇ ਹਸਾਂਦੇ ਜਾਈਏ,
ਸੱਚ ਵਣਜੀਏ, ਸੱਚ ਕਮਾਈਏ,
ਭੇੜਾ ਝੂਠ ਹੀ ਸਾਨੂੰ ਚਾਰ ਗਿਆ,
ਮੇਰਾ ਇਸ਼ਕ ਤੇ ਮੈਨੂੰ ਤਾਰ ਗਿਆ,
ਕੋਈ ਡੁਬਿਆ ਹੋਊ ਮੈਂ ਤੇ ਪਾਰ ਗਿਆ

*ਅਸੀਸ ਦੀ ਮਾਲ, ਕਪੂਰਥਲਾ।*

# ਬਸੰਤ

—ਤੁਲੀ ਫ਼ਕੀਰ ਚੰਦ

ਰੁੱਤ ਬਸੰਤੇ ਬਾਣ ਬਸੰਤੀ ਤਾਣ ਤਾਣ ਕੇ ਮਾਰ ਕੁੜੇ
ਧੂ ਧੂ ਕਰਕੇ ਜੰਗਲ ਸੜਦਾ, ਜਗਤ ਜਲੰਦਾ ਠਾਰ ਕੁੜੇ

ਭੁੱਲ ਭੁੱਲ ਹੋਸ਼ਾਂ ਤੇ ਮਸਤੀ ਨੂੰ, ਮਿਲਜੁਲ ਚੜ੍ਹੇ ਖੁਮਾਰ ਕੁੜੇ
ਤੁੱਲ ਤੁੱਲ ਤੇਰੇ ਪਲੜੇ ਅੰਦਰ, ਹੋ ਜਾਵਾਂ ਨਿਰਤਾਰ ਕੁੜੇ

ਰੰਗ ਤੇਰੇ ਜਦ ਪਓਣਾਂ ਤਾਈਂ, ਪਕੜ ਲਿਆ ਖਲ੍ਹਿਆਰ ਕੁੜੇ
ਤਾਂ ਪਓਣਾਂ 'ਚੋਂ ਸੌ ਵਲ ਖਾਂਦਾ, ਜੰਮਿਆ ਰਾਗ ਬਹਾਰ ਕੁੜੇ

ਰੁੱਤ ਬਸੰਤੇ ਪਲਟਾ ਲਾ ਕੇ—ਛੇੜ ਕਦੇ ਮਲਹਾਰ ਕੁੜੇ
ਛਹਿਬਰ, ਛਹਿਬਰ. ਝਰ ਝਰ. ਝਰ ਝਰ, ਤਰਸ ਕਰੀਂ ਦਿਨ ਚਾਰ ਕੁੜੇ

ਕੀ ਇਕ ਵਾਰੀ ਅੰਬਰ ਵੱਲ ਤੂੰ ਤੱਕਿਆ ਝਾਤੀ ਮਾਰ ਕੁੜੇ
ਉਸ ਵੇਲੇ ਤੋਂ ਹਰ ਤਾਰੇ ਨੂੰ, ਚੜ੍ਹਿਆ ਰਵ੍ਹੇ ਬੁਖਾਰ ਕੁੜੇ

ਸਰ੍ਹੋਂ-ਬਸੰਤੀ, ਸੋਨ-ਪਰੀ ਦੀ ਸੁਣ ਸੁਣ ਕੇ ਗੁਫ਼ਤਾਰ ਕੁੜੇ
ਸੋਨਾ ਬਣੇ ਸੁਮੇਰ ਅਨੇਕਾਂ ਮਨ ਸੱਧਰਾਂ ਤੋਂ ਵਾਰ ਕੁੜੇ

ਹੱਕ ਹਕੀਕਤ ਲਈ ਹਕੀਕਤ, ਹਿੱਕ ਤੇ ਖਾਧਾ ਵਾਰ ਕੁੜੇ
ਹੋਈ ਹਕੀਕਤ ਕਰਕੇ ਉਚੀ, ਅਣਖਾਂ ਦੀ ਦਸਤਾਰ ਕੁੜੇ

ਜਦੋਂ ਸ੍ਰੀ ਭੈਣੀ ਨੇ ਕੀਤਾ-ਲੰਡਨ ਉੱਤੇ ਵਾਰ ਕੁੜੇ
ਆਜ਼ਾਦੀ ਦੀ ਤੜਪ ਬਸੰਤੀ, ਨਿਕਲੀ ਕੂਕਾਂ ਮਾਰ ਕੁੜੇ

ਰੰਗ ਬਸੰਤੀ ਚੋਲਾ ਰੰਗਿਆ ਭਗਤ ਸਿੰਘ ਸਰਦਾਰ ਕੁੜੇ
ਤਾਂ ਤੇਰੇ ਰੰਗ ਰੰਗੀ ਉਸਨੇ, ਕੁੱਲ ਭਾਰਤ ਸਰਕਾਰ ਕੁੜੇ

ਫਿਰ ਕੀ ਹੈ ਮੰਝਧਾਰ ਕੁੜੇ, ਫਿਰ ਕੀ ਕਰਨਾ ਪਤਵਾਰ ਕੁੜੇ
ਜੇ ਬੁੱਕਲ ਵਿਚ ਮਾਹੀਆ ਵੱਸੇ, ਜੇ ਬੁੱਕਲ ਵਿਚ ਯਾਰ ਕੁੜੇ

ਬੁੱਲ੍ਹਾ ਮੈਂ ਵਿਚ, ਮੈਂ ਬੁਲ੍ਹੇ ਵਿਚ. ਮੈਂ ਕਾਫੀ ਦੀ ਤਾਰ ਕੁੜੇ
ਬੁਲ੍ਹੇ ਸੰਗ ਕਰ ਥਈਆ ਥਈਆ. ਠਾਰ ਦਵੀਂ ਅੰਗਿਆਰ ਕੁੜੇ

*—੫, ਰਮੇਸ਼ ਕਾਲੋਨੀ, ਜਲੰਧਰ*
੯੮੧੫੮-੮੮੦੫੮

*(ਛਪ ਰਹੀ ਪੁਸਤਕ 'ਖ਼ਲਲ' ਵਿਚੋਂ)*



Namdhari Elibrary NamdhariElibrary@gmail.com

# ਇੰਦਰਜੀਤ ਹਸਨਪੁਰੀ ਕਾਵਿ

## ਨੰਦ ਲਾਲ ਨੂਰਪੁਰੀ ਨੂੰ ਸ਼ਰਧਾਂਜਲੀ

ਅਪਣੇ ਗੀਤਾਂ ਵਿਚ ਦਰਸਾਏ
ਜਿਸ ਨੇ ਸਭ ਰਹੁਰੀਤ
ਨੂਰਪੁਰੀ ਦੇ ਗੀਤਾਂ ਵਰਗੇ
ਕੌਣ ਲਿਖੂ ਗਾ ਗੀਤ

'ਗੀਤ ਬਹਾਰਾਂ ਦੇ' 'ਮੰਗਤੀ'
ਤੇ 'ਖੇਡਣ ਦੇ ਦਿਨ ਚਾਰ'
ਇਹਨਾ ਫਿਲਮਾਂ ਦੇ ਗੀਤਾਂ ਵਿਚ
ਝਲਕੇ ਸਭਿਆਚਾਰ
ਲਿਖੇ ਚਿਰਾਂ ਦੇ, ਹੁਣੇ ਲਿਖੇ ਜਿਉਂ
ਹੁੰਦਾ ਇਉਂ ਪ੍ਰਤੀਤ
ਨੂਰਪੁਰੀ ਦੇ ਗੀਤਾਂ...........।

ਵਿਚ ਕਿਤਾਬਾਂ 'ਵੰਗਾਂ' ਛਣਕਣ
ਤੇ ਵੰਡੇ 'ਸੌਗਾਤ'
ਗੀਤਾਂ ਦੇ ਵਿਚ ਕੌਣ ਕਰੂਗਾ
ਨੂਰਪੁਰੀ ਜਿਹੀ ਬਾਤ
ਦਰਿਆਵਾਂ ਜਿਹੀ ਦਿਸੇ ਰਵਾਨੀ
ਝਰਨੇ ਜਿਹਾ ਸੰਗੀਤ
ਨੂਰਪੁਰੀ ਦੇ ਗੀਤਾਂ..........।

ਨੂਰਪੁਰੀ ਦੇ ਗੀਤਾਂ ਵੰਡਿਆ
ਇਸ ਧਰਤੀ ਤੇ ਨੂਰ
ਜਿਸ ਦੀ ਹਰ ਇਕ ਤੁਕ ਦੇ ਵਿਚ ਹੈ
ਮਸਤੀ ਅਤੇ ਸਰੂਰ
ਹਰ ਪੰਜਾਬੀ ਦੇ ਮਨ ਦੇ ਜੋ
ਬਣ ਬੈਠੇ ਨੇ ਮੀਤ
ਨੂਰਪੁਰੀ ਦੇ ਗੀਤਾਂ..............।

ਜੀਂਦੇ ਜੀ ਨਾ ਇਸ ਦੁਨੀਆ ਵਿਚ
ਮਾਣ ਕਿਸੇ ਨੇ ਪਾਇਆ
ਖੂਹ ਵਿਚ ਛਾਲ ਮਾਰ ਕੇ ਮਰਿਆ
ਇਹ ਪੰਜਾਬ ਦਾ ਜਾਇਆ
ਹਸਨਪੁਰੀ ਇਹ ਦਾਗ਼ ਨਾ ਮਿਟਣਾ
ਯੁੱਗ ਜਾਣਗੇ ਬੀਤ
ਨੂਰਪੁਰੀ ਦੇ ਗੀਤਾਂ................।

## ਚੁੰਨੀ ਦੇ ਸ਼ੇਅਰ

ਸਿਰ ਦਾ ਤਾਜ ਬਣ ਕੇ ਸਿਰ 'ਤੇ ਟਿਕੀ ਚੁੰਨੀ
ਬਣੀ ਸ਼ਰਮ ਹਿਆ ਤੇ ਮਾਣ ਚੁੰਨੀ।
ਸ਼ੌਕ ਨਾਲ ਫਿਰ ਸਿਰੋਂ ਅਸੀਂ ਹੋਏ ਨੰਗੇ,
ਟਿਕੀ ਮੋਢਿਆਂ ਉਤੇ ਫਿਰ ਆਣ ਚੁੰਨੀ।
ਫੇਰ ਚੁੰਨੀ ਨੇ ਪੱਟੀ ਦੀ ਸ਼ਕਲ ਧਾਰੀ,
ਰਹੀ ਇਕੋ ਹੀ ਮੋਢੇ ਤੇ ਪਈ ਚੁੰਨੀ।
ਰੁੰਡ-ਮਰੁੰਡ ਦਰਖਤ ਜਿਹੇ ਸੁਟ ਰਹਿ ਗਏ,
ਖਵਰੇ ਮੋਢੇ ਤੋਂ ਕਿਧਰ ਨੂੰ ਗਈ ਚੁੰਨੀ।

ਸੱਭਿਆਚਾਰ ਤੇ ਸੱਭਤਾ ਅਸੀ ਭੁੱਲੇ,
ਪੁਸ਼ਤਾਂ-ਪੁਸ਼ਤਾਂ ਦੀ ਖੱਟੀ ਗੁਆ ਰਹੇ ਹਾਂ
ਮਾਣ-ਮੱਤਾ ਜੋ ਵਿਰਸਾ ਪੰਜਾਬੀਆਂ ਦਾ
ਹਸਨਪੁਰੀ ਉਹ ਵਿਸਰਦੇ ਜਾ ਰਹੇ ਹਾਂ।

## ਚੁੰਨੀ

ਸਿਰ ਤੇ ਚੁੰਨੀ ਲੈ ਲੈ ਨੀ ਤੇਰੀ ਏਸੇ ਵਿਚ ਸ਼ਾਨ,
ਕਰ ਲੈ ਫੈਸ਼ਨ, ਫੈਸ਼ਨ ਤੋਂ ਕਰ ਨਾ ਸੱਭਤਾ ਕੁਰਬਾਨ,
ਸਿਰ ਤੇ ਚੁੰਨੀ......................।

ਨੰਗੇ ਸਿਰ ਨਾ ਹੋਵੇ ਨੀ ਕੋਈ ਸ਼ਗਨਾ ਦੀ ਬਾਤ,
ਹੋ ਕੇ ਸੀਤਾ, ਸਾਵਿਤਰੀ ਪਾਵੇਂ ਮੇਮਾਂ ਨੂੰ ਮਾਤ,
ਸੋਚੀਂ, ਸੋਚੀਂ ਕੀ ਕਹਿੰਦਾ ਸਾਡਾ ਧਰਮ-ਈਮਾਨ.
ਸਿਰ ਤੇ ਚੁੰਨੀ....................।

ਨੰਗਾ ਸਿਰ ਤਾਂ ਕਰਦੇ ਨੇ ਮੋਇਆਂ, ਮਰਿਆਂ ਤੋਂ ਲੋਕ,
ਚੰਚਲ ਮਨ ਨੂੰ ਸਮਝ ਲੈ ਭੈੜੀ ਬਿਰਤੀ ਨੂੰ ਰੋਕ,
ਕਰ ਲੈ, ਕਰ ਲੈ ਕਾਬੂ ਨੀ ਆਪਣੇ ਮਨ ਦਾ ਸ਼ੈਤਾਨ,
ਸਿਰ ਤੇ ਚੁੰਨੀ...........................।

ਤੂੰ ਹੀ ਦੱਸ ਦੇ ਮੈਂ ਤੈਨੂੰ ਦੇਵਾਂ ਕੀ-ਕੀ ਪਰਮਾਣ,
ਨੰਗਾ ਸਿਰ ਨਾ ਹੁੰਦਾ ਨੀ ਸੰਗਾਂ, ਸ਼ਰਮਾਂ ਦਾ ਹਾਣ,
ਸਭਿਆਚਾਰਾਂ ਦਾ ਘਰ ਹੈ ਸਾਡਾ ਹਿੰਦੁਸਤਾਨ,
ਸਿਰ ਤੇ ਚੁੰਨੀ........................।



Namdhari Elibrary NamdhariElibrary@gmail.com

# ਸੁਹਾਗਣ

—*ਦਲਬੀਰ ਸਿੰਘ 'ਤਰਸ'*

(੧)

ਬਸੰਤ ਆਈ ਹਰਿ ਮੰਗਲ ਗਾ ਰਹੀ, ਇਕ ਮਧ[1] ਜਹੀ ਖਿਲਰੀ ਜਾਵੇ,
ਨੈਣਾ ਵਿਚ ਗੁਲਜ਼ਾਰ ਖਿੜ ਰਹੀ, ਤਾਹੀਓਂ ਤੇ ਕਦੇ ਨੀਂਦ ਨਾ ਆਵੇ।

ਘਰ ਵੜਦੇ ਤਸਵੀਰ ਤੇਰੀ ਦੇ, ਕਰੀਏ ਜਦੋਂ ਦੀਦਾਰੇ,
ਹਿਰਦੇ ਦੇ ਘੁੱਪ ਨ੍ਹੇਰਿਆਂ ਦੇ ਵਿਚ, ਡਲ੍ਹਕਾਂ ਮਾਰਨ ਤਾਰੇ।

ਚਰਨਾਂ ਵਿਚ ਅਸੀਂ ਬੈਠ ਪ੍ਰਭੂ ਜੀ, ਅਡੋਲ ਜਹੇ ਹੋ ਜਾਈਏ,
ਜੁਗਾਂ ਜੁਗੰਤਰ ਕਰੀ ਅਰਾਧਨਾ, ਖਿਨਾਂ ਪਲਾਂ ਵਿਚ ਪਾਈਏ।

ਵਸਣਾ ਤੇਰੀ ਸੰਗਤਿ[2] ਸੁਆਮੀ, ਪ੍ਰਭ ਜੀ ਮਹਿਲੀਂ ਰਹਿਣਾ,
ਗਲ ਵਿਚ ਪਾ ਕੇ ਰੱਜ ਹੰਢਾਇਆ, ਯਾਦ ਤੇਰੀ ਦਾ ਗਹਿਣਾ।

ਤੁਧ ਜੇਵਡ ਨਾ ਕੋਈ ਪਿਆਰਾ;
ਏਸ ਜਗਤ ਦਾ ਤੂੰ ਲਿਸ਼ਕਾਰਾ;
ਤੈਥੋਂ ਤੇਜ ਹੀ ਪਾ ਕੇ ਬਣਿਆਂ,
ਜਿਸ ਨੂੰ ਆਖਣ ਪਰਾਨ ਅਧਾਰਾ।

---

1.ਮਧ-ਮਸਤੀ, 2.ਸੰਗਤਿ-ਸੰਗਤ ਵਿਚ।

(੨)

ਤੇਰੀ ਇਸ ਤਸਵੀਰ ਦੇ ਵਿਚੋਂ, ਗੁਰ ਜਗਜੀਤੁ[1] ਦੀਦਾਰ ਕਰਾਂ,
ਇਕ ਅੰਮ੍ਰਿਤ ਧਾਰਾ ਬਰਸਣ ਲੱਗੇ, ਤਨ ਮਨ ਨੂੰ ਸਰਸ਼ਾਰ ਕਰਾਂ।

ਐਨਾ ਲੱਥ ਡੂੰਘਾਣੀ ਰਹਿ ਗਿਆ, ਅੰਦਰ ਬਾਹਰ ਵਸਦਾ ਨਾਲ,
ਇਸ ਵਿਚੋਂ ਹੀ ਨਹਾ ਕੇ ਆਉਂਦੇ, ਮੇਰੇ ਤੱਕ ਜੋ ਪੁਹਣ ਖਿਆਲ।

ਅੱਜ ਦੇ ਮੇਰੇ ਨੈਣ ਦੀ ਜੋਤੀ, ਕਲਮ ਦੀ ਮੈ[2] ਤਸੀਰ ਭੀ ਇਹ,
ਹਲਤ ਪਲਤ[3] ਨੂੰ ਪੜ੍ਹਨੇ ਵਾਲੀ, ਲਿਖੀ ਗਈ ਤਕਦੀਰ ਭੀ ਇਹ।

ਪ੍ਰਭੂ ਰਾਮ ਨਾ ਤੋਲਣ ਬਹਿਣਾ, ਸੋਚ ਮੇਰੀ ਨੇ ਜਾਣ ਲਿਆ,
ਇਸ ਦੇ ਚਰਨਾਂ ਵਿਚ ਖਲੋ ਕੇ, ਸੰਗੁ ਸੁਆਮੀ[4] ਮਾਣ ਲਿਆ।

ਐਸਾ ਮੇਲ ਬਣਾਈ ਰੱਖਣਾ;
ਸੀਤਲਤਾ ਵਰਸਾਈ ਰੱਖਣਾ;
ਕਦੇ ਨਾ ਸਾਨੂੰ ਵੀਸਰ ਪਾਏ;
ਮਿਹਰਾਮਤ ਨਾਲ ਰਜਾਈ ਰੱਖਣਾ।

---

1.ਜਗਜੀਤੁ-ਜਗਜੀਤ ਦਾ, 2.ਮੈ-ਮੇਰੀ, 3.ਹਲਤ ਪਲਤ-ਲੋਕ ਪਰਲੋਕ,
4. ਸੰਗ ਸੁਆਮੀ-ਪ੍ਰਭੂ ਸੰਗ।

(੩)

ਹਿਰਦੇ ਵਿਚ ਧਿਆਵਾਂ ਤੈਨੂੰ, ਗੁਰ ਜਗਜੀਤ 'ਚੋਂ ਪਾਵਾਂ ਤੈਨੂੰ,
ਮਿਹਰਬਾਨ ਹੋ ਰਸਦਾ ਜਾਵੇਂ, ਜਾਂ ਸੋਚਾਂ ਵਿਚ ਸਮਾਵਾਂ ਤੈਨੂੰ।

ਨਾਮ ਜਲ ਨਾ ਨਿੱਤ ਨਹਾ ਕੇ, ਤਸਵੀਰ ਤੇਰੀ ਮੈਂ ਪੂਜ ਰਿਹਾ ਹਾਂ,
ਦੀਦਾਰ ਤੇਰੇ ਦੀ ਸੰਗਤ ਵਿਚੋਂ, ਇਸ ਕੂੜ ਸਮੇਂ ਨਾ ਜੂਝ ਰਿਹਾ ਹਾਂ।

ਸਤਿਗੁਰ! ਤੇਰੇ ਚਰਨੁ[1] ਖਲੋ ਕੇ, ਮਿਲਦੀ ਊਚ ਉਚਾਈ,
ਨੂਰ ਤੇਰੇ ਦੇ ਨੀਚੇ ਚੱਲਿਆਂ, ਪਾ ਰਹੀ ਜੀਤ ਸਚਾਈ।

ਜਾਂ ਤੂੰ ਸੰਗ ਮੇਰੇ, ਪ੍ਰਭ ਸੰਗ ਮੇਰੇ, ਲਹਿ ਜਾਣ ਸੱਭੇ ਪਾਪ ਸਹੇੜੇ,
ਸੁੱਖ ਸਾਗਰ ਦੇ ਵਿਚ ਸਮੋਇਆਂ, ਜੀਣ ਮਰਨ ਦੇ ਮੁੱਕਣ ਗੇੜੇ।

ਨੇੜ ਰਹੇਂ ਚਾਹੇ ਦੂਰ;
ਮੈਂ ਜਾਮਾ ਸੰਗ ਹਜੂਰ[2];
ਸੰਗ ਤੇਰੇ ਦਾ ਹੀ ਧਰਵਾਸਾ,
ਹੋ ਰਹੀ ਵਰਖਾ ਨੂਰੋ ਨੂਰ।

---

1. ਚਰਨੁ-ਚਰਨਾ ਵਿਚ 2. ਹਜੂਰ-ਹਾਜਰ।

(੪)

ਤੇਰੀ ਹੀ ਸਦਾ ਸੰਗਤ ਦੇ ਸੰਗ, ਭੈਣੀ ਵਿਚ ਸਦਾ ਭਵਣ ਬਹਾਰਾਂ,
ਉਸ ਤੱਤੀ ਰੇਤ ਦੇ ਟਿੱਬਿਆਂ ਉੱਤੇ, ਅੱਜ ਗੁੱਲ ਗੁੱਲ ਨੇ ਗੁਲਜ਼ਾਰਾਂ।

ਹਰੀ ਵਿਛੀ ਪਈ ਘਾ ਤੇ ਤੁਰਿਆਂ, ਰਾਮ ਟਸ ਦੇ ਆਵਣ ਝੂਟੇ,
ਮੋਰ ਬਾਗਾਂ ਵਿਚ ਬਾਗ ਹੋ ਪੈਲਣ, ਮਸਤ ਰੌਣ ਵਿਚ ਨਿੰਮ ਬਰੂਟੇ[1]।

ਅੰਮ੍ਰਿਤ ਵੇਲਾ ਇਸ ਤੀਰਥ ਤੋਂ, ਆਣ ਮੰਗੋਂਦਾ ਸੁਰਗੁ ਨਜ਼ਾਰਾ[2],
ਦੂਰ ਦੁਰਾਡਿਓਂ ਰਾਖੀ ਕਰ ਰਿਹਾ, ਜਾਂ[3] ਆਪ ਰਾਮੁ ਰਖਵਾਰਾ।

ਓਸ ਭੈਣੀ ਦਿਆਂ ਛੱਪਰਾਂ ਉੱਤੇ, ਇਸ ਭੈਣੀ ਨੇ ਮਹਿਲ ਉਸੇਰੇ,
ਗੁਰੂ ਰਾਮ ਦਿਆਂ ਰਾਹਾਂ ਦੇ ਵਿਚ, ਗੁਰ ਜਗਜੀਤ ਦੇ ਫਿਰਦੇ ਫੇਰੇ।

ਸਮੇਂ ਦੀ ਇਹ ਰਫਤਾਰ ਭੀ ਬਦਲੀ;
ਭੈਣੀ ਦੀ ਇਹ ਨੁਹਾਰ ਭੀ ਬਦਲੀ;
ਜਿਸ ਤੋਂ ਬਲ ਲੈ ਸਭ ਕੁਝ ਬਦਲੇ;
ਅਜ਼ਲੀ[4] ਉਹ ਹਰਿ ਧਾਰ[5] ਨਾ ਬਦਲੀ।

---

1. ਬਰੂਟੇ-ਬਰੋਟੇ, 2. ਸੁਰਗੁ ਨਜ਼ਾਰਾ-ਸਵਰਗੀ ਨਜ਼ਾਰਾ, 3. ਜਾਂ-ਜਿਸ ਦੀ, 4. ਅਜ਼ਲੀ-ਮੁੱਢ ਕਦੀਮੀ, 5. ਹਰਿ ਧਾਰ-ਨਾਮ ਸਿਮਰਨ।



Namdhari Elibrary NamdhariElibrary@gmail.com

# ਸਤਾਰਾਂ ਜਨਵਰੀ

—ਮਾ. ਅਮਰੀਕ ਸਿੰਘ

ਸਤਾਰਾਂ ਜਨਵਰੀ ਦਾ ਦਿਨ ਰਲ ਮਨਾਈਏ।
ਸ਼ਹੀਦਾਂ ਨੂੰ ਕਰ ਯਾਦ ਦਿਨ ਇਹ ਲੰਘਾਈਏ।

ਕਰੋ ਯਾਦ ਅਤਿ ਦੀ ਸੀ ਇਕ ਰਾਤ ਠੰਢੀ,
ਜਦੋਂ ਬਣਿਆ ਕੱਲਰ ਇਹ ਸੀ ਮੌਤ ਮੰਡੀ,
ਜ਼ਰਾਂ ਉਹਨਾਂ ਘੜੀਆਂ ਨੂੰ ਮਨ ਵਿਚ ਵਸਾਈਏ,

ਮੰਗਾਈਆਂ ਸੀ ਤੋਪਾਂ ਸਵੇਰੇ ਸਵੇਰੇ,
ਤੇ ਸਿੰਘ ਠੰਢੇ ਪਾਣੀ 'ਚ ਨਾਤੇ ਹਨੇਰੇ,
ਸ਼ੁਕਰ ਹੈ ਵਤਨ ਲਈ ਜੇ ਪਰਵਾਨੇ ਜਾਈਏ।

ਖੜਾ ਹੀਰਾ ਸਿੰਘ ਤੋਪ ਮੂਹਰੇ ਪੁਕਾਰੇ,
ਚਲਾ ਬਿੱਲਿਆ ਵੇਖ ਸਾਡੇ ਵੀ ਕਾਰੇ,
ਇਕ ਚਲੂ ਜਦੋਂ ਹੁਕਮ ਧੁਰ ਦਾ ਸੁਨਾਈਏ।

"ਚਲਾ ਜਾ ਤੂੰ ਵਰਿਆਮ", ਕਾਵਨ ਹੈ ਕਹਿੰਦਾ,
"ਤੇਰਾ ਕੱਦ ਹੈ ਮਧਰਾ ਨਿਸ਼ਾਨਾਂ ਨਾਂ ਬਹਿੰਦਾ",
ਕਿਹਾ, "ਭੱਜ ਕੇ ਵਾਹਣਾਂ 'ਚੋਂ ਢੀਮਾਂ ਲਿਆਈਏ,

"ਤੂੰ ਸੁੰਦਰ ਤੇ ਮਾਸੂਮ ਹੈ ਬਿਸ਼ਨ ਸਿੰਘਾ,
ਤੇ ਵਲਛਲ ਤੋਂ ਮਹਿਰੂਮ ਹੈ ਬਿਸ਼ਨ ਸਿੰਘਾ,
ਜੇ ਕਹਿ ਦੇ "ਮੈਂ ਸਿੱਖ ਨਹੀਂ" ਤਾਂ ਜੀਵਨ ਬਚਾਈਏ,

ਝਪਟ ਮਾਰ ਕਾਵਨ ਦੀ ਫੜ ਲੀਤੀ ਦਾੜ੍ਹੀ
ਤੜਪਿਆ, ਜਦੋਂ ਉਸ ਨੇ ਖਿੱਚ ਪੂਰੀ ਚਾੜ੍ਹੀ,
ਮਜ਼ਾ ਤੇਗੀ ਆਖੀਦਾ ਤੈਨੂੰ ਚਖਾਈਏ,
ਛਿਆਸਠ ਸ਼ਹੀਦਾਂ ਨੇ ਅੱਜ ਦੇ ਦਿਹਾੜੇ,
ਵਤਨ ਵਾਸਤੇ ਝੱਲੇ ਸੀਨੇ ਦੁਗਾੜੇ,
ਮਜ਼ਾ ਤੇਗੀ ਆਖੀਦਾ ਤੈਨੂੰ ਚਖਾਈਏ,

ਹਜ਼ਾਰਾਂ ਵੀ ਕੰਮ ਹੋਰ ਇਹ ਦਿਨ ਨਾਂ ਭੁੱਲੀਏ,
ਸ਼ਹੀਦਾਂ ਦਾ ਪਾਸਾ ਜ਼ਰੂਰ ਆਕੇ ਖੁੱਲੀਏ,
ਤੇ ਸ਼ਰਧਾ ਦੇ ਫੁੱਲ ਇਥੇ ਆ ਕੇ ਚੜ੍ਹਾਈਏ।

# ਸੰਤ ਸੁਦਾਗਰ ਸਿੰਘ ਜੀ

ਸੰਤ ਸੁਦਾਗਰ ਸਿੰਘ ਜੀ ਬਸਤੀ ਭੂਰੇ ਖਾਂ ਜਲੰਧਰ ਵਾਲੇ ਕੋਈ ਪਚਾਨਵੇਂ ਸਾਲ ਦੀ ਉਮਰ ਵਿਚ ੧੧ ਜਨਵਰੀ ੨੦੦੭ ਨੂੰ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ ਹਨ। ਉਹ ਇਮਾਰਤ ਸਾਜ਼ੀ ਦੇ ਸੁੱਚੇ ਅਤੇ ਮਿਹਨਤੀ ਕਾਰੀਗਰ ਸਨ। ਉਹਨਾਂ ਸਾਰੀ ਉਮਰ ਸੁੱਚੀ ਕਿਰਤ ਕੀਤੀ ਇਸ ਦੇ ਨਾਲ ਹੀ ਉਹਨਾਂ ਸਹੀ ਅਰਥਾਂ ਵਿਚ ਸੱਚੀ ਕਿਰਤ ਅਧਿਆਤਮਕ ਕਿਰਤ ਵੀ ਕੀਤੀ। ਆਪਣੇ ਹਥੀਂ ਕੰਮ ਕਰਨ ਦੇ ਨਾਲ ਨਾਲ ਉਹਨਾਂ ਗੁਰਬਾਣੀ ਕੰਠ ਕੀਤੀ ਅਤੇ ਜੀਵਨ ਦੇ ਵੱਡੇ ਭਾਗ ਵਿਚ ਰੋਜ਼ਾਨਾ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਇਸ਼ਕ ਵਾਂਗ ਕੀਤਾ। ਕੋਈ ਆਵੇ ਨਾ ਆਵੇ ਸੰਤ ਸੁਦਾਗਰ ਸਿੰਘ ਤੜਕੇ ਹੀ ਨਾਮਧਾਰੀ ਗੁਰਦੁਆਰੇ ਵਿਚ ਹਾਜ਼ਰ ਹੁੰਦੇ ਸਨ। ਢੋਲਕ ਛੈਣਿਆਂ ਦੀ ਸ਼ੈਲੀ ਵਿਚ ਆਸਾ ਦੀ ਵਾਰ ਦੇ ਕੀਰਤਨ ਦੀਆਂ ਰੀਤਾਂ ਅਤੇ ਸ਼ਬਦਾਂ ਦਾ ਇਕ ਅਖੁਟ ਭੰਡਾਰ ਉਹਨਾਂ ਕੋਲ ਸੀ ਅਤੇ ਸ੍ਰੀ ਭੈਣੀ ਸਾਹਿਬ ਦੇ ਕੀਰਤਨੀਆਂ ਦੀਆਂ ਰੀਤਾਂ ਉਹਨਾਂ ਦੇ ਚੇਤੇ ਵਿਚ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਰ ਰੋਜ਼ ਆਸਾ ਦੀ ਵਾਰ ਦਾ ਕੀਰਤਨ ਕਰਦੇ ਅਤੇ ਸਰਵਣ ਕਰਦੇ ਹਨ। ਜਦੋਂ ਕਦੇ ਆਪ ਅੰਮ੍ਰਿਤ ਵੇਲੇ ਕਿਤੇ ਯਾਤਰਾ ਵਿਚ ਹੋਣ ਤਾਂ ਵੀ ਉਹ ਕਿਸੇ ਸਿੱਖ ਕੋਲੋਂ ਆਸਾ ਦੀ ਵਾਰ ਦਾ ਪਾਠ ਛੱਕੇ ਛੰਤਾਂ ਸਮੇਤ ਸੁਣਦੇ ਹਨ। ਇਸ ਜਲੰਧਰ ਦੇ ਆਸ ਪਾਸ ਦੇ ਇਲਾਕੇ ਵਿਚ ਆਪ ਜੀ ਅਕਸਰ ਸੰਤ ਸੁਦਾਗਰ ਸਿੰਘ ਜੀ ਨੂੰ ਆਪਣੀ ਸੰਗਤ ਅਤੇ ਦਰਸ਼ਨਾਂ ਦਾ ਅਵਸਰ ਬਖਸ਼ਕਦੇ ਅਤੇ ਸੰਤਾਂ ਕੋਲੋਂ ਆਸਾ ਦੀ ਵਾਰ ਦਾ ਪਾਠ ਸਫਰ ਵਿਚ ਹੀ ਸਰਵਣ ਕਰ ਕੇ ਮਾਣ ਬਖਸ਼ਦੇ।

ਮਿਤੀ ੨੧ ਜਨਵਰੀ ਐਤਵਾਰ ਨੂੰ ਸੰਤ ਸੁਦਾਗਰ ਸਿੰਘ ਜੀ ਨਮਿਤ ਲਭੂ ਰਾਮ ਦੁਆਬਾ ਸਕੂਲ ਜਲੰਧਰ ਦੇ ਮੈਦਾਨ ਵਿਚ ਮੇਲਾ ਕੀਤਾ ਗਿਆ ਤਾਂ ਸਤਿਗੁਰੂ ਜੀ ਨੇ ਅਪਣੇ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ (ਘੁੱਲਾ) ਜੀ ਦੇ ਜੱਥੇ ਨੂੰ ਉਚੇਚਿਆਂ ਕੀਰਤਨ ਕਰਨ ਵਾਸਤੇ ਭੇਜ ਕੇ ਆਪਣੇ ਪਿਆਰੇ ਸਿੰਘ ਦਾ ਮਾਣ ਵਧਾਇਆ।

ਸੰਤ ਸੁਦਾਗਰ ਸਿੰਘ ਜੀ ਦੇ ਵੱਡੇ ਸਪੁੱਤਰ ਸੰਤ ਬਲਬੀਰ ਸਿੰਘ ਜੀ ਨੇ ਅਪਣੇ ਮਹਾਨ ਪਿਤਾ ਦੀ ਅੰਤਲੇ ਦਿਨਾਂ ਵਿਚ ਬਹੁਤ ਸੇਵਾ ਕੀਤੀ। ਬਲਬੀਰ ਸਿੰਘ ਜੀ ਵੀ ਜਿਥੇ ਹਥੀਂ ਕਿਰਤ ਕਰਦੇ ਹਨ ਉਥੇ ਉਹ ਪਰਬੀਨ ਰਾਗੀ ਵੀ ਹਨ ਅਤੇ ਬਹੁਤ ਸਾਰਿਆਂ ਵਿਦਿਆਰਥੀਆਂ ਨੂੰ ਕੀਰਤਨ ਸੰਗੀਤ ਦੀ ਦਾਤ ਵੀ ਦਿੱਤੀ ਹੈ ਅਤੇ ਬਹੁਤ ਨਿਰਮਾਣ, ਪ੍ਰੇਮੀ ਅਤੇ ਮਿਲਣਸਾਰ ਵਿਅਕਤੀ ਹਨ। ਸੰਤਾਂ ਦੇ ਦੂਸਰੇ ਸਪੁੱਤਰ ਸੰਤ ਸੁਰਜੀਤ ਸਿੰਘ ਨਾਮਧਾਰੀ ਗੁਰਦੁਆਰਾ ਬਸਤੀ ਭੂਰੇ ਖਾਂ-ਪ੍ਰੀਤ ਨਗਰ ਦੀ ਪ੍ਰਧਾਨਗੀ ਦੇ ਸੇਵਾ ਕਰਦੇ ਆ ਰਹੇ ਹਨ। ਤਿੰਨ ਲੜਕੇ ਅਤੇ ਦੋ ਬੀਬੀਆਂ ਆਪਣੇ ਆਪਣੇ ਪਰਿਵਾਰਾਂ ਵਿਚ ਗੁਰਮੁੱਖੀ ਜੀਵਨ ਜੀ ਰਹੇ ਹਨ।

ਸੰਤ ਸੁਦਾਗਰ ਸਿੰਘ ਜੀ ਨਮਿਤ ਸਮਾਗਮ ਸਮੇਂ ਜਥੇਦਾਰ ਸੁਰਿੰਦਰ ਸਿੰਘ ਛਿੰਦਾ ਨੇ ਵੀ ਦੀਵਾਨ ਲਾਇਆ ਅਤੇ ਬਹੁਤ ਸਾਰੇ ਪ੍ਰਤਿਸ਼ਠਤ ਸਜਨ, ਮੰਤਰੀ ਅਤੇ ਸਮਾਜ ਦੇ ਮੁਖੀ ਜਨਾਂ ਨੇ ਸ਼ਰਧਾ ਪੁਸ਼ਪ ਭੇਟ ਕੀਤੇ।



Namdhari Elibrary NamdhariElibrary@gmail.com

# ਇਕ ਸੰਘਰਸ਼ਸ਼ੀਲ ਵਿਅਕਤੀ ਦੀ ਆਤਮਕਥਾ- "ਪੈਰਾਂ ਦੀ ਪਰਵਾਜ਼"

*—ਸੁਵਰਨ ਸਿੰਘ ਵਿਰਕ*

ਮੁੱਖ ਤੌਰ ਤੇ ਗ਼ਜ਼ਲ-ਗੋ ਪ੍ਰਿੰਸੀਪਲ ਕਰਤਾਰ ਸਿੰਘ ਕਾਲੜਾ ਇਕ ਬਹੁ ਵਿਧਾਈ ਲੇਖਕ ਹਨ। ਉਹ ਵੇਦ-ਵਾਕ 'ਹਨੇਰੇ ਤੋਂ ਚਾਨਣ ਵੱਲ' ਤੋਂ ਕੁਝ ਜ਼ਿਆਦਾ ਹੀ ਪ੍ਰਭਾਵਿਤ ਲੱਗਦੇ ਹਨ। ਉਹਨਾਂ ਦੇ ਤਿੰਨ ਕਾਵਿ-ਸੰਗ੍ਰਹਿ 'ਚਾਨਣ ਦੀ ਰਖਵਾਲੀ', 'ਚਾਨਣ ਦਾ ਹੋਕਾ' ਅਤੇ 'ਕਾਤਰਾਂ ਚਾਨਣ ਦੀਆਂ' ਛੇ ਗ਼ਜ਼ਲ ਸੰਗ੍ਰਹਿ 'ਚਾਨਣ ਦੇ ਵਣਜਾਰੇ', 'ਚਾਨਣ ਦੇ ਪੰਧ', 'ਚਾਨਣ ਦੀ ਮਹਿਕ', 'ਚਾਨਣ ਦੇ ਰੰਗ', 'ਚਾਨਣ ਦਾ ਪੁਲ', ਸਿਖ ਇਤਿਹਾਸ ਨਾਲ ਸੰਬੰਧਿਤ ਸਟੇਜੀ ਕਵਿਤਾ "ਸਭ ਕਿਛੁ ਹੋਤ ਉਪਾਇ', ਬਾਲ ਕਾਵਿ ਦੀ ਪੁਸਤਕ "ਰੱਬਾ ਰੱਬਾ ਮੀਂਹ ਵਸਾ" ਆਲੋਚਨਾ ਵਿਚ "ਸਮਕਾਲੀ ਪੰਜਾਬੀ ਗ਼ਜ਼ਲ", ਉਹਨਾਂ ਦੁਆਰਾ ਸੰਪਾਦਿਤ ਪੁਸਤਕਾਂ "ਡਾ. ਆਤਮ ਹਮਰਾਹੀ ਇਕ ਪਹਿਚਾਣ", "ਮੁਲਾਂਕਣ", ਹੁਣ ਤੱਕ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਪਿਛਲੇ ਵਰ੍ਹੇ ੨੦੦੬ ਈ. ਵਿਚ ਪ੍ਰਿੰਸੀਪਲ ਸਾਹਿਬ ਦੀ ਸ੍ਵੈ-ਜੀਵਨ "ਪੈਰਾਂ ਦੀ ਪਰਵਾਜ਼" ਨੇ ਪੰਜਾਬੀ ਸਾਹਿਤਕ ਜਗਤ ਦੇ ਬੂਹੇ ਤੇ ਵਿਲੱਖਣ ਅੰਦਾਜ਼ ਨਾਲ ਦਸਤਕ ਦਿੱਤੀ ਹੈ। ਜਿਸ ਵਿਚ ਉਹਨਾਂ ਨੇ ਆਪਣੇ ਸੰਘਰਸ਼ ਭਰਪੂਰ ਜੀਵਨ ਅਤੇ ਰਚਨਾ ਸੰਸਾਰ ਉੱਤੇ ਇਕ ਪੰਛੀ ਝਾਤ ਪੁਆਉਣ ਦਾ ਉਪਰਾਲਾ ਕੀਤਾ ਹੈ। ਇਸ ਪੁਸਤਕ ਦੇ ਅਵਲੋਕਨ ਤੋਂ ਬਾਅਦ ਇਸਨੂੰ ਪੰਜਾਬੀ ਸ੍ਵੈ-ਜੀਵਨੀ ਸਾਹਿਤ ਵਿਚ ਇਕ ਨਿੱਗਰ ਵਾਧਾ ਕਿਹਾ ਜਾ ਸਕਦਾ ਹੈ।

ਕਾਲੜਾ ਜੀ ਭਾਵੇਂ ਅੰਗਰੇਜ਼ੀ ਮੁਹਾਵਰੇ ਅਨੁਸਾਰ ਚਾਂਦੀ ਦਾ ਚਿਮਚਾ ਮੂੰਹ ਵਿਚ ਲੈ ਕੇ ਨਹੀਂ ਸਨ ਪੈਦਾ ਹੋਏ ਪਰ ਜਿਸ ਹਿੰਮਤ, ਲਗਨ, ਦ੍ਰਿੜਤਾ ਅਤੇ ਉਤਸ਼ਾਹ ਨਾਲ ਉਹਨਾਂ ਜੀਵਨ ਪੰਧ ਤੇ ਆਪਣੇ ਪੈਰ ਪਾਏ, ਇਸ ਕਰਕੇ ਉਹ ਸਫਲ ਜੀਵਨ ਜਿਊਣ ਵਾਲੇ ਵਿਅਕਤੀਆਂ ਦੀ ਕਤਾਰ ਵਿਚ ਵੀ ਖੜੇ ਨਜ਼ਰ ਆਉਂਦੇ ਹਨ, ਗ੍ਰਿਹਸਤ ਧਰਮ ਦੀਆਂ ਜ਼ਿੰਮੇਵਾਰੀਆਂ ਨੂੰ ਜਿਸ ਸੰਜੀਦਗੀ ਨਾਲ ਉਹਨਾਂ ਨਿਬਾਹਿਆ, ਬੱਚੇ ਥਾਂ ਪੁਰ ਥਾਂ ਪਰਵਾਨ ਚੜ੍ਹ ਗਏ ਹਨ ਅਤੇ ਇਕ ਸਮਾਜਿਕ ਨੀਵ ਦੀ ਚੇਤੰਨ ਬੁੱਧੀ ਦੇ ਪ੍ਰਮਾਣ ਵਜੋਂ ਜਿਵੇਂ ਆਲੇ ਦੁਆਲੇ ਤੇ ਉਹਨਾਂ ਆਪਣੀ ਪੈਨੀ ਦ੍ਰਿਸ਼ਟੀ ਸੁੱਟੀ ਹੈ, ਜੀਵਨ ਮਾਰਗ ਦੇ ਪਾਧੀਆਂ ਲਈ ਉਹਨਾਂ ਦੇ ਦਿਲ ਦੀਆਂ ਤਹਿਆਂ ਵਿਚੋਂ ਨਿਕਲੇ ਸ਼ੇਅਰ, ਹਨੇਰੀਆਂ ਰਾਤਾਂ ਵਿਚ ਰੋਸ਼ਨੀਆਂ ਬਿਖੇਰਦੇ ਹਨ।

ਲੇਖਕ ਆਪਣੀ ਇਸ ਰਚਨਾ ਦੇ ਆਰੰਭ ਵਿਚ ਕਿਸੇ ਦਾਰਸ਼ਨਿਕ ਦਾ ਕਥਨ ਲਿਖਦਾ ਹੈ, "ਉਹ ਵਿਅਕਤੀ ਬਹੁਤ ਬਦ-ਕਿਸਮਤ ਹੁੰਦੇ ਹਨ ਜਿਨ੍ਹਾਂ ਨੂੰ ਛੇਤੀ ਸਫਲਤਾ ਮਿਲ ਜਾਂਦੀ ਹੈ।"

"ਮੈਂ ਇਸ ਪੱਖੋਂ ਭਾਗਸ਼ਾਲੀ ਹਾਂ ਕਿ ਹਰ ਪੜਾਅ ਤੇ ਇਸ ਤਰ੍ਹਾਂ ਦੀ ਬਦਕਿਸਮਤੀ ਤੋਂ ਬਚਦਾ ਰਿਹਾ ਹਾਂ। ਮੇਰਾ ਇਕ ਕਾਵਿ-ਕਥਨ ਹੈ-

"ਜ਼ਿੰਦਗੀ ਕੋਈ ਸੇਜ ਫੁੱਲਾਂ ਦੀ ਨਹੀਂ,
ਜ਼ਿੰਦਗੀ ਕੋਈ ਖੇਡ ਬਾਲਾਂ ਦੀ ਨਹੀਂ,
ਜ਼ਿੰਦਗੀ ਤਾਂ ਔਕੜਾਂ ਦਾ ਨਾਮ ਹੈ,
ਇਹ ਕਹਾਣੀ ਦਿਨਾਂ ਸਾਲਾਂ ਦੀ ਨਹੀਂ॥"

ਲੇਖਕ ਦਾ ਇਲਾਕਾ, ਜੋ ਹੁਣ ਪਾਕਿਸਤਾਨ ਵਿਚ ਚਲਾ ਗਿਆ ਹੈ, ਸਾਂਦਲ ਬਾਰ ਜਾਂ ਦੁੱਲੇ ਦੀ ਬਾਰ ਹੈ, ਜਿੱਥੇ 'ਪਰਿਦਾ" ਨਾਂ ਦੇ ਇਕ ਪਿੰਡ ਵਿਚ ਉਸਦਾ ਜਨਮ ਵੰਡ ਤੋਂ ਬਾਰਾਂ ਤੇਰਾਂ ਸਾਲ ਪਹਿਲਾਂ ਹੁੰਦਾ ਹੈ। ਪੇਂਡੂ ਲੋਕਾਂ ਵਿਚ ਬੱਚਿਆਂ ਦੀਆਂ ਭਰੋਸੇਯੋਗ ਜਨਮ ਤਿਥੀਆਂ ਲਿਖਣ ਦਾ ਅਜੇ ਜਿਵੇਂ ਰਿਵਾਜ ਨਹੀਂ ਸੀ ਪਿਆ। ਸਾਂਦਲ ਬਾਰ ਦੀ ਭੂਗੋਲਿਕ ਸਥਿਤੀ, ਅਤੇ ਇਸਦੇ ਜਾਂਗਲੀ ਮੂਲ ਵਾਸੀਆਂ ਦਾ ਉੱਚ ਆਚਰਣ ਅਤੇ ਨਰੋਏ ਸੱਭਿਆਚਾਰ ਦਾ ਕਾਫੀ ਵਰਣਨ ਮਿਲਦਾ ਹੈ-

"ਢੋਲਾ ਇਸ ਇਲਾਕੇ ਦਾ ਪ੍ਰਸਿੱਧ ਲੋਕ ਗੀਤ ਸੀ। ਬਾਲੋ ਮਾਹੀਆ, ਮਿਰਜੇ ਦੀਆਂ ਸੱਦਾਂ ਤੇ ਹੀਰ ਦੀਆਂ ਹੇਕਾਂ ਵੀ ਮਨਚਲੇ ਗੱਭਰੂ ਲਾਉਂਦੇ। ਹੀਰ ਤਾਂ ਪਰ੍ਹਿਆਂ ਵਿਚ ਬਹਿਕੇ ਵੀ ਗਾਈ ਸੁਣੀ ਜਾਂਦੀ, ਆਖਰ ਸਾਈਂ ਵਾਰਿਸ ਸ਼ਾਹ ਦਾ ਖਿਤਾ ਸੀ ਨਾ ਇਹ ਇਲਾਕਾ। "ਨੂਰਾ ਨਿਹੰਗ" ਢੋਲੇ ਆਖਣ ਵਾਲਾ ਪ੍ਰਸਿੱਧ ਢੋਲਾਕਾਰ ਸੀ ਜੋ ਘੰਟਿਆ ਬੱਧੀ ਕੰਨ ਤੇ ਹੱਥ ਧਰ ਕੇ ਹੇਕ ਨੂੰ ਥੱਲੇ ਨਾਂ ਆਉਣ ਦੇਂਦਾ। *ਵਧੇਰੇ ਕਰਕੇ ਢੋਲਿਆਂ ਦਾ ਵਿਸ਼ਾ, ਮੱਝਾਂ, ਗਾਵਾਂ, ਊਠ, ਪਿਆਰ ਮੁਹੱਬਤ ਦੀਆਂ ਹੂਕਾਂ ਵਾਲਾ ਹੁੰਦਾ ਕਰਤਾਰ ਸਿੰਘ ਸ਼ਮਸ਼ੇਰ ਇਲਾਕੇ ਦਾ ਪ੍ਰਸਿੱਧ

---

* ਇਕ ਸ਼ਾਇਦ ਨੂਰੀ ਕੈਂਥੋਕੇ ਵਾਲਾ ਹੀ ਢੋਲੀ ਹੋਵੇ ਜਿਸ ਛੇ ਛੇ ਫੁੱਟੇ ਸਰਦਾਰਾਂ ਦੇ ਬਦਲੇ ਯੂ.ਪੀ. ਦੇ ਭੱਈਏ ਇਧਰ ਆ ਜਾਣ ਤੇ ਇਹ ਢੋਲਾ ਬੋਲਿਆ ਸੀ "ਸੁਇਨਾ ਦੇ ਮੁਲੇਮਾ ਵਿਹਾਜਿਆ ਸੂ। ਕਿਨੇ ਨਾ ਦਿੱਤੀ ਮੱਤ ਜਿਨਾਹ ਨੂੰ," ਇਹੋ ਜਹੇ ਦੋਹਾਂ ਦੇਸ਼ਾਂ, ਵਿਚਾਲੇ ਪ੍ਰੇਮ ਪਿਆਰ ਦੀਆਂ ਸਾਂਝਾਂ ਪੀਡੀਆਂ ਕਰਨ ਬਦਲੇ ਤਦੋਂਕੀ ਪਾਕ ਸਰਕਾਰ ਨੇ ਉਹ ਨੂੰ ਜਿਹਲ ਵਿਚ ਵੀ ਸੁੱਟਿਆ ਸੀ।



Namdhari Elibrary NamdhariElibrary@gmail.com

ਢੋਲਾਕਾਰ ਸੀ। ਆਜ਼ਾਦੀ ਦੀ ਲਹਿਰ ਵਿਚ ਲਾਭ ਸਿੰਘ 'ਡੋਰਾ' ਸਿਆਸੀ ਢੋਲੇ ਵੀ ਆਖਣ ਲੱਗ ਪਿਆ ਸੀ। ਉਸ ਦੇ ਇਕ ਢੋਲੇ ਦੇ ਬੋਲ ਮੈਨੂੰ ਹਾਲੇ ਵੀ ਯਾਦ ਹਨ-

"ਅਮੀਰਾਂ ਦੇ ਕੁੱਤੇ, ਸੈਰ ਕਰਦੇ ਨੇ ਮੋਟਰਾਂ ਕਾਰਾਂ ਵਿਚ,
ਗਰੀਬ ਨੂੰ ਟੱਟੂ ਨਹੀਂ ਲੱਭਦਾ ਕੁੜਮਾਂ 'ਤੇ ਜਾਣ ਨੂੰ।
ਜਦੋਂ ਰਾਜ ਹੋਸੀਆ ਕਾਂਗਰੇਸ ਦਾ, ਹਿੰਦੁਸਤਾਨ ਵਿਚ,
ਰੋਟੀ ਹਭਨਾਂ ਨੂੰ ਮਿਲਸੀਆ ਰੱਜ ਕੇ ਖਾਣ ਨੂੰ।"

ਸਾਡੇ ਸ਼ਹੀਦਾਂ ਦੇ ਸੁਪਨਿਆਂ ਵਾਂਗ 'ਡੋਰਾ ਜੀ' ਦਾ ਇਹ ਸੁਪਨਾ ਵੀ ਮਿਟੀ ਵਿਚ ਰੋਲ ਦਿੱਤਾ, ਵਕਤ ਦੇ ਬਣਸਪਤੀ (ਬਣੌਟੀ) ਹਾਕਮਾਂ ਨੇ। ਵਿਚਾਰਾ ਗਰੀਬੀ ਭੋਗਦਾ ਇਲਾਜ ਖੁਣੋਂ ਮਰਿਆ ਆਪਣੇ ਆਜ਼ਾਦ ਹਿੰਦੁਸਤਾਨ ਵਿਚ।2

ਇਉਂ ਇਕ ਬਿੰਬ ਟੁੱਟਣ ਦਾ ਤ੍ਰਾਸਦਿਕ ਚਿਤਰਣ ਕਾਲੜਾ ਜੀ ਦੀ ਆਤਮ ਕਥਾ ਵਿਚੋਂ ਮਿਲਦਾ ਹੈ। 'ਹੋਕਾ ਦੇ ਕੇ ਲਾਲਾਂ ਦਾ ਅਤੇ ਕੱਢ ਵਿਖਾਇਆ ਚੱਕੀ ਰਾਹ!' ਇਸ ਲੋਕੋਕਤੀ ਜਿਹੀ ਮਨੋਦਸ਼ਾ ਦੇਸ਼ ਆਜ਼ਾਦੀ ਤੋਂ ਬਾਅਦ ਸਾਡੇ ਲੋਕਾਂ ਨੂੰ ਭੋਗਣ ਨੂੰ ਮਿਲੀ। ਆਰਥਿਕ ਸੁਤੰਤਰਤਾ ਤੋਂ ਆਜ਼ਾਦੀ ਵੀ ਭਾਰੀ ਦਬਾਵਾਂ ਤਹਿਤ ਕਰਾਹ ਰਹੀ ਹੈ। ਇਸੇ ਲਈ ਕਈ ਸਿਆਣੇ ਫਿਰ ਆਜ਼ਾਦੀ ਸੰਗਰਾਮ ਦੀ ਦੂਸਰੀ ਕਿਸ਼ਤ ਲੜਨ ਦਾ ਹੋਕਾ ਦੇ ਰਹੇ ਹਨ।

ਕਿਉਂਕਿ ਇਹ ਇਲਾਕਾ ਰਾਠਾਂ ਦਾ ਸੀ, ਇਸ ਲਈ ਲੇਖਕ ਦੇ ਪਿਤਾ ਅਤੇ ਕਬੀਲੇ ਦੇ ਹੋਰਨਾਂ ਜਣਿਆ ਦੇ ਰਾਠਾਂ ਵਾਲੇ ਸੁਭਾਉ ਦਾ ਵੀ ਚਿਤਰਣ ਮਿਲਦਾ ਹੈ। ਸਿੱਧੇ ਸਾਦੇ ਨਿਸ਼ਕਪਟ ਪਰ ਦਲੇਰ ਲੋਕ। ਪਿਛੋਕੜ ਅਤੇ ਆਪਾ ਵਰਣਨ ਵਿਚ ਕਿਤੇ-ਕਿਤੇ ਲੇਖਕ ਅਕਾਊ ਵੀ ਹੋ ਜਾਂਦਾ ਹੈ। ਜੇ ਸੰਜਮ ਰੱਖਿਆ ਜਾਂਦਾ ਤਾਂ ਕਥਾਰਸ ਦੀ ਚੁਸਤੀ ਪਾਠਕ ਨੂੰ ਆਪਣੀ ਉਂਗਲੀ ਲਾਈ ਰੱਖਦੀ ਹੈ।

ਤੇ ਬਾਲ ਕਰਤਾਰ ਇਕ ਵੇਰ ਮਾਪਿਆਂ ਦੀ ਅਣਗਹਿਲੀ ਕਾਰਨ ਅੰਗੀਠੀ ਨਾਲ ਸੜ ਜਾਂਦਾ ਹੈ ਤਾਂ ਉਸਦੀ ਤੀਮਾਰਦਾਰੀ ਕਰਨ ਵਾਲੀ ਮੁਸਲਿਮ ਮਹਿਲਾ ਅਜੇ ਤੱਕ ਉਸਦੇ ਚੇਤਿਆਂ ਵਿਚ ਵੱਸਦੀ ਹੈ। ਉਸ ਸਾੜ ਦੇ ਨਿਸ਼ਾਨ ਨੂੰ, ਜੋ ਅੰਬ ਦੀ ਸ਼ਕਲ ਵਰਗਾ ਹੱਥ ਤੇ ਬਣਿਆ ਸੀ, ਲੇਖਕ ਵਿਅੰਗ ਨਾਲ ਸਰਕਾਰੀ "ਸੇਵਾ ਪੱਤਰੀ ਵਿਚ ਪਛਾਣ ਚਿੰਨ੍ਹ" ਦੱਸਦਾ ਹੈ। ਫਿਰ ਅੱਗੇ ਚੱਲ ਕੇ ਵਿਅੰਗਾਤਮਕ ਸੁਰ ਵਿਚ ਇਕ ਲੋਕ-ਵਿਸ਼ਵਾਸ ਦੁਹਰਾਉਂਦੇ ਹਨ ਕਿ ਨਾਨਕਿਆਂ ਦੇ ਘਰੋਂ ਚੋਰੀ ਬਾਦਾਮ ਖਾਣ ਨਾਲ ਜ਼ਬਾਨ ਦਾ ਥਥਲਾਣਾ ਠੀਕ ਹੋ ਜਾਂਦਾ ਹੈ। ਕਾਲੜਾ ਜੀ ਦੇ ਬਚਪਨ ਦਾ ਸਮਾਂ ਉਹ ਸਮਾਂ ਹੈ ਜਦੋਂ ਤ੍ਰਿਞਣਾਂ ਵਿਚੋਂ ਵੀ ਸਾਧਾਰਨ ਗੀਤਾਂ ਦੇ ਥਾਂ ਇਨਕਲਾਬੀ ਗੀਤਾਂ ਦੀਆਂ ਗੁੰਜਾਰਾਂ ਸੁਣਾਈ ਦਿੰਦੀਆਂ ਸਨ। ਲੋਕਾਂ ਦੀ ਸਾਇਕੀ ਵਿਚ ਸੁਤੰਤਰਤਾ ਸੰਗਰਾਮ ਦਾਖਲ ਹੋ ਚੁੱਕਾ ਸੀ। "ਪਰ ਇਹ ਇਨਕਲਾਬੀ ਮਾਹੌਲ ਘਰਾਂ ਵਿਚੋਂ ਖਤਮ ਨਹੀਂ ਹੋਇਆ। ਇਸ ਨੂੰ ਧਰਮ ਦਾ ਹਿੱਸਾ ਹੀ ਮੰਨ ਲਿਆ ਸੀ ਆਪ ਲੋਕਾਂ ਨੇ।"

ਲੋਕ-ਅਖਾਣ ਕਿਵੇਂ ਬਣਦੇ ਹਨ? ਕਾਲੜਾ ਜੀ ਦੀ ਸ੍ਵੈ-ਜੀਵਨੀ ਅਜਿਹੇ ਸਰੋਤਾਂ ਨਾਲ ਵੀ ਭਰਪੂਰ ਹੈ, ਇਸ ਇਲਾਕੇ ਵਿਚ ਬਾਰਸ਼ ਭੁੱਲੀ ਚੁੱਕੀ ਤੇ ਉਹ ਵੀ ਨਾਂ ਮਾਤਰ ਹੀ ਹੁੰਦੀ। ਸਾਵਣ ਬਿਨਾਂ ਮੀਂਹ ਦੇ ਨਿਕਲ ਜਾਣਾ। ਇਕ ਵਾਰੀ ਪੰਡਿਤ ਮਹਾਰਾਜ ਕ੍ਰਿਸ਼ਣ ਤੇ ਸਾਵਣ ਤੇਲੀ ਸਾਡੀ ਦੁਕਾਨ ਦੇ ਥੜੇ ਤੇ ਬੈਠੇ ਗੱਪਾਂ ਮਾਰ ਰਹੇ ਹਨ ਸਨ ਕਿ ਹਨ੍ਹੇਰੀ ਆ ਗਈ। ਪੰਡਿਤ ਜੀ ਬੋਲੇ-

"ਵਾਹ ਉਏ ਰੱਬਾ ਕੁਜਲਤਾਂ ਤੇਰੀਆਂ" ਤਾਂ ਕੋਲੋਂ ਸਾਵਣ ਤੇਲੀ ਬੋਲਿਆ-

"ਆਹਮੇ ਲਾਹਮੇ ਮੀਂਹ ਤੇ 'ਬੁਚੇਕੀ' ਹਨੇਰੀਆਂ।"

ਉਹਨਾਂ ਦੇ ਇਹ ਬੋਲ ਅਖਾਣ ਬਣ ਕੇ ਲੋਕਾਂ ਵਿਚ ਪ੍ਰਚਲਿਤ ਹੋ ਗਏ।"3

ਬੁੱਚੇਕੀ ਪਿੰਡ ਵਿਚ ਹੁਣ ਲੇਖਕ ਦਾ ਪਰਿਵਾਰ ਰਹਿ ਰਿਹਾ ਸੀ।

ਆਪਣੇ ਸਕੂਲ ਜੀਵਨ ਦੀਆਂ ਘਟਨਾਵਾਂ ਦਾ ਵਰਣਨ ਕਰਦੇ ਹੋਏ ਆਪਣੇ ਹਵਾਲੇ ਨਾਲ ਹੀ, ਕਾਲੜਾ ਜੀ ਦੱਸਦੇ ਹਨ ਕਿ ਉਦੋਂ ਨਕਲ ਮਾਰਨਾ ਵੱਡੀ ਨਮੋਸ਼ੀ ਸੀ। ਪ੍ਰੰਤੂ ਅੱਜ ਦੇ ਬੱਚਿਆਂ ਦੇ ਮਾਪੇ ਤਾਂ ਉਹਨਾਂ ਲਈ ਨਕਲ ਦਾ ਪ੍ਰਬੰਧ ਕਰਕੇ ਦੇਣਾ ਵੀ ਸਿਲੇਬਸ ਦਾ ਪ੍ਰੈਕਟੀਕਲ ਹਿੱਸਾ ਸਮਝਦੇ ਹਨ। ਲੱਕੜ ਦੀ ਮੁੱਢੀ ਤੇ ਹੱਥ ਟੋਕੇ ਨਾਲ ਪੱਠੇ ਕੁਤਰਨ ਦੇ ਰਿਵਾਜ ਨੂੰ ਬਿਆਨ ਕੇ ਲੇਖਕ ਪੁਰਾਣੇ ਪੰਜਾਬ ਨੂੰ ਸੁਰਜੀਤ ਕਰ ਰਿਹਾ ਹੈ।

ਦੇਸ਼ ਵੰਡ ਤੋਂ ਕੁਝ ਸਮਾਂ ਪਹਿਲਾਂ ਪਾਕਿਸਤਾਨ ਦੀਆਂ ਅਵਾਈਆਂ ਫਿਜ਼ਾਂ ਵਿਚ ਉਠਣ ਲੱਗ ਪਈਆਂ ਸਨ। ਕਾਲੜਾ ਜੀ ਦਾ ਮਾਸਟਰ ਮੁਹੰਮਦ ਦੀਨ ਜੋ ਉਹਨਾਂ ਦਾ ਗੁਆਂਢੀ ਵੀ ਸੀ ਸ਼ਾਇਦ ਮਾਨਸਿਕ ਤੌਰ ਤੇ ਇਸ ਵੰਡ ਲਈ ਤਿਆਰ ਨਹੀਂ ਸੀ। ਇਸੇ ਲਏ "ਪਾਕਿਸਤਾਨ ਦੇ ਜਹਾਜ਼" ਦੇ ਚਰਚੇ ਕਰਦਿਆਂ ਇਕ ਦਿਨ ਬੋਰਿਆਂ ਹਾਰ ਦੁਪੈਹਰੇ ਫਿਰਦਿਆਂ, ਉਹਨਾਂ ਪ੍ਰਾਣ ਤਿਆਗ ਦਿੱਤੇ। 'ਜੜ੍ਹਾਂ ਵਾਲੇ' ਦੇ ਹਿੰਦੂ ਸਿੱਖਾਂ ਦੇ ਕੈਂਪ ਤੇ ਚੱਲਣ ਵਾਲੀ ਗੋਲੀਬਾਰੀ ਦੇ ਚਰਚਿਆਂ ਨਾਲ ਉਸ ਭਿਆਨਕ ਤ੍ਰਾਸਦੀ ਨੂੰ ਕਾਲੜਾ ਜੀ ਨੇ ਇਤਿਹਾਸ ਦੇ ਪਾਠਕਾਂ ਲਈ ਵੀ ਸੁਰੱਖਿਅਤ ਕਰ ਦਿੱਤਾ ਹੈ।

"ਪਰ ਕਾਫਲੇ ਵੱਲ ਨਜ਼ਰ ਮਾਰਿਆਂ ਦਿਲ ਦਹਿਲ ਜਾਂਦਾ ਸੀ। ਕਿਸੇ ਵਿਅਕਤੀ ਦਾ ਸਿਰ ਉਡਿਆ ਪਿਆ ਸੀ। ਕਿਸੇ ਦੀ ਗਰਦਨ ਲੁੜਕੀ ਪਈ ਸੀ; ਕਿਸੇ ਦਾ ਪੱਟ ਫੀਤੀ-ਫੀਤੀ ਹੋਇਆ ਪਿਆ ਸੀ ਤੇ ਕਿਸੇ ਦੀਆਂ ਆਂਦਰਾਂ ਬਾਹਰ ਆਈਆਂ ਪਈਆਂ



Namdhari Elibrary NamdhariElibrary@gmail.com

ਸਨ। ਗੱਡੀਆਂ ਵਿਚ ਬੈਠੀਆਂ ਔਰਤਾਂ ਵੀ ਬੁਰੀ ਤਰ੍ਹਾਂ ਜ਼ਖਮੀ ਸਨ। ਜ਼ਖਮ ਏਨੇ ਮਾਰੂ ਸਨ ਕਿ ਕਿਸੇ ਦੀ ਆਵਾਜ਼ ਵੀ ਨਹੀਂ ਸੀ ਨਿਕਲ ਰਹੀ। ਬੱਸ ਮੌਤ ਦਾ ਹੀ ਪਹਿਰਾ ਸੀ। ਪਸ਼ੂਆਂ ਦਾ ਵੀ ਬੁਰਾ ਹਾਲ ਸੀ। ਗੱਡਿਆਂ ਅੱਗੇ ਜੁੜਿਆਂ ਦਾ ਕਿਸੇ ਦਾ ਕੂਹਲਾ, ਕਿਸੇ ਦਾ ਪੱਟ, ਕਿਸੇ ਦਾ ਚੂਲਾ, ਕਿਸੇ ਦਾ ਢਿੱਡ ਫੀਤੀ-ਫੀਤੀ ਹੋ ਗਏ ਸਨ ਤੇ ਗੱਡੇ ਉਨ੍ਹਾਂ ਉਪਰ ਲੁੜਕੇ ਪਏ ਸਨ।

ਕੁਝ ਲੋਕਾਂ ਨੇ ਆਪਣੀਆਂ ਮਾਵਾਂ, ਬੱਚਿਆਂ ਦੀਆਂ ਲਾਸ਼ਾਂ ਨੂੰ ਗੱਡਿਆ ਉਪਰ ਹੀ ਚਾਦਰਾਂ ਨਾਲ ਢੱਕ ਦਿੱਤਾ, ਇਸ ਆਸ ਨਾਲ ਕਿ ਦੋ ਚਾਰ ਦਿਨਾਂ ਵਿਚ ਜਿੱਥੇ ਮੌਕਾ ਲੱਗਾ ਸੰਸਕਾਰ ਕਰ ਦੇਵਾਂਗੇ। ਪਰ ਦੋ ਕੁ ਦਿਨਾਂ ਬਾਅਦ ਹੀ ਲਾਸ਼ਾਂ ਬਦਬੂ ਮਾਰਨ ਲੱਗ ਪਈਆਂ। ਸੋ ਅਗਲੇ ਪੜਾਵਾਂ ਤੇ ਜਿਵੇਂ-ਜਿਵੇਂ ਮੌਕਾ ਬਣਿਆ ਸੰਸਕਾਰ ਕਰ ਕੇ ਤੁਰਦੇ ਗਏ। ਸੜਕ ਦੇ ਕਿਨਾਰਿਆਂ ਤੇ ਵੱਸੇ ਪਿੰਡਾਂ ਵਿਚੋਂ ਜੋ ਉਜੜ ਗਏ ਸਨ, ਸੰਸਕਾਰ ਲਈ ਲੱਕੜੀ ਲਿਆ-ਲਿਆ ਕੇ ਪੜਾਵਾਂ ਵਾਲੀ ਥਾਂ ਤੇ ਸੰਸਕਾਰ ਹੁੰਦੇ ਰਹੇ। ਫੁੱਲ ਤਾਂ ਚੁਣਦੇ ਜੇ ਸਿਵਾ ਠੰਢ ਹੋਣ ਤੱਕ ਰੁਕਦੇ। ਆਪਣਿਆਂ ਪਿਆਰਿਆਂ ਨੂੰ ਰੋਂਦੇ-ਧੋਂਦੇ ਕਾਫਲੇ ਨੇ ਚਾਲੇ ਪਈ ਰੱਖੇ।4

ਦੇਸ਼ ਵੰਡਾਰੇ ਤੋਂ ਛੇਤੀ ਬਾਅਦ ਕਰਤਾਰ ਦੀ ਮਾਤਾ ਪੂਰੀ ਹੋ ਗਈ ਅਤੇ ਉਹ ਵੀ ਹੈਜ਼ੇ ਨਾਲ ਅੰਤਿਮ ਪਲਾਂ ਤੇ ਸੀ ਜਦੋਂ ਅਚਾਨਕ ਉਸਦੇ ਪਿਤਾ ਦੀ ਆਵਾਜ਼ ਸੁਣਕੇ ਬਾਲਕ ਨੇ ਅੱਖਾਂ ਖੋਹਲੀਆਂ ਅਤੇ ਖਤਰੇ ਤੋਂ ਬਾਹਰ ਹੋ ਗਿਆ। ਪਿਤਾ ਦਾ ਵਿਛੜੇ ਪਰਿਵਾਰ ਨੂੰ ਮਿਲ ਪੈਣਾ ਚਮਤਕਾਰ ਕਰ ਗਿਆ। ਲੁੱਧਿਆਣੇ ਇਕ ਘਰ ਵਿਚ ਡੇਰਾ ਲਾ ਕੇ ਜੀਵਨ ਸੰਘਰਸ਼ ਸ਼ੁਰੂ ਕਰ ਦਿੱਤਾ। ਬਿਸਕੁਟ ਵੇਚੇ ਗਲੀਆਂ ਵਿਚ। ਮੇਲਿਆਂ ਤੇ ਤਵੀਤੜੀਆਂ ਤੇ ਗੁਬਾਰੇ ਵੇਚੇ। ਫਿਰ ਇਕ ਹੌਜ਼ਰੀ ਦੀ ਫੈਕਟਰੀ ਵਿਚ ਕੰਮ ਕੀਤਾ। ਫਿਰ ਅੱਸੀ ਰੁਪੈ ਹਰ ਮਹੀਨੇ ਕਮਾ ਕੇ ਘਰ ਵੀ ਦਿੱਤੇ ਅਤੇ ਸਕੂਲ ਵਿਚ ਪੜ੍ਹਾਈ ਵੀ ਕੀਤੀ। ਮੁਨਿਆਰੀ ਦੀ ਰੇੜ੍ਹੀ ਲਾਉਂਦਿਆਂ ਕਰਤਾਰ ਦਾ ਕਵਿਤਾ ਨਾਲ ਪਹਿਲਾ ਨਾਤਾ ਜੁੜਿਆ-

"ਹਰ ਮਾਲ ਮਿਲੇਗਾ ਦੋ ਆਨੇ,
ਕੰਘੀ ਵੀ ਲੈ ਜਾ ਦੋ ਆਨੇ,
ਸ਼ੀਸ਼ਾ ਵੀ ਵਿਕਦਾ ਦੋ ਆਨੇ,
ਸੁਰਮੇਦਾਨੀ ਵੀ ਦੋ ਆਨੇ,
ਬਟੂਆਂ ਤੇ ਫਿੰਡ ਵੀ ਦੋ ਆਨੇ
ਜੋ ਮਰਜ਼ੀ ਲੈ ਜਾ ਦੋ ਆਨੇ।"5

ਕਮੇਟੀ ਦੇ ਬਿਜਲੀ ਦੇ ਖੰਭੇ ਹੇਠਾਂ ਇਕ ਨਾਲੇ ਦੀ ਪੁਲੀ ਉਤੇ ਬੈਠ ਕੇ ਕਰਤਾਰ ਰਾਤ ਨੂੰ ਸਕੂਲ ਦਾ ਕੰਮ ਕਰਦਾ। ਬਿਨਾਂ ਕਿਸੇ ਕਸੂਰ ਦੇ ਇਕ ਮਾਸਟਰ ਤੋਂ ਪੈਂਤੀ ਤੋਂ ਵੱਧ ਬੈਂਤਾਂ ਦੀ ਸਜ਼ਾ ਨਾਜ਼ੁਕ ਹੱਥ ਤੇ ਬਰਦਾਸ਼ਤ ਕੀਤੀ। ਉਹ ਅਕਾਲੀ ਅਤੇ ਹੋਰ ਮੋਰਚਿਆਂ ਵਿਚ ਭਾਗ ਲੈਣ ਵਾਲੇ ਉਹਨਾਂ ਅਧਿਆਪਕਾਂ ਤੋਂ ਪੜ੍ਹੇ ਸਨ, ਜਿਹਨਾਂ ਲਈ 'ਜਿਹਲ ਯਾਤਰਾ' ਖੇਡ ਸਮਾਨ ਸੀ।' ਇਉਂ ਬਾਲਕ ਦੀ ਸ਼ਖਸੀਅਤ ਨੂੰ ਤਰਬੀਅਤ ਦੇਣ ਵਾਲੀਆਂ ਹਸਤੀਆਂ ਉੱਥੇ ਮੌਜੂਦ ਸਨ। ਕਾਲਜ ਦੀ ਪੜ੍ਹਾਈ ਸਮੇਂ ਹਿੰਦੀ ਕਵੀ 'ਕੁਮਾਰ ਵਿਕਲ' ਵੀ ਉਸਦੇ ਟਿਊਟੋਰੀਅਲ ਗਰੁੱਪ ਵਿਚ ਸਨ। ਪਹਿਲਾਂ ਕਵਿਤਾ ਵਿਚ ਉਸਦਾ ਤੱਖਲੁੱਸ ਕਰਤਾਰ ਸੀ ਅਤੇ ਫਿਰ ਉਸ ਕਾਲੜਾ ਲਿਖਣਾ ਸ਼ੁਰੂ ਕਰ ਦਿੱਤਾ। ਰੇੜ੍ਹੀ ਤੇ ਖਲੋਤਿਆਂ ਨੂੰ ਕਿਸੇ ਨੇ 'ਦੁਆਨੀ-ਦੁਆਨੀ' ਦੇ ਹੋਕਰੇ ਮਾਰਦਾ ਕਿਹਾ ਤਾਂ ਭੂਆ ਜੀ ਦੇ ਬੋਲਾਂ ਨੇ ਸਹਾਰਾ ਦਿੱਤਾ- "ਬੇਟੇ, ਬੋਲਣਾ ਨਹੀਂ, ਸ਼ਰੀਕਾਂ ਦੀਆਂ ਏਹੋ ਜਿਹੀਆਂ ਬੋਲੀਆਂ ਨੂੰ ਵੰਗਾਰ ਵਜੋਂ ਲੈਣਾ ਚਾਹੀਦਾ ਹੈ, ਸੋ ਹੋਰ ਤਕੜਾ ਹੋ ਕੇ ਮਿਹਨਤ ਕਰ।6 ਸਾਹਿਤਕ ਪੁਸਤਕਾਂ ਲੇਖਕ ਨੇ ਫੜੀ ਤੇ ਲੱਗੀ ਰੱਦੀ ਵਾਲੇ ਦੀ ਦੁਕਾਨ ਵਿਚੋਂ ਲੈ ਕੇ ਪੜ੍ਹਨੀਆਂ। ਸੋ ਆਦਮੀ ਵਿਚ ਹਿੰਮਤ ਹੋਵੇ ਤਾਂ ਉਹ ਹਰ ਹਾਲ ਵਿਚ ਆਪਣੇ ਸ਼ੌਕ ਪੂਰੇ ਕਰਨ ਦਾ ਰਾਹ ਲੱਭ ਹੀ ਲੈਂਦਾ ਹੈ। ਲੁਧਿਆਣੇ ਇਕ ਕਵੀ ਦਰਬਾਰ ਵਿਚ ਸਰੋਤਿਆਂ ਵਿਚ ਬੈਠਿਆਂ ਉਸਦੀਆਂ ਟਿੱਪਣੀਆਂ ਤੋਂ ਹੀ ਅਨਦਾੜ੍ਹੀਏ ਕਰਤਾਰ ਨੂੰ ਉਸਤਾਦ ਕਵੀ ਵਿਧਾਤਾ ਸਿੰਘ ਤੀਰ ਦਾ ਥਾਪੜਾ ਨਸੀਬ ਹੋਇਆ, ਜਿਸ ਨਾਲ ਉਸਦੀ ਕਵਿਤਾ ਅੰਦਰੋਂ-ਤੁਰਦੀ ਰਹੀ ਅਤੇ ਜੀਵਨ ਸੰਘਰਸ਼ ਦੀ ਆਵੀ ਵਿਚ ਪਲਦੀ ਰਹੀ।

ਲੇਖਕ ਨੇ ਆਪਣੇ ਸਹੁਰਾ ਸਾਹਿਬ ਦੇ ਅਸੱਭਿਆ ਵਿਹਾਰ ਨੂੰ ਕਲਮ ਬੰਦ ਕਰਨੋਂ ਵੀ ਸੰਕੋਚ ਨਹੀਂ ਕੀਤਾ। ਉਸਦੇ ਗਿਆਨੀ ਦੇ ਇਮਤਿਹਾਨ ਵਿਚੋਂ ਸਾਰੇ ਪੰਜਾਬ ਵਿਚੋਂ ਫਸਟ ਆਉਣ ਤੇ ਪਿਤਾ ਜੀ ਵੀਹ ਸੇਰ ਲੱਡੂ ਵੀ ਵੰਡਦੇ ਹਨ ਅਤੇ ਹੋਰ ਸਾਕ ਸਬੰਧੀ ਵੀ ਖੁਸ਼ੀ ਪ੍ਰਗਟ ਕਰਦੇ। ਇਥੇ ਹੀ ਪ੍ਰੋ. ਕਿਰਪਾਲ ਸਿੰਘ ਕਸੇਲ ਉਸਦੇ ਮਾਰਗ ਦਰਸ਼ਕ ਵੀ ਬਣਦੇ ਹਨ ਅਤੇ ਉਸ ਦੀ ਕੁਝ ਆਰਥਕ ਸਹਾਇਤਾ ਵੀ, ਲੜਕੇ ਦੀ ਟਿਊਸ਼ਨ ਦੇ ਬਹਾਨੇ ਕਰਦੇ ਹਨ। ਉਹਨਾਂ ਦੇ ਸਹਿਯੋਗ ਨਾਲ ਹੀ ਕਾਲੜਾ ਐਮ. ਏ. ਪੰਜਾਬੀ ਤਾਂ ਕਰ ਗਿਆ ਪਰ ਪ੍ਰੋ. ਗੁਲਵੰਤ ਸਿੰਘ ਹੋਰਾਂ ਦੀ 'ਕ੍ਰਿਪਾ ਸਦਕਾ' ਸਿਰਫ ਦੋ ਨੰਬਰਾਂ ਤੋਂ ਪਹਿਲੀ ਪੁਜੀਸ਼ਨ ਗੁਆ ਬੈਠਾ। ਇਸ ਲਈ ਹੁਣ ਨੈਸ਼ਨਲ ਕਾਲਜ ਸਿਰਸਾ ਵਿਖੇ ਉਹਨਾਂ ਨੂੰ ਪੰਜਾਬੀ ਵਿਭਾਗ ਵਿਚ ਚੁਣ ਲਿਆ ਗਿਆ। ਇਹ ਵੀ ਕਾਲੜਾ ਜੀ ਲਿਖਦੇ ਹਨ ਕਿ ਸਿਰਸਾ ਕਾਲਜ ਦੇ ਵਿਦਿਆਰਥੀ ਉਦੋਂ ਕਲਾਸਾਂ ਵਿਚ ਰਜ਼ਾਈਆਂ ਦੀਆਂ ਬੁੱਕਲਾਂ ਮਾਰ ਕੇ ਆਉਂਦੇ ਸਨ ਅਤੇ ਪੁੱਛਣ ਤੇ ਕਹਿੰਦੇ "ਮਨੰ ਜਾਡਾ ਲਾਗੈ.ਸਹਿ ਕੇ ਕਰੂੰ।" ਸਿਰਸਾ.ਕਾਲਜ ਦੇ ਦਿਨਾ ਵਿਚ ਉਹ ਨਾਮਧਾਰੀ


Namdhari Elibrary NamdhariElibrary@gmail.com

ਸੰਤ ਤੇਜਾ ਸਿੰਘ ਐਮ. ਐਲ. ਸੀ. ਦਾ ਜ਼ਿਕਰ ਵੀ ਕਰਦੇ ਹਨ ਜਿਸਦੀ ਪੁੱਤਰੀ ਬਾਵਾ ਉਹਨਾਂ ਤੋਂ ਪੜ੍ਹਦੀ ਸੀ! ਸਾਡਾ ਇਕ ਦਿਵੰਗਤ ਮਿੱਤਰ ਸ੍. ਅਮੀਰ ਸਿੰਘ ਰੰਧਾਵਾ ਐਡਵੋਕੇਟ ਅਤੇ ਪੱਤਰਕਾਰ ਪੰਜਾਬੀ ਟ੍ਰਿਬਿਊਨ, ਵੀ ਉਹਨਾਂ ਦਾ ਬੜਾ ਹੋਣਹਾਰ ਸ਼ਗਿਰਦ ਸੀ। ਇਕ ਹਿੰਦੀ ਵਾਲੇ ਪ੍ਰੋਫੈਸਰ ਨਾਲ ਪੰਜਾਬੀ ਬਾਰੇ ਕੀਤੀ ਪ੍ਰਤੀਕੂਲ ਟਿਪਣੀ ਤੋਂ ਉਸ ਨਾਲ ਉਲਝ ਕੇ ਨੌਕਰੀ ਛੱਡ ਦਿੱਤੀ। ਪ੍ਰੋਫੈਸਰ ਹਰਦਿਆਲ ਸਿੰਘ ਅਤੇ ਪ੍ਰੋ. ਮਦਨਜੀਤ ਸਿੰਘ ਦੀ ਸਿਰਸਾ ਕਾਲਜ ਵਿਚ ਧੜੇਬੰਦੀ ਦਾ ਵੀ ਉਹ ਜ਼ਿਕਰ ਕਰਦੇ ਹਨ।

ਇਸ ਜੀਵਨ ਕਥਾ ਦਾ ਤੀਜਾ ਭਾਗ 'ਲੈਕਚਰਾਰ ਵਜੋਂ ਸੰਘਰਸ਼ ਤੇ ਪ੍ਰਾਪਤੀਆਂ" ਹੈ ਜਿਸ ਵਿਚ ਉਹਨਾਂ ਨੇ ਆਪਣੀਆਂ ਟ੍ਰੇਡ ਯੂਨੀਅਨ ਸਰਗਮਰੀਆਂ ਅਤੇ ਅਧਿਆਪਨ ਕਾਰਜ ਵਿਚ ਸਹਿਯੋਗੀਆਂ ਅਤੇ ਅੜਿੱਕੇ ਬਾਜ਼ਾਂ ਦੇ ਵੀ ਭਰਪੂਰ ਵੇਰਵੇ ਦੇ ਕੇ ਪੁਸਤਕ ਨੂੰ ਇਕ ਅਹਿਮ ਦਸਤਾਵੇਜ਼ ਬਣਾ ਦਿੱਤਾ ਹੈ। ਪੰਜਾਬੀ ਭਾਸ਼ਾ ਦੇ ਸ਼ੁੱਧ ਉਚਾਰਨ ਲਈ ਵੀ ਕਾਲੜਾ ਜੀ ਬੜੇ ਸਰਗਰਮ ਰਹੇ ਹਨ। ਮਨੁੱਖੀ ਸੁਭਾਵਾਂ ਬਾਰੇ ਬੜੀਆਂ ਸਾਰ ਗ੍ਰਭਿਤ ਟਿਪਣੀਆਂ ਦਰਜ ਹਨ ਇਸ ਸ੍ਵੈ-ਜੀਵਨੀ ਵਿਚ -"ਮੀਸਣੇ, ਘੁੰਏ ਤੇ ਦੋਗਲੇ ਬੰਦੇ ਨਾਲ ਮੇਰੀ ਕਦੇ ਵੀ ਸੁਤ ਨਹੀਂ ਆਈ। ਮਨ ਦਾ ਸਾਫ ਬੰਦਾ ਭਾਵੇਂ ਉਤੋਂ ਦੀ ਗੱਡਾ ਲੰਘਾ ਜਾਵੇ।"7

ਮਹਿਕਮੇ ਦੇ ਨਿਯਮਾਂ ਦੀ ਚੰਗੀ ਜਾਣਕਾਰੀ ਹੋਣ ਕਾਰਨ ਕਾਲੜਾ ਜੀ ਕਿਸੇ ਮਾੜੀ ਮੋਟੀ ਸ਼ਕਾਇਤ ਲਈ ਆਏ ਪੜਤਾਲੀਆ ਅਫਸਰ ਨੂੰ ਵੀ ਝਾੜ ਕੇ ਘੱਲ ਦਿਆ ਕਰਦੇ ਸਨ। ਨਕਸਲਬਾੜੀ ਲਹਿਰ ਵਿਚ ਸਰਗਰਮ ਹਰਭਜਨ ਸਿੰਘ ਹਲਵਾਰਵੀ ਵੀ ਉਸ ਪਾਸ ਰਾਤਾਂ ਕੱਟ ਜਾਂਦਾ। ਲੇਖਕ ਆਪਣੇ ਆਪ ਨੂੰ ਉੱਝ ਤੇ ਜਮਾਂਦਰੂ ਅਕਾਲੀ ਲਿਖਦਾ ਹੈ ਪਰ ਖੋਜੀ ਉਪਜੇ ਵਾਲਾ, ਆਪਣੀ ਸੋਚ ਸਮਝ ਤੋਂ ਕੰਮ ਲੈਣ ਵਾਲਾ, ਅੰਧਵਿਸ਼ਵਾਸ਼ੀ, ਲਕੀਰ ਦਾ ਫਕੀਰ ਤੇ ਧੱਕੜ ਨਹੀਂ।' ਆਪਣੇ ਬਚਪਨ ਵਿਚ ਲੇਖਕ ਟੂਣੇ ਦੇ ਨਲੀਏਰ ਤੇ ਹੋਰ ਵਸਤਾਂ ਨੂੰ ਇਕ ਮਿੱਤਰ ਨਾਲ ਰੱਲ ਕੇ ਚੁੱਕ ਕੇ ਛੱਕ ਜਾਂਦਾ ਹੈ, ਪਰ ਪਹਿਲਾਂ ਕ੍ਰਿਪਾਣ ਭੇਟ ਕਰਦਾ ਹੈ। ਭਾਵ ਕਿ ਉਹ ਟੂਣੇ ਉਤੇ ਆਪਣਾ ਟੂਣਾ ਕਰਕੇ ਇਸ ਨੂੰ ਵਰਤ ਲੈਂਦਾ ਹੈ। ਸਿੱਖੀ ਉਸ ਦਾ ਜੀਵਨ ਦਰਸ਼ਨ ਹੈ ਪਰ ਉਹ ਕੱਟੜ੍ਹ ਪੰਥੀ ਅਤੇ ਸੰਕੀਰਣ ਨਹੀਂ ਹੁੰਦਾ। ਅਤਿਵਾਦ ਦੇ ਦਿਨਾਂ ਵਿਚ ਵੀ ਧੌਣ ਉੱਚੀ ਕਰ ਤੁਰਦਾ ਹੈ। ਰਾਜਨੀਤਕ ਕਾਰਨਾਂ ਕਰਕੇ ਕਾਲੜੇ ਨੇ ਹੋਰਨਾਂ ਬਾਰੇ ਵੀ ਲਿਖਿਆ ਹੈ ਜਿਹਨਾਂ ਦੀ ਬਦਲੀ ਜਸਟਿਸ ਗੁਰਨਾਮ ਸਿੰਘ ਹੋਰਾਂ ਕਰਕੇ ਹੋਈ "ਜੋ ਜੱਜ ਮੁੱਖ ਮੰਤਰੀ ਦੇ ਇਨਸਾਫ ਦਾ ਸ਼ਿਕਾਰ ਹੋ ਗਏ। ਪੇਂਡੂ ਸਕੂਲਾਂ ਦੀਆਂ ਵਿਗਿਆਨ ਪ੍ਰਯੋਗਸ਼ਾਲਾਵਾਂ ਵਿਚ ਸ਼ਰਾਬ ਵੀ ਕਸ਼ੀਦ ਹੁੰਦੀ ਸੀ ਇਹ ਗੁਆਹੀ ਵੀ "ਪੈਰਾਂ ਦੀ ਪਰਵਾਜ਼" ਵਿਚੋਂ ਮਿਲਦੀ ਹੈ। ਕਾਲੜਾ ਨਖਰੇ ਵਾਲੇ ਸਿੱਖਿਆ ਮੰਤਰੀ ਨਾਲ ਵੀ ਸਿੱਝਣਾ ਜਾਣਦਾ ਹੈ। ਆਪਣੇ ਅਧਿਕਾਰਾਂ ਲਈ ਹਾਈਕੋਰਟਾਂ ਦਾ ਬੂਹਾ ਵੀ ਅਧਿਆਪਕ ਖੜਕਾਉਂਦੇ ਹਨ। ਇਸ ਤਰ੍ਹਾਂ ਉਹ ਸੀਨੀਅਰ ਸਕੈਂਡਰੀ ਸਕੂਲ ਮੰਡੀ ਗੋਬਿੰਦਗੜ੍ਹ ਵਿਖੇ ਪ੍ਰਿੰਸੀਪਲ ਬਣ ਜਾਂਦਾ ਹੈ। ਜੰਡਿਆਲੀ ਸਕੂਲ ਵਿਚ ਬੁਢ-ਪੁਰਾਣੇ ਰੁੱਖ ਕਟਵਾ ਕੇ ਨਵੇਂ ਫੁੱਲ ਬੂਟੇ ਲੁਆ ਦਿੱਤੇ। ਬਾਅਦ ਵਿਚ ਐਕਸੀਡੈਂਟ ਹੋਇਆ ਤਾਂ ਪੇਂਡੂ ਲੋਕ ਇਹਨੂੰ ਪੁਟਾਏ ਰੁੱਖਾਂ ਦਾ ਸਰਾਪ ਦੱਸਦੇ ਰਹੇ। ਇਕ ਲੜਾਕੇ ਪੀ. ਟੀ.ਆਈ. ਨੂੰ ਜਾਇਨ ਨਾਂ ਕਰਵਾਉਣ ਦੀ ਹੋਰਨਾਂ ਦੀ ਸਲਾਹ ਤੇ ਕਾਲੜਾ ਜੀ ਲਿਖਦੇ ਹਨ "ਪਰ ਮੈਨੂੰ ਇਸ ਤਰ੍ਹਾਂ ਦੀ ਤਬੀਅਤ ਦੇ ਬੰਦੇ ਬਹੁਤ ਪਸੰਦ ਹਨ। ਅੜਬੰਗ ਉਹੀ ਹੋ ਸਕਦਾ ਹੈ ਜੋ ਸਾਫਗੋ ਹੋਵੇ। ਮੁਖੀ ਨਾਲ ਲੜ ਉਹੀ ਸਕਦਾ ਹੈ ਜੋ ਸੱਚਾ ਸੁੱਚਾ ਹੋਵੇ ਜ਼ਿੰਮੇਵਾਰੀ ਨੂੰ ਪਾਲਦਾ ਹੋਵੇ। ਮੈਂ ਕਮਿਕਰ ਸਿੰਘ ਪੀ.ਟੀ.ਆਈ. ਨੂੰ ਹੱਸ ਕੇ ਜਾਇਨ ਕਰਵਾਇਆ।8 ਇਸੇ ਪੀ. ਟੀ. ਆਈ. ਨੇ ਫੁੱਟਬਾਲ ਵਿਚ ਸਕੂਲ ਦਾ ਨਾਂ ਚਮਕਾ ਦਿੱਤਾ ਸੀ। ਇਉਂ ਕਾਲੜਾ ਇਕ ਸਫਲ ਪ੍ਰਸ਼ਾਸਕ ਅਤੇ ਮਨੋਵਿਗਿਆਨੀ ਵੀ ਸਿੱਧ ਹੁੰਦਾ ਹੈ, ਜੋ ਹਰ ਵਿਅਕਤੀ ਤੋਂ ਉਸਦੀ ਯੋਗਤਾ ਅਨੁਸਾਰ ਕੰਮ ਲੈਣਾ ਜਾਣਦਾ ਹੈ। ਉਚ ਅਧਿਕਾਰੀਆਂ ਵਿਚ ਉਸ ਦੀ ਇਹ ਧਾਂਕ ਜੰਮ ਚੁੱਕੀ ਸੀ। ਕਾਲੜਾ ਸਾਹਿਬ ਦਾ ਸਕੂਲ ਹਮੇਸ਼ਾ ਡਸਿਪਲਿਨ ਵਿਚ ਰਹਿੰਦਾ ਹੈ।"

ਆਪਣੇ ਅਧਿਆਪਨ ਸਮੇਂ ਵਿਚ ਹੀ ਉਹ ਗਿਆਨੀ ਸੋਹਣ ਸਿੰਘ 'ਸੀਤਲ' ਜਿਸਦੇ ਨਾਵਲ "ਤੂਤਾਂ ਵਾਲਾ ਖੂਹ" ਦਾ ਕਾਲੜੇ ਦਾ ਕੀਤਾ ਸੰਖੇਪ ਰੂਪ ਦਸਵੀਂ ਦੇ, ਸਿਲੇਬਸ ਵਿਚ ਲੱਗਿਆ ਸੀ, ਨੂੰ ਵਿਦਿਆਰਥੀਆਂ ਦੇ ਰੂ-ਬ-ਰੂ ਕਰਵਾਉਂਦਾ ਹੈ। ਫਿਰ ਉਹ ਰੋਪੜ ਵਿਖੇ ਜ਼ਿਲ੍ਹਾ ਸਿਖਿਆ ਅਸਫਰ ਬਣ ਜਾਂਦਾ ਹੈ। ਕਾਲੜਾ ਜੀ ਦੇ ਸੁਭਾਅ ਦਾ ਅਵਲੋਕਨ ਵੀ ਥਾਂ ਪੁਰ ਥਾਂ ਹੁੰਦਾ ਹੈ "ਮੇਰੇ ਸੁਭਾਅ ਦਾ ਇਕ ਹਿੱਸਾ ਇਹ ਵੀ ਹੈ ਕਿ ਜੇ ਆਢਾ ਲਾਉਣਾ ਤਾਂ ਆਪ ਤੋਂ ਮਾੜੇ ਨਾਲ ਨਹੀਂ ਸਗੋਂ ਤਕੜੇ ਨਾਲ, ਪਰ ਸ਼ਰਤ ਇਹ ਕਿ ਉਹ ਸ਼ੈਤਾਨ ਹੋਵੇ ਐਵੇਂ ਨਹੀਂ।"9

ਇਸ ਪੁਸਤਕ ਦਾ ਚੌਥਾ ਭਾਗ ਹੈ "ਸਿੱਖਿਆ ਅਧਿਕਾਰੀ ਦੇ ਰੂਪ ਵਿਚ।" ਇਸ ਵਿਚ ਜੀਵਨ ਤਜਰਬੇ ਦੇ ਨਿਚੋੜ ਵਜੋਂ ਕਾਲੜਾ ਜੀ ਲਿਖਦੇ ਹਨ "ਸਕੂਲਾਂ ਦੇ ਸਿੱਖਿਆ ਵਿਭਾਗ ਵਿਚ ਅਫਸਰਾਂ ਦੀਆਂ ਬਦਲੀਆਂ ਤੇ ਨਿਯੁਕਤੀਆਂ ਦਾ ਆਧਾਰ ਸੀਨੀਅਰਤਾ ਨਹੀਂ ਸਗੋਂ ਸਿਆਸੀ ਹੈ।" ਅਧਿਆਪਕਾਂ ਦੇ ਮਸਲੇ ਨਿਸ਼ੁਲਕ ਹੱਲ ਕਰਾਉਣ ਵਿਚ ਤਾਂ ਕਾਲੜਾ ਹੋਰੀ ਸਹਾਈ ਹੋਣ ਲੱਗੇ, ਪਰ ਰਿਸ਼ਵਤਖੋਰ ਕਰਮਚਾਰੀ ਅਤੇ ਹੋਰਨਾਂ ਦੀ ਸਿਰੋਂ ਦਾਰੂ ਸਿੱਕਾ ਚਲਾਉਣ ਵਾਲੇ ਯੂਨੀਅਨ ਆਗੂ ਉਹਨਾਂ


Namdhari Elibrary NamdhariElibrary@gmail.com

ਨਾਲ ਨਰਾਜ਼ ਹੋਣ ਲੱਗ ਪਏ। ਨਕਲ ਰੁਕਵਾਉਣ ਲਈ, ਇਕ ਕੰਧ ਤੋਂ ਛਾਲ ਮਾਰਨ ਸਦਕਾ, ਸਾਡਾ ਅਸੂਲਾਂ ਨੂੰ ਪਰਣਾਇਆ ਲੇਖਕ, ਗੋਡ ਦੀ ਹੱਡੀ ਦੇ ਮਣਕੇ ਵੀ ਹਿਲਵਾ ਬੈਠਦਾ ਹੈ।

ਕਾਲੜਾ ਜੀ ਦੀ ਵਾਰਤਕ ਦੀ ਸ਼ੈਲੀ ਬੜੀ ਠੇਠ ਮੁਹਾਵਰੇਦਾਰ ਪੰਜਾਬੀ ਹੈ, ਉਹਨਾਂ ਦਾ ਪੇਂਡੂ ਪਿਛੋਕੜ ਹੀ ਅਜਿਹੀ ਸ਼ੈਲੀ ਸਿਰਜਣ ਵਿਚ ਸਹਾਈ ਹੁੰਦੀ ਹੈ। ਰੋਜ਼-ਰੋਜ਼ ਦੀਆਂ ਨਵੀਆਂ ਨਿਯੁਕਤੀਆਂ ਬਦਲੀਆਂ ਤੋਂ ਉਹਨਾਂ ਨੇ ਆਪਣੀ ਮਨੋਦਸ਼ਾ ਕਿਹੋ ਜਿਹੀ ਬਣਾ ਲਈ, "ਕਿਸੇ ਕਿਸਾਨ ਨੇ ਆਪਣੇ ਹਲ ਵਾਹੁੰਦੇ ਬਲਦ ਨੂੰ ਕਿਹਾ, "ਬੱਗਿਆ ਤੈਨੂੰ ਲੈ ਜਾਣ ਕਾਲੇ ਚੋਰ", ਤਾਂ ਉਸਨੇ ਅੱਗੇ ਉੱਤਰ ਦਿੱਤਾ "ਯਾਰਾਂ ਨੇ ਤਾਂ ਪੱਠੇ ਹੀ ਖਾਣੇ ਹਨ, ਖੁਰਲੀ ਭਾਵੇਂ ਕੋਈ ਹੋਵੇ।" ਹਾਲ ਆਪਣੀ ਵੀ ਏਹੋ ਸੀ, "ਕਰਨਾ ਤਾਂ ਕੰਮ ਹੀ ਹੈ, ਕੁਰਸੀ ਭਾਵੇਂ ਕੋਈ ਹੋਵੇ।" "ਸੋ ਡੀ.ਈ.ਓ. ਵਜੋਂ ਜ਼ਿੰਮੇਵਾਰੀ ਸੰਭਾਲ ਕੇ ਕੰਮ ਸ਼ੁਰੂ ਕਰ ਦਿੱਤਾ।"10

ਸਭ ਨੂੰ ਓਏ....... ਆਖ ਕੇ ਸੰਬੋਧਿਤ ਕਰਨ ਵਾਲੇ ਡੀ. ਸੀ. ਰੋਪੜ ਨਾਲ ਵੀ ਕਾਲੜਾ ਜੀ ਉਲਝ ਕੇ ਉਸਨੂੰ ਸਿੱਧੇ ਰਾਹ ਪਾ ਸਕਦੇ ਹਨ। ਆਪਣੀ ਸਾਰੀ ਨੌਕਰੀ ਉਸਨੇ ਬੜੀ ਮੜਕ ਅਤੇ ਸ਼ਾਨ ਨਾਲ ਪੂਰੀ ਕੀਤੀ। ਆਪਣੇ ਅਸੂਲਾਂ ਨਾਲ ਸਮਝੌਤਾ ਨਹੀਂ ਕੀਤਾ, ਭਾਵੇਂ ਕਿੰਨੀਆਂ ਪਰੇਸ਼ਾਨੀਆਂ ਆਈਆਂ ਅਤੇ ਸਜਣਾਂ ਮਿੱਤਰਾਂ ਦੀਆਂ ਨਾਰਾਜ਼ਗੀਆਂ ਵੀ ਮੁਲ ਲੈਣੀਆਂ ਪਈਆਂ। ਸਰਕਾਰੀ ਕੰਮਕਾਰਾਂ ਵਿਚੋਂ ਨਾਂ ਪੈਸੇ ਆਪ ਖਾਧੇ ਅਤੇ ਨਾਂ ਕਿਸੇ ਨੂੰ ਖਾਣ ਦਿੱਤੇ।

ਪੰਜਵਾ ਅਤੇ ਅੰਤਿਮ ਭਾਗ 'ਲੇਖਣ ਤੇ ਪਰਯਟਨ" ਦਾ ਹੈ, ਜਿਸ ਵਿਚ ਉਹਨਾਂ ਨੇ ਆਪਣੇ ਸਿਰਜਣਾ ਕਾਰਜ ਦੀ ਸਿਰਸੇ ਤੋਂ ਹੀ ਸ਼ੁਰੂਆੰਤ ਮੰਨੀ ਹੈ। ਪ੍ਰੋ. ਕਸੇਲ ਹੋਰਾਂ ਨੇ ਉਸਨੂੰ "ਚਾਨਣ ਦਾ ਕਵੀ" ਦੀ ਉਪਾਧੀ ਬਖਸ਼ੀ। ਕਿਉਂਕਿ ਉਹਨਾਂ ਦਾ ਸਪੁੱਤਰ ਆਸਟਰੇਲੀਆ ਵਿਚ ਸੀ ਇਸ ਲਈ ਇਸ ਦੇਸ਼ ਦੀਆਂ ਯਾਤਰਾਵਾਂ ਦਾ ਵੀ ਵਰਣਨ ਹੈ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਬੌਬ ਹਾਕ ਨੂੰ ਸੀਟ ਬੈਲਟ ਕਾਰ ਵਿਚ ਬੈਠਣ ਸਮੇਂ ਨਾਂ ਬੰਨ੍ਹਣ ਕਾਰਨ ਜੁਰਮਾਨਾ ਭਰਦਾ ਵਿਖਾਇਆ ਗਿਆ ਹੈ ਤੇ ਲੇਖਕ ਮੁਕਾਬਲਾ ਕਰਦਾ ਹੈ, ਸਾਡੇ ਰਾਜਨੇਤਾਵਾਂ ਨਾਲ ਉਹਨਾਂ ਦਾ।

ਲੇਖਕ ਨੂੰ ਆਪਣੀ ਮਿਹਨਤ ਨਾਲ ਕਮਾਏ ਕੈਰੀਅਰ ਅਤੇ ਆਪਣੀ ਪਰਿਵਾਰਿਕ ਉੱਨਤੀ ਉੱਪਰ ਤਸੱਲੀ ਹੈ। ਇਸ ਪੁਸਤਕ ਦਾ ਸਾਰ ਇਹ ਹੈ ਕਿ ਵਿਪਰੀਤ ਹਾਲਤਾਂ ਵਿਚ ਵੀ ਦਿਲ ਗੁਰਦੇ ਵਾਲੇ ਲੋਕ ਆਪਣੇ ਲਈ ਰਸਤਾ ਲੱਭ ਲੈਂਦੇ ਹਨ। ਕੰਮ ਕੋਈ ਵੀ ਛੋਟਾ ਨਹੀਂ ਹੁੰਦਾ। ਜੋ ਆਨੰਦ ਸਖਤ ਮਿਹਨਤ ਅਤੇ ਹੱਕ ਹਲਾਲ ਦੀ ਕਮਾਈ ਵਿਚ ਹੈ ਉਹ ਰਿਸ਼ਵਤਖੋਰਾਂ ਦੇ ਭਾਗਾਂ ਵਿਚ ਨਹੀਂ। ਲੇਖਕ ਆਤਮ ਵਿਭੋਰ ਹੋ ਕੇ ਕਿਤੇ-ਕਿਤੇ ਬੜਬੋਲਾ ਹੋ ਜਾਂਦਾ ਹੈ ਜੇ ਉਹ ਥੋੜ੍ਹੀ ਧੀਮੀ ਸੁਰ ਰੱਖਦਾ ਤਾਂ ਪੁਸਤਕ ਹੋਰ ਵੀ ਵਿਲੱਖਣ ਅਤੇ ਆਕਰਸ਼ਕ ਬਣ ਸਕਦੀ ਸੀ। ਪਰ ਇਕ ਮਿਹਨਤੀ ਲਗਨ ਸ਼ੀਲ ਅਤੇ ਸਿਰੜੀ ਇਨਸਾਨ ਦੀ ਆਤਮਕਥਾ ਹੋਣ ਸਦਕਾ ਇਸ ਦਾ ਮਹੱਤਵ ਕਦੇ ਵੀ ਘਟੇਗਾ ਨਹੀਂ। ਲੇਖਕ ਦਾ ਕੁਰਸੀਨਾਮਾ ਅਤੇ ੧੯੪੭ ਦੇ ਕਾਫਲੇ ਦੇ ਰਸਤੇ ਦਾ ਨਕਸ਼ਾ ਇਤਿਹਾਸਕ ਮਹੱਤਵ ਰੱਖਦੇ ਹਨ। "ਪੈਰਾਂ ਦੀ ਪਰਵਾਜ਼" ਪੰਜਾਬੀ ਸ੍ਵੈ-ਜੀਵਨੀ ਸਾਹਿਤ ਵਿਚ ਇਕ ਜ਼ਿਕਰਯੋਗ ਵਾਧਾ ਗਿਣੀ ਜਾਏਗੀ।

ਫੁੱਟ ਨੋਟ

1. ਪੈਰਾਂ ਦੀ ਪਰਵਾਜ਼-ਕਰਤਾਰ ਸਿੰਘ ਕਾਲੜਾ-੨੦੦੬-ਲੁਧਿਆਣਾ ਸਫਾ ੧੯
2. ਉਪਰੋਕਤ-ਸਫਾ ੨੧
3. ਉਪਰੋਕਤ-ਸਫਾ ੪੬
4. ਉਪਰੋਕਤ-ਸਫਾ ੫੫
5. ਉਪਰੋਕਤ-ਸਫਾ ੬੬
6. ਉਪਰੋਕਤ-ਸਫਾ ੭੬
7. ਉਪਰੋਕਤ-ਸਫਾ ੧੧੨
8. ਉਪਰੋਕਤ-ਸਫਾ ੧੩੫
9. ਉਪਰੋਕਤ-ਸਫਾ ੧੪੦-੪੧
10. ਉਪਰੋਕਤ-ਸਫਾ ੧੫੩

## ਜ਼ਿੰਦਗੀ

ਸਾਹ ਲੈਣਾ ਜੀਣਾ ਨਹੀਂ ਹੁੰਦਾ। ਜੀਣਾ ਤਾਂ ਸੂਰਜ ਬਣਨਾ ਹੁੰਦਾ ਹੈ ਜੋ ਆਪਣੇ ਨੂਰ ਨਾਲ ਦੂਰ ਦੂਰ ਤਕ ਚੌਗਿਰਦੇ ਨੂੰ ਰੋਸ਼ਨ ਕਰ ਦੇਵੇ। ਇਹ ਦਰਿਆ ਵਾਂਗ ਹੁੰਦਾ ਹੈ ਉਛਲਦਾ, ਕੁੱਦਦਾ ਤੇ ਅੱਗੇ ਵੱਧਦਾ ਹੈ, ਮੌਸਮ ਬਹਾਰ ਹੁੰਦਾ ਹੈ, ਨਵੇਂ ਰੰਗ ਰੂਪ ਦੀਆਂ ਬੁਲੰਦੀਆਂ ਛੂਹਣਾ ਤੇ ਆਪਣੇ ਚੌਗਿਰਦੇ ਨੂੰ ਮਹਿਕਾਂ ਨਾਲ ਭਰਨਾ, ਸੰਗੀਤ ਦੀ ਅੰਮ੍ਰਿਤ ਧੁਨ ਦੀ ਤਰ੍ਹਾਂ ਸਰੋਤਿਆਂ ਨੂੰ ਰੂਹਾਨੀ ਸਰੂਰ ਬਖਸ਼ਣਾ ਹੁੰਦਾ ਹੈ, ਚਹਿਕਦੇ ਪੰਛੀਆਂ ਵਾਂਗ ਉਚੀਆਂ ਉਡਾਣਾਂ ਭਰਨਾ ਤੇ ਹਵਾ ਦੀ ਤਰ੍ਹਾਂ ਖੁਲ੍ਹੇ ਦਰ ਤੇ ਦਸਤਕ ਦੇਣਾ ਹੁੰਦਾ ਹੈ, ਤੂਫ਼ਾਨਾਂ ਤੇ ਬਿਜਲੀਆਂ ਨਾਲ ਅੱਖ ਮਚੋਲੀ ਕਰਦੇ ਉਸ ਦਾਤ ਨੂੰ ਸੰਭਾਲਣ ਦਾ ਨਾਂ ਹੈ ਜਿਸਨੇ ਕਤਰੇ ਤੋਂ ਮੋਤੀ ਬਣਨਾ ਹੈ।

ਸੁਕਦੇ ਦਰਿਆ ਵਾਂਗ ਜ਼ਿੰਦਗੀ ਦਾ ਵਹਿਣ ਨਿਰੰਤਰ ਹੈ ਜੋ ਸਾਰੀਆਂ ਰੁਕਾਵਟਾਂ ਪਾਰ ਕਰਕੇ ਅੰਤ ਵਿਸਾਲ ਸਾਗਰ ਵਿਚ ਲੀਨ ਹੋ ਜਾਂਦਾ ਹੈ।


Namdhari Elibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006

Mobile Phone : S. Charanjit Singh 9810556398
S. Satvinder Singh 9811095210





Namdhari Elibrary NamdhariElibrary@gmail.com

# ਸੰਖੇਪ ਜਾਣਕਾਰੀ ਸਮਰਾ ਪਰਿਵਾਰ ਦੀ

*—ਅਜੀਤ ਸਿੰਘ ਮਾਸਟਰ*

ਕੁਝ ਦਿਨ ਹੋਏ ਜਲੰਧਰ ਤੋਂ ਛਪਣ ਵਾਲੀ ਇਕ ਪ੍ਰਸਿੱਧ ਰੋਜ਼ਾਨਾ ਅਖਬਾਰ 'ਜਗ ਬਾਣੀ' ਵਿਚ ਇਕ ਨਾਮਧਾਰੀ ਪਰਿਵਾਰ ਸੰਤ ਬਾਬਾ ਬੁੱਧ ਸਿਘ ਉਮਰ ੧੧੯ ਸਾਲ (ਪਤੀ) ਅਤੇ ਮਾਤਾ ਇੰਦੋ ਉਰਫ ਸਵਰਨ ਕੌਰ (ਸੁਪਤਨੀ), ਜੋ ਪਿੰਡ ਸਮਰਾ (ਗੁਰਦਾਸਪੁਰ) ਦੇ ਨਿਵਾਸੀ ਹਨ, ਦੀ ਫੋਟੋ ਸੰਖੇਪ ਜਿਹੀ ਟਿਪਣੀ ਸਹਿਤ ਛਪੀ ਜਿਸ ਵਿਚ ਇਹ ਦਰਸਾਣ ਦਾ ਉਪਰਾਲਾ ਕੀਤਾ ਗਿਆ ਕਿ ਇਹ ਇਕ ਐਸਾ ਪਰਿਵਾਰ ਹੈ ਜਿਸ ਵਿਚ ਪਤੀ-ਪਤਨੀ ਦੋਨੋ ਹੀ ਅਜੇ ਕਾਇਮ ਹਨ ਅਤੇ ਪ੍ਰਸੰਨ ਲੰਬੀ ਉਮਰ ਭੋਗ ਰਹੇ ਹਨ ਤੇ ਅਜੇ ਤੱਕ ਆਪਣੀ ਸਾਰੀਆਂ ਸਰੀਰਕ ਕਿਰਿਆਵਾਂ ਆਪ ਹੀ ਸਾਧ ਰਹੇ ਹਨ। ਇਹ ਵੀ ਪਤਾ ਲੱਗਾ ਹੈ ਕਿ ਇਕ ਦੋ ਟੀ.ਵੀ. ਚੈਨਲਾਂ ਤੇ ਵੀ ਵਿਸ਼ੇਸ਼ ਟਿਪਣੀ ਸਹਿਤ ਇਸ ਬਜ਼ੁਰਗ ਜੋੜੇ ਨੂੰ ਦਿਖਾਇਆ ਗਿਆ ਹੈ। ਇਹ ਸਭ ਕੁਝ ਜਾਣ ਕੇ ਮੇਰੇ ਅੰਦਰ, ਇਸ ਪਰਿਵਾਰ ਸਬੰਧੀ ਜਾਨਣ ਦੀ ਉਕਸੁਕਤਾ ਵਧੀ ਤੇ ਇਛਾ ਹੋਈ ਕਿ ਇਸ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਵਰੋਸਾਏ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਵਰਤਮਾਨ ਸਤਿਗੁਰੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਵਲੋਂ ਅਸ਼ੀਰਵਾਦ ਪ੍ਰਾਪਤ, ਨਾਮਧਾਰੀ ਪਰਿਵਾਰ ਸਬੰਧੀ ਜਿੰਨੀ ਜ਼ਿਆਦਾ ਤੋਂ ਜ਼ਿਆਦਾ ਹੋਰ ਜਾਣਕਾਰੀ ਪ੍ਰਾਪਤ ਕਰਕੇ ਸਾਰੇ ਸਮਾਜ ਅੱਗੇ ਆਮ ਕਰਕੇ ਪੇਸ਼ ਕਰਨ ਦੀ ਖੁਸ਼ੀ ਪ੍ਰਾਪਤ ਕੀਤੀ ਜਾਵੇ ਤੇ ਦੱਸਿਆ ਜਾਵੇ ਕਿ ਨਾਮਧਾਰੀ-ਸਿੱਖੀ-ਜੀਵਨਜਾਚ ਰਾਹੀਂ ਮਨੁੱਖ ਪ੍ਰਸੰਨ ਲੰਬੀ ਉਮਰ ਸਹਿਜੇ ਹੀ ਜੀ ਸਕਦਾ ਹੈ ਤੇ ਸਾਰਾ ਮਨੁੱਖੀ ਸਮਾਜ ਇਸ ਉਦਾਹਰਣ ਤੋਂ ਅਗਵਾਈ ਲੈ ਸਕਦਾ ਹੈ।

ਸਮਰਾ, ਸਮਰਾਵਾਂ, ਸਮਰਾਏ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਇਹ ਪਿੰਡ ਭਾਰਤ-ਪਾਕਿਸਤਾਨ ਸਰਹੱਦ ਤੇ ਡੇਰਾ ਬਾਬਾ ਨਾਨਕ ਸੈਕਟਰ ਵਿਚ ਰਾਵੀ ਦਰਿਆ ਦੇ ਪੂਰਬੀ ਕਿਨਾਰੇ ਤੇ ਸਥਿਤ ਹੈ। ਰਾਵੀ ਦਰਿਆ ਦੀ ਕਰੋਪੀ ਅਤੇ ਪਿਛਲੀਆਂ ਦੋਹਾਂ ਭਾਰਤ-ਪਾਕਿ ਲੜਾਈਆਂ ਕਰਕੇ, ਇਥੋਂ ਦੇ ਵਾਸੀਆਂ ਨੂੰ ਆਪਣਾ ਸਾਜ਼ੋ-ਸਮਾਨ ਚੁੱਕ ਕੇ, ਖਾਨਾ-ਬਦੋਸ਼ਾਂ ਵਾਂਗ ਪੰਜਾਬ ਦੇ ਅੰਦਰਲੇ ਹਿੱਸਿਆਂ ਵਿਚ ਜਾਣਾ ਪਿਆ। ਭਾਵੇਂ ਇਸ ਨਿੱਤ ਦੀ ਖਜਲ ਖੁਆਰੀ ਦੇ ਡਰ ਨੇ ਇਨ੍ਹਾਂ ਲੋਕਾਂ ਦੀ ਨੀਂਦ ਹਰਾਮ ਕੀਤੀ ਹੋਈ ਹੈ ਪਰ ਇਹ ਲੋਕ ਇਨੇ ਸਿਰੜੀ ਹਨ ਕਿ ਜਦੋਂ ਵੀ ਕਦੇ ਐਸਾ ਖਤਰਾ ਬਣਦਾ ਹੈ ਤਾਂ ਇਹ ਰਿਹਾਇਸ਼ ਦੀ ਬਦਲੀ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਸ਼ਾਇਦ ਇਸੇ ਕਰਕੇ ਇਨ੍ਹਾਂ ਸਰਹੱਦੀ ਪਿੰਡਾਂ ਦੇ ਬਸ਼ਿੰਦੇ ਆਧੁਨਿਕ ਕਿਸਮ ਦੀਆਂ ਰਹਾਇਸ਼ਗਾਹਾਂ (ਕੋਠੀਆਂ) ਬਹੁਤ ਹੀ ਘੱਟ ਬਣਾ ਰਹੇ ਹਨ। ਇਨ੍ਹਾਂ ਪਿੰਡਾਂ ਦੇ ਬਹੁਤੇ ਨਿਵਾਸੀ ੧੯੪੭ ਦੇ ਵੰਡਾਰੇ ਤੋਂ ਕਾਫੀ ਦੇਰ ਪਹਿਲਾਂ ਤੋਂ ਹੀ ਇਥੇ ਰਹਿ ਰਹੇ ਹਨ।

ਇਹ ਨਾਮਧਾਰੀ ਪਰਿਵਾਰ ਵੀ, ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਸਥਾਪਿਤ ਹੋਣ ਤੋਂ ਕਾਫੀ ਦੇਰ ਪਹਿਲਾਂ ਤੋਂ ਹੀ ਇਸੇ ਪਿੰਡ ਵਿਚ ਰਹਾਇਸ਼ ਰੱਖ ਰਿਹਾ ਹੈ ਤੇ ਪਿੰਡ ਦੀ ਲੰਬੜਦਾਰੀ ਵੀ ਇਨ੍ਹਾਂ ਕੋਲ ਰਹੀ ਹੈ। ਅੱਜ ਕੱਲ੍ਹ ਵੀ ਬਾਬਾ ਜੀ ਦੇ ਸਭ ਤੋਂ ਛੋਟੇ ਸਪੁੱਤਰ ਸੰਤ ਜਗੀਰ ਸਿੰਘ ਇਥੋਂ ਦੇ ਲੰਬੜਦਾਰ ਹਨ। ਇਸ ਖਾਨਦਾਨ ਦੇ ਰੁਕਨ ਸ. ਨਿਹਾਲ ਸਿੰਘ ਜੋ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਨੌਕਰੀ ਕਰਦੇ ਸਨ, ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੰਤ ਖਾਲਸਾ ਸੁਰਜੀਤ ਕਰਨ ਤੋਂ ਛੇਤੀ ਬਾਅਦ ਉਨ੍ਹਾਂ ਪਾਸੋਂ ਅੰਮ੍ਰਿਤ ਪਾਨ ਕਰ ਲਿਆ ਸੀ। ਬਜ਼ੁਰਗਾਂ ਦੇ ਦੱਸਣ ਮੁਤਾਬਿਕ ਨੌਕਰੀ ਦੌਰਾਨ ਹੀ ਸ੍ਰ. ਨਿਹਾਲ ਸਿੰਘ ਜੀ ਦੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਜਾਣ-ਪਛਾਣ ਸੀ। ਇਸ ਪਰਿਵਾਰ ਸਬੰਧੀ ਇਕ ਹੋਰ ਵਿਸ਼ੇਸ਼ ਗੱਲ ਇਹ ਸੀ ਕਿ ਸ੍ਰ. ਨਿਹਾਲ ਸਿੰਘ, ਸੰਤ ਸਿੰਘ ਅਤੇ ਬਾਬਾ ਬੁਧ ਸਿੰਘ ਜੀ ਪਰਿਵਾਰ ਦੇ ਇਕੋ-ਇਕ ਨਿਸ਼ਾਨ ਰਹੇ। ਬਾਬਾ ਬੁਧ ਸਿੰਘ ਜੀ ਦੇ ਪਰਿਵਾਰਿਕ ਵੇਲ ਵਧੀ ਤੇ ਉਨ੍ਹਾਂ ਦੇ ਗ੍ਰਹਿ ਵਿਖੇ ਚਾਰ ਪੁੱਤਰ ਸੰਤ ਸੇਵਾ ਸਿੰਘ, ਸੰਤ ਮੇਵਾ ਸਿੰਘ, ਸੰਤ ਅਵਤਾਰ ਸਿੰਘ ਅਤੇ ਸੰਤ ਜਗੀਰ ਸਿੰਘ ਜੀ ਹੋਏ। ਸੰਤ ਸੇਵਾ ਸਿੰਘ ਜੀ ਪ੍ਰਲੋਕ ਸੁਧਾਰ ਚੁੱਕੇ ਹਨ ਜਿਨ੍ਹਾਂ ਦੇ ਅੱਗੇ ਤਿੰਨ ਬੇਟੇ ਹਨ। ਪੂਰੀ ਪਰਿਵਾਰਿਕ ਜਾਣਕਾਰੀ ਲਈ ਬੰਸਾਵਲੀ ਨਾਮਾ ਦਿੱਤਾ ਗਿਆ ਹੈ।

ਮੁਢ ਤੋਂ ਹੀ ਪਰਿਵਾਰ ਦਾ ਮੁਖ ਕਿੱਤਾ ਖੇਤੀ ਰਿਹਾ ਹੈ। ਬਾਬਾ ਜੀ ਦੇ ਦੱਸਣ ਮੁਤਾਬਿਕ ਪਿਤਾ ਜੀ (ਸੰਤ ਸੰਤ ਸਿੰਘ ਜੀ) ਬਹੁਤ ਮਿਹਨਤੀ ਅਤੇ ਕਾਮੇ ਸਨ। ਘਰੇਲੂ ਕੰਮ ਤੇ ਭਜਨ-ਬਾਣੀ ਬਿਨਾਂ ਉਨ੍ਹਾਂ ਨੂੰ ਕਿਸੇ ਪਾਸੇ ਦੀ ਦਿਲਚਸਪੀ ਨਹੀਂ ਸੀ। ਸ਼ਾਇਦ ਇਸੇ ਕਰਕੇ ਸ੍ਰੀ ਭੈਣੀ ਸਾਹਿਬ ਬਹੁਤ ਘੱਟ ਗਏ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਬਹੁਤੀ ਨੇੜਤਾ ਪ੍ਰਾਪਤ ਨਾ ਕਰ ਸਕੇ। ਜਦੋਂ ਪਰਿਵਾਰ ਦੀ ਵਾਗਡੋਰ ਬਾਬਾ ਬੁਧ ਸਿੰਘ ਜੀ ਨੇ ਸੰਭਾਲੀ ਤਾਂ ਉਨ੍ਹਾਂ ਨੂੰ ਖੇਤੀ ਬਾੜੀ ਤੇ ਜ਼ਮੀਨ ਸਬੰਧੀ ਬਹੁਤ ਸਾਰੀਆਂ ਸਮੱਸਿਆਵਾਂ ਨਾਲ ਜੂਝਣਾ ਪਿਆ। ਮੁੱਖ ਸਮੱਸਿਆ ਬਦਮਾਸ਼ਾਂ ਅਤੇ ਡਾਕੂਆਂ ਦੀ ਸੀ ਜੋ ਉਨ੍ਹਾਂ ਦੀ ਫਸਲ ਨੂੰ ਲੁੱਟ-ਪੁੱਟ ਲੈਂਦੇ ਅਤੇ ਬਹੁਤੀ ਵਾਰੀ ਉਜਾੜ-ਪੁਜਾੜ ਜਾਂਦੇ।

ਇਕ ਵਾਰੀ ਜਦੋਂ ਉਹ ਬਦਮਾਸ਼ ਡਾਕੂ ਸੰਤਾਂ ਦੀ ਬੇਰੜੇ (ਕਣਕ ਛੋਲੇ) ਦੀ ਕੱਚੀ ਪੱਕੀ ਫਸਲ ਅੱਧ ਵਿਚੋਂ ਵੱਢ ਕੇ ਖਲਾਰਾ ਪਾ ਕੇ ਦੌੜ ਗਏ ਤਾਂ ਬਾਬਾ ਜੀ ਅਤਿਅੰਤ ਦੁਖੀ ਹੋਏ। ਇਸ ਕਰਕੇ ਉਹ, ਸੰਤ ਅਛਰ ਸਿੰਘ (ਜੋ ਸ੍ਰੀ ਭੈਣੀ ਸਾਹਿਬ ਲੰਗਰ ਦੀ ਸੇਵਾ ਕਰਦੇ ਸਨ ਤੇ ਜੋ ਇਸੇ ਪਿੰਡ ਦੇ ਰਹਿਣ ਵਾਲੇ ਸਨ) ਅਤੇ ਸੰਤ ਸਿੰਘ ਮਸਤਾਨਾ (ਜੋ ਨਾਮਧਾਰੀ ਮੇਲਿਆਂ ਵਿਚ ਦਾਤਣਾਂ ਅਤੇ ਡੋਰੀਆਂ ਵੱਟ ਕੇ ਵਰਤਾਂਦੇ ਸਨ ਤੇ ਇਸੇ ਸਮਰਾਵਾਂ ਪਿੰਡ ਦੇ ਵਾਸੀ ਸਨ) ਨੂੰ ਨਾਲ ਲੈ ਕੇ ਨਾਰੋਵਾਲ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਏ। ਸਤਿਗੁਰੂ ਜੀ ਨੇ ਸੰਤਾਂ ਨੂੰ ਘਰੇਲੂ ਹਾਲ-ਚਾਲ ਪੁੱਛਿਆ ਤਾਂ ਬਾਬਾ ਜੀ ਨੇ ਆਪਣੀ ਡਾਕੂਆਂ ਦੀ ਸਮੱਸਿਆ ਬਾਰੇ ਦੱਸਿਆ। ਸ੍ਰੀ ਸਤਿਗੁਰੂ ਜੀ ਨੇ ਪੁੱਛਿਆ ਉਹ ਕੌਣ ਸਨ ਤਾਂ ਸੰਤਾਂ ਨੇ ਕਿਹਾ ਆਪ ਹੀ ਜਾਣੋ, ਆਪ ਹੀ ਭੇਜਦੇ ਹੋ। ਆਸ-ਪਾਸ ਬੈਠੇ ਸਿੱਖ ਹੱਸ ਪਏ ਪਰ ਸ੍ਰੀ ਸਤਿਗੁਰੂ ਜੀ ਗੰਭੀਰ ਹੋ, ਚੁੱਪ ਕਰ ਰਹੇ। ਸੰਤਾਂ ਨੇ ਦੱਸਿਆ ਕਿ ਘਰ ਆ ਕੇ ਜਦੋਂ ਪੈਲੀਆਂ ਵਿਚੋਂ ਖਿਲਰਿਆ



Namdhari Elibrary NamdhariElibrary@gmail.com

ਫਸਲ ਇਕੱਠਾ ਕਰਕੇ ਗਾਹਿਆਂ ਤਾਂ ਦਾਣੇ ਪਹਿਲਾਂ ਤੋਂ ਵੀ ਜ਼ਿਆਦਾ ਹੋਏ।

ਇਕ ਵਾਰੀ ਫਿਰ ਜਦੋਂ ਬਦਮਾਸ਼ਾਂ ਨੇ ਐਸਾ ਕਰਨ ਦਾ ਉਪਰਾਲਾ ਕੀਤਾ ਤਾਂ ਬਦਮਾਸ਼ਾਂ ਦੇ ਸਾਥੀਆਂ (ਜਿਨ੍ਹਾਂ ਵਿਚੋਂ ਇਕ ਦੋ ਅਜੇ ਤੱਕ ਵੀ ਜਿਉਂਦੇ ਹਨ) ਦੇ ਦੱਸਣ ਮੁਤਾਬਿਕ ਜਦੋਂ ਉਹ ਖੇਤ ਉਜਾੜਨ ਲਈ ਖੇਤ ਵੱਲ ਗਏ ਤਾਂ ਉਨ੍ਹਾਂ ਵੇਖਿਆ ਕਿ ਖੇਤ ਵਿਚ ਚੰਦਰਮਾ ਦੇ ਚਾਨਣ ਵਰਗਾ ਚਿੱਟਾ ਚਾਨਣ ਪਸਰਿਆ ਹੋਇਆ ਸੀ, ਚਿਟਿਆਂ ਕਪੜਿਆਂ ਵਾਲੇ ਬਹੁਤ ਸਾਰੇ ਬੰਦੇ ਅਤੇ ਖੂੰਡੇ ਵਾਲਾ ਉਨ੍ਹਾਂ ਦਾ ਸਰਦਾਰ ਉਥੇ ਖੜ੍ਹੇ ਸਨ ਜਿਨ੍ਹਾਂ ਨੂੰ ਵੇਖ ਕੇ, ਡਰ ਕੇ ਅਸੀਂ ਘਰਾਂ ਨੂੰ ਦੌੜ ਆਏ। ਇਸ ਘਟਨਾ ਨਾਲ ਬਦਮਾਸ਼ਾਂ ਨੂੰ ਹੋਰ ਚਿੜ ਹੋ ਗਈ। ਉਨ੍ਹਾਂ ਨੇ ਸੰਤ ਜੀ ਤੇ ਪਿੜ ਵਿਚ ਖਲਵਾੜੇ ਲਾਗੇ ਰਾਖੀ ਲਈ ਸੁੱਤਿਆਂ ਤੇ ਮਾਰੂ ਹਮਲਾ ਕਰਨਾ ਚਾਹਿਆ। ਬਾਬਾ ਜੀ ਉਥੇ ਮੰਜੇ ਉੱਤੇ ਜਾਗਦੇ ਹੀ ਲੇਟੇ ਹੋਏ ਸਨ। ਉਨ੍ਹਾਂ ਦੇਖਿਆ ਕਿ ਬਦਮਾਸ਼ ਉਨ੍ਹਾਂ ਦੇ ਮੰਜੇ ਦੁਆਲੇ ਘੁੰਮੀ ਜਾ ਰਹੇ ਸੀ ਤੇ ਕਹਿ ਰਹੇ ਸਨ ਅੱਜ ਬਾਬਾ ਏਥੇ ਸੌਣ ਆਇਆ ਹੀ ਨਹੀਂ। ਇਸ ਤਰ੍ਹਾਂ ਉਹ ਹਾਰ ਕੇ ਥੱਕ ਕੇ ਚਲੇ ਗਏ। ਇਸ ਤਰ੍ਹਾਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਇਸ ਕਥਨ ਨੂੰ ਸੱਚ ਕਰ ਦਿਖਾਇਆ, 'ਜਾਕੋ ਰਾਖੇ ਸਾਈਆਂ, ਮਾਰ ਸਕੇ ਨਾ ਕੋਏ'। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅੱਗੇ ਬੇਨਤੀ ਕਰਨ ਤੋਂ ਬਾਅਦ ਬਦਮਾਸ਼ ਡਾਕੂ ਸੰਤਾਂ ਦਾ ਬਿਲਕੁਲ ਕੋਈ ਨੁਕਸਾਨ ਨਾ ਕਰ ਸਕੇ। ਇਸ ਤਰ੍ਹਾਂ ਇਸ ਪਰਿਵਾਰ ਅਤੇ ਇਸ ਪਿੰਡ ਤੇ ਸੱਚੇ ਪਾਤਸ਼ਾਹ ਜੀ ਦੀ ਹਮੇਸ਼ਾ ਮਿਹਰ ਦੀ ਨਜ਼ਰ ਰਹੀ ਤੇ ਉਹਨਾਂ ਇਸ ਪਿੰਡ ਵਿਚ ਬਹੁਤ ਵਾਰੀ ਦਰਸ਼ਨ ਦਿੱਤੇ।

ਭਾਵੇਂ ਵਰਤਮਾਨ ਸਤਿਗੁਰੂ ਜੀ ਇਸ ਨਗਰ ਵਿਚ ਬਹੁਤ ਘੱਟ ਪਧਾਰੇ ਪਰ ਆਪਣੇ ਸ਼ਰਧਾਲੂ ਸਿੱਖਾਂ ਦਾ ਉਹਨਾਂ ਹਮੇਸ਼ਾ ਧਿਆਨ ਰੱਖਿਆ। ਸ੍ਰੀ ਆਨੰਦਪੁਰ ਸਾਹਿਬ ਦੇ ਹੋਲੇ ਸਮੇਂ ਉਨ੍ਹਾਂ ਸੰਤ ਬੁਧ ਸਿੰਘ ਹੋਰਾਂ ਨੂੰ ਗੁਰਦਾਸਪੁਰ ਜ਼ਿਲ੍ਹੇ 'ਚੋਂ ਮੇਲੇ ਦੀ ਉਗਰਾਹੀ ਦੀ ਜ਼ਿੰਮੇਵਾਰੀ ਸੌਂਪੀ ਤਾਂ ਇਸ ਕੰਮ ਨੂੰ ਸੰਤ ਜੀ ਨੇ ਪੂਰੀ ਤਨਦੇਹੀ ਤੇ ਈਮਾਨਦਾਰੀ ਨਾਲ ਬਾਖੂਬੀ ਨਿਭਾਇਆ। ਸੰਤ ਜੀ ਦੇ ਦੱਸਣ ਮੁਤਾਬਿਕ ਕਿ ਉਹ ਉਗਰਾਹੀ ਸਾਈਕਲਾਂ ਤੇ ਕਰਦੇ ਸੀ ਜੇ ਕਿਤੇ ਸਾਈਕਲ ਪੈਂਚਰ ਵੀ ਹੁੰਦਾ ਤਾਂ ਆਪਣੇ ਪੈਸਿਆਂ ਦਾ ਪੈਂਚਰ ਲਵਾਂਦੇ।

ਪਿੱਛੇ ਜਿਹੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਾਬਾ ਜੀ ਨੂੰ ਮਲੇਰ ਕੋਟਲੇ ਸ਼ਹੀਦਾਂ ਦੇ ਮੇਲੇ ਤੇ ਬੁਲਾਵਾ ਭੇਜਿਆ, ਤੇ ਉਨ੍ਹਾਂ ਪਾਸੋਂ ਸੰਤ ਮੋਹਨ ਸਿੰਘ ਹੋਰਾਂ ਦੀਆਂ ਕੁਝ ਵਾਰਤਾਵਾਂ ਟੇਪ ਕਰਵਾਈਆਂ। ਅੱਜਕੱਲ੍ਹ ਸ੍ਰੀ ਸਤਿਗੁਰੂ ਜੀ ਨੇ ਸੰਤ ਬੁਧ ਸਿੰਘ ਹੋਰਾਂ ਦੇ ਪੜਪੋਤਰੇ, ਸੰਤ ਸੇਵਾ ਸਿੰਘ ਸਾਬਕਾ ਸਰਪੰਚ ਦੇ ਪੋਤਰੇ ਅਤੇ ਹਰਭਜਨ ਸਿੰਘ ਦੇ ਸਪੁੱਤਰ ਕੁਲਦੀਪ ਸਿੰਘ ਅਤੇ ਜਗਦੀਪ ਸਿੰਘ ਨੂੰ ਆਪਣੇ ਕੋਲ ਸ੍ਰੀ ਭੈਣੀ ਸਾਹਿਬ ਰੱਖਿਆ ਹੋਇਆ ਹੈ ਤੇ ਉਨ੍ਹਾਂ ਨੂੰ ਸਕੂਲੀ ਪੜ੍ਹਾਈ ਦੇ ਨਾਲ ਸੰਗੀਤ ਅਤੇ ਤਬਲਾ ਵਾਦਨ ਦੀ ਸਿਖਲਾਈ ਦਵਾਉਣ ਦੀ ਕਿਰਪਾ ਕਰ ਰਹੇ ਹਨ।

ਇਸ ਸਮਰਾ ਪਰਿਵਾਰ ਦਾ ਇਕ ਹੋਰ ਵਿਲੱਖਣ ਗੁਣ ਹੈ ਇਨ੍ਹਾਂ ਦੇ ਦਿਲਾਂ ਵਿਚ ਕੁਟ-ਕੁਟ ਕੇ ਭਰੀ ਸਮਾਜ ਸੇਵਾ ਅਤੇ ਸਾਧ ਸੰਗਤ ਲਈ ਸੇਵਾ ਭਾਵਨਾ। ਇਕ ਦੋ ਉਦਾਹਰਨਾਂ ਏਥੇ ਦੇਣੀਆਂ ਕੁਥਾਂ ਨਹੀਂ ਹੋਣਗੀਆਂ। ਪਾਕਿਸਤਾਨ ਬਨਣ ਵੇਲੇ ਇਸ ਪਿੰਡ ਵਿਚ ਬਹੁਤ ਸਾਰੇ ਮੁਸਲਮਾਨਾਂ ਦੇ ਪਰਿਵਾਰ ਰਹਿੰਦੇ ਸਨ। ਇਲਾਕੇ ਦੇ ਤੁਅਸਬੀ ਸ਼ਰਾਰਤੀ ਲੋਕ ਉਨ੍ਹਾਂ ਨੂੰ ਮਾਰ ਦੇਣਾ ਚਾਹੁੰਦੇ ਸਨ। ਸੰਤ ਜੀ ਨੇ ਉਨ੍ਹਾਂ ਤੁਅਸਬੀ ਲੋਕਾਂ ਨੂੰ ਸਾਫ-ਸਾਫ ਕਹਿ ਦਿੱਤਾ ਕਿ ਜੇ ਤੁਸੀਂ ਇਨ੍ਹਾਂ ਨੂੰ ਮਾਰਨਾ ਹੈ ਤਾਂ ਪਹਿਲਾਂ ਮੈਨੂੰ ਮਾਰੋ। ਸੰਤ ਜੀ ਆਪ ਆਪਣਾ ਜੀਵਨ ਖਤਰੇ ਵਿਚ ਪਾ ਕੇ ਉਨ੍ਹਾਂ ਸਾਰਿਆਂ ਨੂੰ ਸੁਰਖਿਅਤ ਪਾਕਿਸਤਾਨ ਵਾਲੇ ਪਾਸੇ ਛੱਡ ਕੇ ਆਏ। ਸੰਤ ਜੀ ਨੇ ਦੱਸਿਆ ਕਿ ਉਨ੍ਹਾਂ ਦੀਆਂ ਪ੍ਰਸੰਸਾ ਅਤੇ ਅਸੀਸਾਂ ਨਾਲ ਭਰੀਆਂ ਚਿੱਠੀਆਂ ਕਾਫੀ ਦੇਰ ਬਾਅਦ ਵੀ ਸਾਨੂੰ ਆਉਂਦੀਆਂ ਰਹੀਆਂ।

ਪੰਡਤ ਗੁਰਚਰਨ ਸਿੰਘ ਜੀ, ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਤਿਕਾਰੇ ਹੋਏ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦੇ ਮੰਨੇ-ਪ੍ਰਮੰਨੇ ਪਾਠੀ ਸਨ, ਇਕ ਬਿਹੰਗਮ ਸਾਧੂ ਸਨ। ਬਹੁਤ ਸਮਾਂ ਉਹ ਦਿੱਲੀ ਰਹਿੰਦੇ ਰਹੇ। ਇਸ ਸਮਰਾ ਪਿੰਡ ਵਿਚ ਇਸ ਪਰਿਵਾਰ ਦੀ ਸ਼ਰਧਾ ਭਾਵਨਾ ਅਤੇ ਪ੍ਰੇਮ ਕਰਕੇ ਉਨ੍ਹਾਂ ਦਾ ਆਮ ਆਉਣ ਜਾਣ ਸੀ। ਜੀਵਨ ਦੇ ਆਖਰੀ ਦਿਨਾਂ ਵਿਚ ਜਦੋਂ ਉਹ ਕਾਫੀ ਸਮਾਂ ਬਹੁਤ ਬਿਮਾਰ ਰਹੇ ਤਾਂ ਸੰਤ ਬੁਧ ਸਿੰਘ ਜੀ ਦੇ ਸਪੁੱਤਰ ਸੰਤ ਮੇਵਾ ਸਿੰਘ ਸਾਬਕਾ ਸਰਪੰਚ ਤੇ ਉਨ੍ਹਾਂ ਦੇ ਪਰਿਵਾਰ ਨੇ ਤਨੋ-ਮਨੋ ਉਨ੍ਹਾਂ ਦੀ ਸੇਵਾ ਸੰਭਾਲ ਕੀਤੀ। ਏਥੇ ਹੀ ਉਨ੍ਹਾਂ ਸਰੀਰ ਛੱਡਿਆ। ਉਨ੍ਹਾਂ ਦੀਆਂ ਸਾਰੀਆਂ ਆਖਰੀ ਰਸਮਾਂ ਇਸੇ ਪਰਿਵਾਰ ਨੇ ਕੀਤੀਆਂ ਕਰਵਾਈਆਂ।

ਬਾਬਾ ਜੀ ਅਤੇ ਮਾਤਾ ਜੀ ਦੀ ਪ੍ਰਸੰਨ ਲੰਬੀ ਉਮਰ ਦਾ ਰਾਜ਼ ਘਰੇਲੂ ਤੰਗੀਆਂ ਤੁਰਛੀਆਂ ਨੂੰ ਹੰਢਾਉਣ, ਸਰਹੱਦੀ ਅਤੇ ਕੁਦਰਤੀ ਕਰੋਪੀਆਂ ਨੂੰ ਸਹਾਰਦਾ ਇਹ ਧਰਮ-ਪਰਾਇਣ ਭਾਗਸ਼ਾਲੀ ਜੋੜਾ, ਮੁਰਗਾਈ ਦੇ ਪਾਣੀ ਵਿਚ ਰਹਿ ਕੇ ਵੀ ਅਭਿਜ ਰਹਿਣ ਵਾਂਗ, ਆਪਣੀ ਜੀਵਨ ਯਾਤਰਾ ਨੂੰ ਸਫਲ ਕਰ ਰਿਹਾ ਹੈ। ਪਤੀ-ਪਤਨੀ ਪ੍ਰਸਪਰ ਪ੍ਰੇਮ ਬੰਧਨ ਵਿਚ ਬੱਝੇ ਸਦੀਵੀ ਖੁਸ਼ੀ ਅਤੇ ਸੁੱਖ ਮਾਣ ਰਹੇ ਹਨ। ਸ੍ਰੀ ਸਤਿਗੁਰੂ ਜੀ ਦੀ ਅਪਾਰ ਸ਼ਰਧਾ ਤੇ ਉਨ੍ਹਾਂ ਦੇ ਅਸ਼ੀਰਵਾਦ ਸਦਕਾ ਉਨ੍ਹਾਂ ਨੂੰ ਭਵ-ਸਾਗਰ ਪਾਰ ਕਰਨ ਦਾ ਝੋਰਾ ਉੱਕਾ ਸਤਾ ਨਹੀਂ ਰਿਹਾ। ਪੁੱਤਰਾਂ, ਨੂੰਹਾਂ, ਪੋਤਰੇ-ਪੋਤਰੀਆਂ ਤੇ ਪੜੋਤੜਿਆਂ ਦੀ ਸੰਗਤ ਉਨ੍ਹਾਂ ਨੂੰ ਲੰਮੇਰਾ ਜੀਵਨ ਜੀਉਣ ਲਈ ਹੁਲਾਰਾ ਦੇਂਦੀ ਹੈ। ਸਾਦਾ ਤੇ ਪਚਣਯੋਗ ਭੋਜਨ ਉਨ੍ਹਾਂ ਨੂੰ ਅਰੋਗ ਜੀਵਨ ਜੀਣ ਵਿਚ ਮਦਦਗਾਰ ਹਨ। ਸੰਤ ਜਗੀਰ ਸਿੰਘ ਉਨ੍ਹਾਂ ਦੀ ਸੁਸ਼ੀਲ ਧਰਮ-ਪਤਨੀ ਤੇ ਸਾਰਾ ਪਰਿਵਾਰ ਜਿਨ੍ਹਾਂ ਤੇ ਅੱਜਕੱਲ੍ਹ ਉਨ੍ਹਾਂ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਹੈ, ਹਰ ਵੇਲੇ ਉਨ੍ਹਾਂ ਦੀ ਹਰ ਲੋੜ ਨੂੰ ਪੂਰਾ ਕਰਦੇ ਹਨ। ਬਜ਼ੁਰਗ ਮਾਤਾ-ਪਿਤਾ ਦਾ ਭਾਰ ਇਸ ਕਰਕੇ ਵੀ ਮਹਿਸੂਸ ਨਹੀਂ ਹੋ ਰਿਹਾ ਕਿਉਂਕਿ ਇਹ ਜੋੜੀ ਆਪਣੀਆਂ ਸਾਰੀਆਂ ਸਰੀਰਕ ਕਿਰਿਆਵਾਂ ਆਪ ਸਾਧ ਲੈਂਦੀ ਹੈ। ਸੰਖੇਪ ਵਿਚ ਆਚਾਰ-ਵਿਚਾਰ ਵਿਹਾਰ ਅਤੇ ਆਹਾਰ ਦੀ ਸਾਦਗੀ ਅਤੇ ਪਵਿੱਤਰ ਵਿਚ ਹੀ ਇਸ ਬਜ਼ੁਰਗਾਂ ਜੋੜੇ ਦੀ ਪ੍ਰਸੰਨ ਲੰਬੀ ਉਮਰ ਦਾ ਰਾਜ਼ ਹੈ।

*ਪਿੰਡ ਰੋਲੀਆ (ਹੁਸ਼ਿਆਰਪੁਰ)*



Namdhari Elibrary NamdhariElibrary@gmail.com

# ਸਮਰਾ ਪਰਿਵਾਰ ਦਾ ਬੰਸਾਵਲੀਨਾਮਾ

ਸ੍ਰ. ਨਿਹਾਲ ਸਿੰਘ
(ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ, ( ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲੀ)

ਸੰਤ ਸੰਤ ਸਿੰਘ
(ਖੇਤੀ-ਬਾੜੀ ਦਾ ਕੰਮ ਕਰਦੇ ਰਹੇ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮਕਾਲੀ)

ਸੰਤ ਬਾਬਾ ਬੁਧ ਸਿੰਘ
(ਜਿਊਂਦੇ ਜਾਗਦੇ, ਉਮਰ ੧੧੮ ਸਾਲ) ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮਕਾਲੀ ਰਹੇ,
ਵਰਤਮਾਨ ਸ੍ਰੀ ਸਤਿਗੁਰੂ ਜੀ ਦੇ ਅਸ਼ੀਰਵਾਦ ਪ੍ਰਾਪਤ)

ਸੰਤ ਸੇਵਾ ਸਿੰਘ (ਸਵਰਗਵਾਸੀ) | ਸੰਤ ਮੇਵਾ ਸਿੰਘ (ਸਾਬਕਾ ਸਰਪੰਚ) | ਸੰਤ ਅਵਤਾਰ ਸਿੰਘ (ਕਪੜੇ ਦੀ ਦੁਕਾਨ) | ਸੰਤ ਜਗੀਰ ਸਿੰਘ (ਲੰਬੜਦਾਰ) (ਬਾਬਾ ਜੀ ਦੀ ਸੇਵਾ ਸੰਭਾਲ ਲਈ ਜਿੰਮੇਵਾਰ)

ਸੰਤ ਨਿਸ਼ਾਨ ਸਿੰਘ | ਸੰਤ ਦੀਵਾਨ ਸਿੰਘ | ਸੰਤ ਸੁਲੱਖਣ | ਹਰਭਜਨ ਸਿੰਘ | ਸ਼ੇਰ ਸਿੰਘ | ਬਲਬੀਰ ਸਿੰਘ | ਬਲੀ ਸਿੰਘ | ਰਣਜੀਤ ਸਿੰਘ (ਪੜ੍ਹਦਾ)

ਅਜਮੇਰ ਸਿੰਘ | ਭਗਵਾਨ ਸਿੰਘ

ਬਲਵਿੰਦਰ ਸਿੰਘ (ਫੌਜ ਵਿਚ) | ਪ੍ਰਕਾਸ਼ ਸਿੰਘ (ਪੜ੍ਹਦਾ) | ਹਰਪਾਲ ਸਿੰਘ (ਪੜ੍ਹਦਾ) | ਪਵਿਤਰ ਸਿੰਘ (ਪੜ੍ਹਦਾ) | ਪਰਮਜੀਤ ਸਿੰਘ (ਪੜ੍ਹਦਾ) | ਜੋਬਨ ਸਿੰਘ (ਪੜ੍ਹਦਾ) | ਦਲੇਰ ਸਿੰਘ (ਪੜ੍ਹਦਾ)

ਕੁਲਦੀਪ ਸਿੰਘ
ਜਗਦੀਪ ਸਿੰਘ
ਸ੍ਰੀ ਭੈਣੀ ਸਾਹਿਬ (ਸੰਗੀਤ ਦੀ ਸਿੱਖਿਆ) | ਸ੍ਰੀ ਭੈਣੀ ਸਾਹਿਬ ਤਬਲਾ ਵਾਦਨ

ਜਗਦੀਪ ਕੌਰ (ਪੜ੍ਹਦੀ) | ਨਵਦੀਪ ਕੌਰ (ਪੜ੍ਹਦੀ)

ਨੋਟ :- ਬਾਬਾ ਬੁੱਧ ਜੀ ਦਾ ਵਿਆਹ ਮਾਤਾ ਇੰਦੋ ਉਰਫ਼ ਸਵਰਨ ਕੌਰ ਉਮਰ ੧੧੩ ਸਾਲ ਪੁੱਤਰੀ ਸ੍ਰ. ਗੋਪਾਲ ਸਿੰਘ ਪਿੰਡ ਛਨੀ ਟੇਕਾ (ਪਾਕਿਸਤਾਨ) ਜਾਤ ਕਾਹਲੋਂ ਨਾਲ ਹੋਇਆ। ਮਾਤਾ ਜੀ ਦਾ ਨਾਨਕਾ ਪਰਿਵਾਰ ਸੰਤ ਟਹਿਲ ਸਿੰਘ ਨਾਮਧਾਰੀ ਸੀ ਜੋ ੧੯੪੭ ਤੋਂ ਪਹਿਲਾਂ ਮਹਾਰਾਂ ਤਸੀਲ ਨਾਰੋਵਾਲ (ਪਾਕਿਸਤਾਨ) ਵਿੱਚ ਰਹਿੰਦੇ ਸਨ ਤੇ ਅੱਜ ਕਲ੍ਹ ਪਿੰਡ ਹਰਦਾਨ (ਬਟਾਲੇ ਦੇ ਲਾਗੇ ਰਹਿ ਰਹੇ ਹਨ। ਮਾਤਾ ਜੀ ਦੇ ਪਿਤਾ ਜੀ ਨਾਮਧਾਰੀ ਨਹੀਂ ਸਨ ਤਾਂ ਵੀ ਬਹੁਤ ਹੀ ਭਲੇ ਲੋਕ ਅਤੇ ਧਾਰਮਕ ਵਿਚਾਰਾਂ ਦੇ ਸਨ।


Namdhari Elibrary NamdhariElibrary@gmail.com

# ਸਕੂਨ ਦੇਣ ਵਾਲਾ ਪਛਤਾਵਾ

*—ਮਹਿੰਦਰ ਸਿੰਘ ਮਠਾਰੂ*

ਚੰਗੇ ਕਾਰੋਬਾਰੀ ਸੱਜਣ, ਸਾਡੇ ਗੂੜ੍ਹੇ ਮਿੱਤਰ ਇੰਗਲੈਂਡ ਅਤੇ ਅਮਰੀਕਾ ਦੇ ਪਹਿਲੇ ਦੌਰੇ ਤੋਂ ਹੁਣੇ ਹੀ ਵਾਪਸ ਆਏ ਹਨ। ਆਧੁਨਿਕ ਵਿਚਾਰਧਾਰਾ ਅਤੇ ਸਫਲ ਉਦਯੋਗਪਤੀ ਹੋਣ ਕਾਰਣ ਕੁਝ ਕੁ ਜ਼ਿਆਦਾ ਹੀ ਖੁੱਲਾਪਣ ਰੱਖਦੇ ਹਨ! ਖਾਣ ਅਤੇ ਪੀਣ ਦੀ ਬਖਸ਼ਿਸ਼ ਕੁਦਰਤੀ ਤੌਰ ਤੇ ਵਿਰਾਸਤ ਵਿਚ ਮਿਲੀ ਹੋਈ ਹੈ ਭਾਵੇਂ ਆਧੁਨਿਕ ਵਸਤਰ ਪਹਿਨਦੇ ਹਨ, ਪਰ ਅੰਦਰੋਂ ਕਦੀ-ਕਦੀ ਧਾਰਮਿਕ ਭਾਵਨਾ ਵੀ ਉੱਭਰ ਕੇ ਸਾਹਮਣੇ ਆ ਹੀ ਜਾਂਦੀ ਹੈ।

ਆਪਣੇ ਇੰਗਲੈਂਡ ਦੇ ਨਿਵਾਸ ਤੇ ਜਿੱਥੇ ਲਗਭਗ ਇਕ ਹਫਤਾ ਰਹੇ ਆਪਣੇ ਰਿਸ਼ਤੇਦਾਰ ਗੁਰਸਿੱਖ ਦੇ ਜੀਵਨ ਦੀ ਘਟਨਾ ਤੋਂ ਬੜੇ ਪ੍ਰਭਾਵਿਤ ਹੋ ਗਏ। ਵਿਦੇਸ਼ ਤੋਂ ਪਰਤ ਆ ਪਹਿਲੀ ਹੀ ਮੁਲਾਕਾਤ ਤੇ ਹੀ ਡੁੱਲ੍ਹ ਪਏ। ਕਈ ਸਾਲਾਂ ਦੇ ਪਰਵਾਰਿਕ ਸਬੰਧਾਂ ਕਾਰਣ ਸਾਡੇ ਪਿਛੋਕੜ ਬਾਰੇ ਬਹੁਤ ਜਾਣਕਾਰੀ ਰੱਖਦੇ ਹਨ। ਸੁਪਤਨੀ ਦੇ ਭਰਾ ਬਣੇ ਹੋਣ ਕਰਕੇ ਗੱਲ ਵੀ ਬਹੁਤ ਖੁੱਲ੍ਹ ਕੇ ਕਰਦੇ ਹਨ। ਸਾਡਾ ਸਾਰਾ ਪਰਿਵਾਰ ਪੂਰਨ ਸ਼ਾਕਾਹਾਰੀ ਹੈ ਵੱਡੀਆਂ-ਵੱਡੀਆਂ, ਪਾਰਟੀਆਂ ਤੇ ਮੁਲਾਕਾਤ ਹੋਣ ਤੇ ਕਈ ਵਾਰੀ ਮਿਹਣਾ ਵੀ ਮਾਰ ਦੇਂਦੇ ਕਿ ਬੜਾ ਬਣਿਆ ਫਿਰਦਾ ਹੈ "ਸੂਫੀ"। ਖਾਣ ਪੀਣ ਦਾ ਵੱਖਰਾ ਹੀ ਆਨੰਦ ਹੁੰਦਾ ਹੈ, ਇਤਨਾ ਕੁਝ ਹੋਣ ਦੇ ਬਾਵਜੂਦ ਮੇਰੇ ਨਾਲ ਖਾਣ ਦਾ ਸਲੂਕ ਸ਼ਾਕਾਹਾਰੀ ਹੀ ਰੱਖਿਆ ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਉਹਨਾਂ ਦੀ ਭੈਣ ਦਾ ਪਿਛੋਕੜ ਨਾਮਧਾਰੀਆਂ ਨਾਲ ਜੁੜਿਆ ਹੋਇਆ ਹੈ ਇਸ ਕਾਰਣ ਸਾਰਿਆਂ ਵਿਚ ਇਕ ਵੱਖਰਾ ਪਰਵਾਰਿਕ ਮਾਨ-ਸਨਮਾਨ ਹੈ।

ਸਾਡੀ ਸੁਪਤਨੀ ਦੇ ਪਿਤਾ ਜੀ ਦੇ ਨਾਨਕੇ ਨਾਮਧਾਰੀਆਂ ਦੇ ਪਿੰਡ ਵਿਚ ਹਨ ਜਿਸਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ ਵਸਣ ਦਾ ਵਰਦਾਨ ਮਿਲਿਆ ਹੋਇਆ ਹੈ ਅਤੇ ਸਾਡੇ ਆਪਣੇ ਜੱਦੀ ਪਿੰਡ ਤੋਂ ਕੁਝ ਕੁ ਦੂਰੀ ਤੇ ਸਤਲੁਜ ਦਰਿਆ ਦੇ ਕੰਢੇ ਵਸਿਆ ਹੋਇਆ ਹੈ। ਸਾਡੇ ਪਰਿਵਾਰ ਦਾ ਲਗਾਉ ਵੀ ਨਾਮਧਾਰੀਆਂ ਨਾਲ ਜੁੜਿਆ ਹੋਇਆ ਹੈ। ਬਚਪਨ ਦੀਆਂ ਬਹੁਤ ਸੁਨਿਹਰੀਆਂ ਯਾਦਾਂ ਅਜੇ ਵੀ ਆਤਮਿਕ ਸੁੱਖ ਪ੍ਰਦਾਨ ਕਰਦੀਆਂ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਹਿਲੀ ਵਾਰੀ ਬੰਬਈ ਵਿਚ ਪ੍ਰਤੱਖ ਦਰਸ਼ਨ ਉਹਨਾਂ ਦਾ ਆਸ਼ੀਰਵਾਦ ਭਰਿਆ ਹੱਥ ਸਿਰ ਤੇ ਰੱਖਣਾ ਬਾਲ ਅਵਸਥਾ ਦਾ ਇਕ ਬੜਾ ਮਹਾਨ ਯੁੱਗ ਜਾਪਦਾ ਹੈ। ਦੂਸਰੀ ਵਾਰੀ ਇਸੇ ਸਤਲੁਜ ਕਿਨਾਰੇ ਵਸੇ ਪਿੰਡ ਨਗਰ ਵਿਚ ਬਹੁਤ ਖੁੱਲੇ ਵਾਤਾਵਰਨ ਅਤੇ ਪੜੌਲੇ ਦੇ ਦੀਵਾਨ ਦਾ ਇਕ ਸੁਨਿਹਰਾ ਅਨੁਭਵ। ਇਸੇ ਪਿੰਡ ਦੇ, ਮੇਰੇ ਨਾਮ ਦੇ ਗੁਰੂ, ਸੂਬਾ ਦਸੌਂਧਾ ਸਿੰਘ ਜੀ ਨੇ ਬੰਬਈ ਵਿਚ ਮੇਰਾ ਸਿਰ ਆਪਣੇ ਹੱਥਾਂ ਵਿਚ ਫੜਾ ਨਾਮ ਦੀ ਫੂਕ ਮਾਰੀ ਸੀ ਜੋ ਅੱਜ ਵੀ ਕੰਨਾਂ ਵਿਚ ਗੂੰਜਦੀ ਹੈ ਗੁਪਤ ਰੂਪ ਵਿਚ। ਪਿਛਲੀ ਸਦੀ ਦੇ ਪੰਜਾਹ ਜਾਂ ਸੱਠ ਦੇ ਦਸ਼ਕ ਦਾ ਸਮਾਂ ਸੀ।

"ਓਏ" ਮਠਾਰੂ ਤੁਹਾਡੇ ਬੰਦੇ ਸਤਿਗੁਰਾਂ ਨਾਲ ਸਿੱਧਾ ਸੰਬੰਧ ਰੱਖਦੇ ਹਨ "ਅਰੇ ਬਈ" ਸਾਡਾ ਵੀ ਇਕ ਰਿਸ਼ਤੇਦਾਰ ਜੋ ਇੰਗਲੈਂਡ ਰਹਿੰਦਾ ਹੈ ਅਤੇ ਅੱਜ ਵੀ ਲਾਲ ਪੱਗ ਬੰਨਦਾ ਹੈ ਮੈਂ ਉਸ ਨੂੰ ਮਿਲ ਕੇ ਆਇਆ ਹਾਂ ਉਹ ਵੀ ਸਤਿਗੁਰਾਂ ਨਾਲ ਸਿੱਧੀ ਗੱਲ-ਬਾਤ ਕਰਦਾ ਹੈ। ਬਿਰਾਦਰੀ ਦੇ ਇਕੱਠ ਵਿਚ ਇਹ ਸੱਜਣ ਬੜੇ ਮਾਣ ਅਤੇ ਹੱਕ ਨਾਲ ਦੱਸ ਰਹੇ ਸਨ ਕਿਉਂਕਿ ਇਹਨਾਂ ਦਾਂ ਰੁਤਬਾ ਪੂਨੇ ਵਿਚ ਇਕ ਖਾਸ ਮਹੱਤਵ ਰੱਖਦਾ ਹੈ। ਇੰਟਰਨੈਸ਼ਨਲ ਸਮਾਜਿਕ ਸੰਸਥਾਵਾਂ ਨਾਲ ਜੁੜੇ ਇਹ ਸਫਲ ਉਦਯੋਗਪਤੀ ਸਿੱਖਾਂ ਵਿਚ ਵੀ ਬੜੇ ਸਤਕਾਰੇ ਜਾਂਦੇ ਹਨ। ਸਿੱਖ ਬਿਰਾਦਰੀ ਦੀ ਸੇਵਾ ਮਨਾ ਅਤੇ ਧਨ ਨਾਲ ਬੜੀ ਹੀ ਦਿਆਨਤਦਾਰੀ ਨਾਲ ਕਰਦੇ ਹਨ। ਉੱਚਾ ਲੰਮਾ ਕੱਦ, ਆਪ ਵੀ ਲਾਲ ਰੰਗ ਦੀ ਪੱਗ ਬੰਨ੍ਹਦੇ ਹਨ। ਛੇ ਦਸ਼ਕਾਂ ਦੀ ਉਮਰ ਵਿਚ ਕੱਸਿਆ ਦਾਹੜਾ ਇਕ ਵੱਖਰੀ ਸ਼ਾਨ ਰੱਖਦਾ ਹੈ। ਸਮਾਜਿਕ ਤੌਰ ਤੇ ਸੇਵਾ ਲਈ ਤੱਤਪਰ ਰਹਿਣ ਦੀ ਇਹਨਾਂ ਦੀ ਫਿਤਰਤ, ਪੂਨੇ ਦੇ ਪੂਰੇ ਸਿੱਖ ਸਮਾਜ ਵਿਚ ਇਕ ਸਾਧਾਰਨ ਸੱਜਣ ਲਈ ਦਰਿਆ ਦਿਲੀ ਜੀਂਦੀ ਜਾਗਦੀ ਹਸਤੀ ਹਨ। ਸਮਾਜ ਦੇ ਇਕੱਠ ਜਾਂ ਮੇਲ ਮਿਲਾਪ ਦੇ ਕਈ ਸਫਲ ਸਮਾਗਮ ਵੀ ਕਰ ਚੁੱਕੇ ਹਨ। ਹਰ ਸਮੇਂ ਇਹਨਾਂ ਦੀ ਅੰਦਰੂਨੀ ਭਾਵਨਾ ਇਹਨਾਂ ਨੂੰ ਸਮਾਜ ਦੀ ਭਲਾਈ ਲਈ ਉਕਸਾਂਦੀ ਰਹਿੰਦੀ ਹੈ। ਮੇਰੀ ਆਪਣੀ ਮਿਤ੍ਰਤਾ ਭਾਵੇਂ ਪਿਛਲੇਂ ਪੰਝੀ ਸਾਲਾਂ ਦੀ ਹੈ ਪਰ ਅੱਜ ਵੀ ਜਦੋਂ ਇੱਕਠ ਕਰਦੇ ਹਨ ਮੈਨੂੰ ਸਮਾਜ ਦੀ ਸੇਵਾ ਕਰਨ ਦੇ ਨਵੇਂ-ਨਵੇਂ ਸੁਝਾਉ ਤੇ ਉਹਨਾਂ ਨੂੰ ਲਾਗੂ ਕਰਨ ਦੇ ਤਰੀਕਿਆਂ ਦੀ ਪੁੱਛ-ਗਿੱਛ ਵੀ ਕਰਦੇ ਰਹਿੰਦੇ ਹਨ ਕਿਉਂਕਿ ਮੈਂ ਵੀ ਕਈ ਸਮਾਜਿਕ ਸੰਸਥਾਵਾਂ ਨਾਲ ਕਈ ਸਾਲਾਂ ਤੋਂ


Namdhari Elibrary NamdhariElibrary@gmail.com

ਜੁੜਿਆ ਹੋਇਆ ਹਾਂ। ਮੇਰੇ ਆਪਣੇ ਸ਼ੌਕ ਦੇ ਕਾਰਣ ਹਰ ਵੇਲੇ ਸਮਾਜ ਦੀ ਸੇਵਾ ਦੇ ਪ੍ਰੋਜੈਕਟ ਰਿਪੋਰਟ ਬਣਾ ਤਿਆਰ ਰੱਖਦਾ ਹਾਂ। ਹੁਣ ਤਾਂ ਇਸ ਤਰ੍ਹਾਂ ਹੋ ਗਿਆ ਹੈ ਕਿ ਇਕੱਠ ਵਿਚ ਉਤਸਾਹਿਤ ਸੱਜਣਾ ਨੂੰ ਦੱਸਣ ਲਈ ਸਮਾਂ ਅਤੇ ਨਿਧੀ ਦਾ ਹਿਸਾਬ ਲਗਾਉਣ ਲਈ ਸੋਚਣਾ ਵੀ ਨਹੀਂ ਪੈਂਦਾ, ਉੱਤਰ ਉਸੇ ਵੇਲੇ ਹੀ ਹਾਜ਼ਰ ਕੀਤਾ ਜਾਂਦਾ ਹੈ। ਕਈ ਵਾਰੀ ਇਵੇਂ ਜਾਪਦਾ ਹੈ ਕਿ ਉਤਸਾਹ ਦਿਖਾਣ ਵਾਲੇ ਸੱਜਣੰ ਸਿਰਫ ਸ਼ੇਖੀਆਂ ਹੀ ਮਾਰਦੇ ਰਹਿ ਜਾਂਦੇ ਹਨ ਉਹਨਾਂ ਦਾ ਸਮਾਂ ਗੁਜ਼ਾਰਨ. ਜਾਂ ਅਸੀਂ ਵੀ ਕੁਝ ਕਰਨਾ ਹੈ ਦਿਖਾਵੇ ਦਾ ਭਾਸ ਕਰਾਉਂਦਾ ਹੈ। ਕਰਨਾ ਕੁਝ ਨਹੀਂ ਹੁੰਦਾ ਜਾਂ ਪਤਾ ਹੀ ਨਹੀਂ ਹੁੰਦਾ ਕਿ ਕਰਨਾ ਕੀ ਹੈ। ਖਾਣ-ਪੀਣ ਅਤੇ ਪਿਲਾਉਣ ਦੀ ਫਿਤਰਤ ਕਰਕੇ ਵੀ ਸਮਾਜ ਵਿਚ ਇਹਨਾਂ ਦੀ ਆਪਣੀ ਇਕ ਆਦਰਣੀਯ ਮਾਨਤਾ ਵੀ ਤਾਂ ਹੈ।

ਇਕਦਮ ਸੰਜਦਗੀ ਨਾਲ ਕਹਿਣ ਲੱਗੇ ਕਿ ਇਹ ਰਿਸ਼ਤੇਦਾਰ ਇਕ ਵੇਰਾਂ ਅੰਮ੍ਰਿਤਸਰ ਹਰਿਮੰਦਰ ਸਾਹਿਬ ਦਰਸ਼ਨ ਕਰਨ ਗਏ! ਅਜੇ ਅੰਦਰ ਵੜਨ ਹੀ ਲੱਗੇ ਸਨ ਕਿ ਕਿਸੇ ਕਾਰਣ ਇਹਨਾਂ ਦਾ ਮਨ ਵਿਚਲਿਤ ਹੋ ਗਿਆ, ਸਰੋਵਰ ਦੀ ਪਰਿਕਰਮਾਂ ਕਰ ਮਨ ਵਿਚ ਧਾਰ ਬਿਨਾ ਹਰਿਮੰਦਰ ਸਾਹਿਬ ਜੀ ਦੇ ਅੰਦਰੋਂ ਦਰਸ਼ਨ ਕੀਤੇ ਵਾਪਸ ਆ ਗਏ ਇਹ ਧਾਰ ਕੇ ਸੱਹਾ ਸਤਿਗੁਰ ਆਪ ਦਰਸ਼ਨ ਦੇਵੇਗਾ। ਇਹਨਾਂ ਸੱਜਣਾ ਸ਼ਾਇਦ ਸੋਚਿਆ ਵੀ ਨਹੀਂ ਹੋਵੇਗਾ ਕਿ ਅਣਜਾਣੇ ਵਿਚ ਦਿਲੋਂ ਨਿਕਲੀ ਅਰਦਾਸ ਅੱਜ ਵੀ ਪੂਰੀ ਹੁੰਦੀ ਹੈ। ਨਾਮਧਾਰੀਆਂ ਦੇ ਸਮਾਗਮ ਵਿਚ ਬੜੀ ਸ਼ਰਧਾ ਨਾਲ ਗਏ, ਉਸੇ ਤਰ੍ਹਾਂ ਦੀ ਲਾਲ ਪੱਗ ਬੰਨ ਕੇ, ਸਟੇਜ ਤੋਂ ਦੂਰ ਸੰਗਤ ਵਿਚ ਬੈਠੇ ਸੰਨ। ਅਚਾਨਕ ਇਹਨਾਂ ਨੂੰ ਭਾਸ ਹੋਇਆ ਕਿ ਸਟੇਜ ਤੇ ਬੈਠੇ ਸਤਿਗੁਰ ਇਹਨਾਂ ਨੂੰ ਸੇਵਾਦਾਰ ਰਾਹੀਂ ਬੁਲਾ ਰਹੇ ਹਨ। ਬਸ ਫੇਰ ਕੀ ਜਾ ਮੱਥਾ ਟੇਕਿਆ। ਇਵੇਂ ਭਾਸ ਹੋਇਆ ਕਿ ਸਤਿਗੁਰ ਆਪ ਬੁਲਾ ਦਰਸ਼ਨ ਦਿੱਤੇ ਹਨ ਬਸ ਹੁਣ ਤਾਂ ਮੈਂ ਆਪ ਦਰਸ਼ਨਾਂ ਲਈ ਭੈਣੀ ਸਾਹਿਬ ਦਾ ਚੱਕਰ ਲਾ ਹੀ ਆਉਂਦਾ ਹਾਂ ਹੁਣ ਤਾਂ ਮੇਰੀ ਸਤਿਗੁਰਾਂ ਨਾਲ ਸਿੱਧੀ ਗੱਲਬਾਤ ਹੁੰਦੀ ਹੈ। ਇਹ ਕਹਿ ਹੁਣੇ-ਹੁਣੇ ਵਿਦੇਸ਼ਾਂ ਤੋਂ ਪਰਤੇ ਸੱਜਣ ਮੇਰੇ ਮੂੰਹ ਵੱਲ ਤੱਕਦੇ ਰਹੇ। ਮੈਂ ਕੀ ਬੋਲਦਾ ਮੇਰੇ ਅੰਦਰ ਭੂਚਾਲ ਆਇਆ ਹੋਇਆ ਸੀ, ਮੈਂ ਵੀ ਸੁਅਰਗ ਵਾਸੀ ਸੂਬਾ ਅਵਤਾਰ ਸਿੰਘ ਚਾਨਾ ਬੀਰ ਪਿੰਡ ਵਾਲਿਆਂ ਦੇ ਪਰਿਵਾਰ ਨਾਲ ਪਹਿਲੀ ਅਤੇ ਆਖਰੀ ਵਾਰ ਭੈਣੀ ਸਾਹਿਬ ਚੋਦਾਂ ਸਾਲ ਪਹਿਲਾਂ ਗਿਆ ਸਾਂ। ਉਸ ਸਾਲ ਦੇ ਹੋਲੇ-ਮੁਹੱਲੇ ਦਾ ਪ੍ਰੋਗਰਾਮ ਇਹਨਾਂ ਦੇ ਪਰਿਵਾਰ ਵਲੋਂ ਸੀ ਜੋ ਮੇਰੀ ਸੁਪਤਨੀ ਦੇ ਸੱਕੇ ਫੁੱਫੜ ਜੀ ਸਨ। ਮੈਂ ਵੀ ਦੂਰੋਂ ਅਨਾਬੀ ਰੰਗ ਦੀ ਬੰਨ੍ਹੀ ਪੱਗ ਚਿੱਟੇ ਦੁੱਧ ਵਰਗੀਆਂ ਦਸਤਾਰਾਂ ਦੇ ਸਮੁੰਦਰ ਵਿਚ ਸਤਿਗੁਰਾਂ ਦੇ ਦਰਸ਼ਨ ਇਤਨੇ ਦਿਨਾਂ ਦੇ ਨਿਵਾਸ ਸਮੇਂ ਬਹੁਤ ਵਾਰ ਕੀਤੇ। ਅੱਜ ਵੀ ਯਾਦ ਹੈ ਜਦੋਂ ਸੰਗੀਤ ਦੀ ਆਵਾਜ਼ ਮੇਰੇ ਕੰਨਾਂ ਵਿਚ ਆਈ ਤਾਂ ਮੈਂ ਪਰਿਵਾਰ ਨਾਲ ਬੈਠਾ ਝੱਟ-ਪੱਟ ਉਠ ਸਿਰ ਤੇ ਕ੍ਰੀਮ ਕਲਰ ਦੀ ਛੋਟੀ ਦਸਤਾਰ ਦਾ ਸਾਫਾ ਬੰਨ ਇਹ ਆਖ ਮੈਂ ਆਉਂਦਾ ਹਾਂ, ਕਿਉਂਕਿ ਬਚਪਨ ਤੋਂ ਸ਼ਾਸਤਰੀ ਸੰਗੀਤ ਦੇ ਪ੍ਰੇਮ ਕਾਰਣ ਉਸ ਛੋਟੇ ਜਿਹੇ ਸੰਗੀਤਮਈ ਵਾਤਾਰਵਰਨ ਵਾਲੇ ਕਮਰੇ ਵਿਚ ਜੋ ਨਿਵਾਸ ਅਸਥਾਨ ਨਾਲ ਜੁੜਿਆ ਹੋਇਆ ਸੀ ਕਮਰੇ ਦੇ ਦਰਵਾਜ਼ੇ ਤੇ ਸਤਿਗੁਰਾਂ ਕੋਲੋਂ ਡੇਢ ਫੁੱਟ ਦੀ ਦੂਰੀ ਤੇ ਬੈਠ ਗਿਆ ਸਾਂ ਵਿਚਕਾਰ ਇਕ ਜਣੇ ਦੇ ਬੈਠਣ ਦੀ ਜਗ੍ਹਾ ਛੱਡ ਕੇ। ਜਦੋਂ ਸੰਗੀਤ ਦੇ ਰਸ ਵਿਚ ਭਰਿਆ ਕਮਰਾ ਆਪਣੇ ਚਰਮ ਸੀਮਾਂ ਤੇ ਸੀ ਤਾਂ ਸਤਿਗੁਰਾਂ ਆਪ ਬੀਤੀ ਸੁਣਾ ਜਿਸ ਮੱਛਰਦਾਨੀ ਵਿਚ ਉਹ ਆਪ ਬੈਠੇ ਸਨ ਇਕ ਮੱਛਰ ਅੰਦਰ ਭਿੰਨ-ਭਿੰਨਾ ਰਿਹਾ ਸੀ ਉਸਨੂੰ ਮਾਰਨਾ ਠੀਕ ਨਹੀਂ ਸੀ ਸਮਝਿਆ ਜੇ ਨਾ ਮਾਰਾਂ ਤਾਂ ਇਸ ਸੌਣ ਨਹੀਂ ਦੇਣਾ। ਇਥੋਂ ਤੱਕ ਹੀ ਸੁਣਿਆ ਗਿਆ ਬਸ ਇਹ ਹੀ ਸੁਣਿਆਂ ਕਿ ਕਮਰੇ ਵਿਚ ਬਹੁਤ ਭੀੜ ਹੈ ਸੱਜਣ ਅਤੇ ਬੀਬੀਆਂ ਇਸ ਭੀੜ ਨੂੰ ਘੱਟ ਕਰਨ ਲਈ ਇਥੋਂ ਚਲੇ ਜਾਣ। ਇਹ ਸੁਣ ਸ਼ਾਇਦ ਮੈਂ ਇੱਕਲਾ ਹੀ ਬਾਹਰ ਆ ਗਿਆ ਆਪਣੇ ਆਪ ਨੂੰ ਭੀੜ ਮੰਨ ਕੇ।

ਅਸਲ ਪਤਾ ਉਦੋਂ ਲੱਗਿਆ ਜਦੋਂ ਸੰਤ ਪ੍ਰੀਤਮ ਸਿੰਘ ਕਵੀ ਜੀ ਨੇ ਸੰਤ ਹਰਵਿੰਦਰ ਸਿੰਘ ਹੰਸਪਾਲ ਜੀ ਦੇ ਦਿੱਲੀ ਦੇ ਕੋਠੀਨੁਮਾ ਨਿਵਾਸ ਅਸਥਾਨ ਤੇ ਨਾਮਧਾਰੀਆਂ ਦੇ ਇਤਿਹਾਸ ਦੀ ਪੂਰੀ ਜਾਣਕਾਰੀ ਲੈਣ ਤੇ ਮੇਰੇ ਵਲੋਂ "ਮੇਰੇ" ਹੀ ਬਾਰੇ ਕੋਈ ਖੁਲਾਸਾ ਨਾ ਮਿਲਣ ਕਰਕੇ ਸਿੱਧਾ ਪੁੱਛ ਹੀ ਲਿਆ ਕਿ ਤੁਸੀਂ ਨਾਮਧਾਰੀਆਂ ਬਾਰੇ ਇਤਨਾ ਕੁਝ ਜਾਣਦੇ ਹੋ ਪਰ ਤੁਸੀਂ ਕੌਣ ਹੋ ਕਿੱਥੋਂ ਹੋ? ਮੇਰੀ ਆਪਣੀ ਤਾਂ ਕੋਈ ਹਸਤੀ ਨਹੀਂ ਸੀ ਨਾਮਧਾਰੀਆਂ ਵਿਚ, ਇਸ ਲਈ ਸਿੱਧੀ ਜਾਣਕਾਰੀ ਦੇਣੀ ਠੀਕ ਸਮਝੀ—ਜੀ ਮੈਂ ਪੂਨੇ ਰਹਿੰਦਾ ਹਾਂ ਅਤੇ ਸੁਪਤਨੀ ਦੇ ਪਿਤਾ ਜੀ ਦਾ ਨਾਂ ਲੈ ਰਿਸ਼ਤਾ ਦੱਸਿਆ ਤਾਂ ਸੰਤ ਜੀ ਦੀ ਮੁਸਕਰਾਹਟ ਨੇ ਇਤਨਾ ਮੋਹ ਲਿਆ ਕਿ ਪਤਾ ਨਹੀਂ ਲੱਗਾ ਕਦੋਂ ਉੱਠ ਕੇ ਚਲੇ ਗਏ। ਮੈਂ ਵੀ ਤਾਂ ਉਹਨਾਂ ਦੀ ਲੇਖਨੀ ਦਾ ਕਾਇਲ ਹਾਂ।

—ਦਾਪੋੜੀ, ਪੂਨਾ (ਮਹਾਂਰਾਸ਼ਟਰ)


Namdhari Elibrary NamdhariElibrary@gmail.com

# ਸਾਡੇ ਮਾਤਾ ਜੀ

—*ਸੀ. ਐਲ. ਲੱਕੀ*

"ਕਾਕਾ ਤੂੰ ਮੈਨੂੰ ਇਹ ਦੱਸ ਕਿ ਤੁਸੀਂ ਜ਼ਿਮੀਂਦਾਰਾਂ (ਲੁਬਾਣਿਆਂ) ਦੇ ਮੁਹੱਲੇ ਵਿਚ ਰਹਿੰਦੇ ਹੋ ਤੇ ਫਿਰ ਪੜ੍ਹਾਈ ਕਿਵੇਂ ਕਰ ਗਏ ?" ਇਹ ਸਵਾਲ ਮੈਨੂੰ ਸੰਨ ੧੯੫੭ ਵਿਚ ਮੇਰੇ ਪਿੰਡ ਦੇ ਇਕ ਖਤਰੀ ਦੁਕਾਨਦਾਰ ਨੇ ਕੀਤਾ, ਜਿਸ ਦਾ ਮੈਂ ਉੱਤਰ ਨਾ ਦੇ ਸਕਿਆ। ਫਿਰ ਉਹ ਆਪ ਹੀ ਕਹਿਣ ਲੱਗਾ ਕਿ ਮੈਂ ਦੱਸਾਂ ? ਤਾਂ ਮੈਂ ਹੈਰਾਨ ਜਿਹਾ ਹੋ ਕੇ ਕਿਹਾ, "ਦੱਸੋ"। ਤਾਂ ਉਹ ਕਹਿਣ ਲੱਗਾ ਕਿ ਤੁਹਾਡੀ ਮਾਤਾ ਜੀ ਦਾ ਦੁੱਧ ਬੜਾ ਚੰਗਾ ਸੀ ਤੇ ਤੁਸੀਂ ਆਪਣੀ ਮਾਤਾ ਦੇ ਚੰਗੇ ਦੁੱਧ ਕਰਕੇ ਹੀ ਪੜ੍ਹਾਈ ਅਤੇ ਲਿਆਕਤ ਪ੍ਰਾਪਤ ਕੀਤੀ ਹੈ ਜੋ ਤੁਹਾਡੀ ਤਰੱਕੀ ਦਾ ਕਾਰਨ ਬਣਿਆ।

ਸਾਡੇ ਭੂਆ ਜੀ ਜਦੋਂ ਬਜ਼ੁਰਗ ਹੋ ਗਏ ਤਾਂ ਕਈ ਵਾਰੀ ਸਾਡੇ ਕੋਲ ਜਲੰਧਰ ਆ ਕੇ ਰਹਿੰਦੇ ਸਨ। ਉਹਨਾ ਮੈਨੂੰ ਦੱਸਿਆ ਕਿ ਚਮਨ ਕਾਕਾ ਜਦੋਂ ਮੈਂ ਪਿੰਡ ਆਪਣੇ ਪੇਕਿਆਂ ਦੇ ਘਰ ਜਾਂਦੀ ਸੀ ਤਾਂ ਤੁਹਾਡੇ ਮਾਤਾ ਜੀ ਕਹਿੰਦੇ ਹੁੰਦੇ ਸਨ, ਕਿ ਨਨਾਣੇ ਮੈਂ ਨਹੀਂ ਰਹਿਣਾ (ਕਿਉਂਕਿ ਸਾਡੇ ਮਾਤਾ ਜੀ ਬਿਮਾਰ ਰਹਿੰਦੇ ਸਨ) ਪਰ ਮੈਂ ਤੈਨੂੰ ਇਹ ਦੱਸਦੀ ਹਾਂ ਕਿ ਮੇਰੇ ਮੁੰਡਿਆਂ ਕੋਲ ਕਾਰਾਂ ਹੋਣ ਗੀਆਂ ਪਰ ਮੈਂ ਉਹ ਸਮਾਂ ਨਹੀਂ ਵੇਖਣਾ। ਉਹਨਾਂ ਦੀ ਭਵਿਖ ਬਾਣੀ ਬਿਲਕੁਲ ਸੱਚ ਹੋਈ ਕਿਉਂਕਿ ਅੱਜ ਉਹਨਾਂ ਦੇ ਮੁੰਡਿਆਂ ਕੋਲ ਕਾਰਾਂ ਹੀ ਨਹੀਂ ਕੋਠੀਆਂ ਵੀ ਹਨ।

ਮਾਤਾ ਜੀ ਮੇਰੇ ਕੋਲ ਆਦਰਸ਼ ਨਗਰ ਜਲੰਧਰ ਰਹਿੰਦੇ ਸਨ। ਅਸੀਂ ਹਰ ਐਤ੍ਵਾਰ ਨੂੰ ਰਾਧਾ ਸਵਾਮੀ ਸੰਤਸੰਗ ਘਰ ਸਤ ਸੰਗ ਸੁਨਣ ਜਾਂਦੇ ਸੀ। ਸਤਸੰਗ ਵਿਚ ਇਹ ਦੱਸਿਆ ਜਾਂਦਾ ਕਿ ਕਈ ਜੂਨੀਆਂ ਦੇ ਜਨਮ ਤੋਂ ਬਾਅਦ ਇਹ ਮਨੁੱਖ ਜਨਮ ਮਿਲਦਾ ਹੈ ਤੇ ਚੰਗੇ ਕਰਮ ਕਰਨੇ ਚਾਹੀਦੇ ਹਨ, ਭਗਤੀ ਕਰਨੀ ਚਾਹੀਦੀ ਹੈ। ਮੇਰੀ ਮਾਂ ਸਵਾਲ ਕਰਦੀ ਕਿ ਦੁਨੀਆ ਜਿਸ ਵਿਚ ਅਸੀਂ ਰਹਿ ਰਹੇ ਹਾਂ, ਲੋਕ ਤਾਂ ਚੰਗੇ ਕਰਮ ਨਹੀਂ ਕਰ ਰਹੇ ਤੇ ਮਰ ਕੇ ਉਹਨਾਂ ਨੂੰ ਕਈ ਜੂਨੀਆਂ 'ਚੋਂ ਲੰਘ ਕੇ ਹਜ਼ਾਰਾਂ ਸਾਲ ਮੁੜ ਮਨੁੱਖਾ ਜਨਮ ਲੈਣ ਲਈ ਲੱਗ ਜਾਂਦੇ ਹਨ। ਤਾਂ ਫਿਰ ਦੁਨੀਆ ਦੀ ਆਬਾਦੀ ਘਟਣੀ ਚਾਹੀਦੀ ਹੈ ਪਰ ਆਬਾਦੀ ਤਾਂ ਬਹੁਤ ਵੱਧ ਰਹੀ ਹੈ ਜਿਸ ਦਾ ਮੇਰੇ ਕੋਲ ਕੋਈ ਉੱਤਰ ਨਹੀਂ ਸੀ।

ਉਹਨਾਂ ਦੀ ਬੱਚਿਆਂ ਨੂੰ ਪੜ੍ਹਾਉਣ ਲਈ ਬੜੀ ਕੁਰਬਾਨੀ ਹੈ। ਵਡੇ ਭਾਈ ਸਾਹਿਬ ਸੋਹਨ ਲਾਲ ਤੇ ਹਰੀ ਰਾਮ ਜੀ ਨੂੰ ਕਪੂਰਥਲਾ ਹਾਈ ਸਕੂਲ ਵਿਚ ਹੋਸਟਲ ਵਿਚ ਰੱਖ ਕੇ ਨੌਵੀਂ ਤੇ ਦੱਸਵੀਂ ਜਮਾਤ ਕਰਵਾਈ। ਉਹਨਾਂ ਕੋਲ ੧੦੦ ਤੋਲੇ ਸੋਨੇ ਦੇ ਗਹਿਣੇ ਸਨ, ਜਿਹੜੇ ਉਹਨਾਂ ਨੇ ਬੱਚਿਆਂ ਦੀ ਪੜ੍ਹਾਈ ਤੇ ਲਾ ਦਿੱਤੇ ਕਿਉਂਕਿ ਘਰ ਦੀ ਮਾਲੀ ਹਾਲਤ ਬਹੁਤ ਚੰਗੀ ਨਹੀਂ ਸੀ।

ਉਹ ਬਹੁਤ ਹੀ ਅਣਖ ਵਾਲੀ ਔਰਤ ਸੀ। ਕਿਸੇ ਕੋਲੋਂ ਮੰਗਣਾ ਉਹਨਾਂ ਦੇ ਸੁਭਾਅ ਵਿਚ ਨਹੀਂ ਸੀ। ਘਰ ਵਿਚ ਜੋ ਕੁਝ ਹੈ, ਉਸ ਵਿਚ ਗੁਜ਼ਾਰਾ ਕਰਨਾ ਉਹਨਾਂ ਦਾ ਅਕੀਦਾ ਸੀ। ਉਹ ਬਹੁਤ ਹੀ ਮਿਹਨਤੀ ਸਨ। ਸਵੇਰ ਉੱਠ ਕੇ ਚੱਕੀ ਝੋਣੀ, ਆਟਾ ਪੀਹਣਾ, ਦੁੱਧ ਰਿੜਕਣਾ ਸਾਰੇ ਪਰਵਾਰ ਦੇ ਖਾਣ ਪੀਣ ਦਾ ਪ੍ਰਬੰਧ ਕਰਨਾ, ਕਪੜੇ ਧੋਣੇ ਇਤਆਦਿ। ਉਹ ਵੱਡ-ਪਰਵਾਰੀ ਸਨ-੭ ਪੁੱਤ ਤੇ ਦੋ ਧੀਆਂ। ਉਹਨਾਂ ਦਾ ਪੇਕਾ ਘਰ ਬਹੁਤ ਹੀ ਅਮੀਰ ਸੀ। ਸਾਡੇ ਨਾਨਾ ਜੀ ਆਪਣੇ ਇਲਾਕੇ ਦੇ ਬਹੁਤ ਵੱਡੇ ਸ਼ਾਹੂਕਾਰ ਸਨ ਤੇ ੧੦੦ ਘੁਮਾਂ ਜ਼ਮੀਨ ਦੇ ਮਾਲਕ ਸਨ। ਸਾਡੇ ਪਿਤਾ ਜੀ ਦੀ ਵਿਆਹ ਦੀ ਬਰਾਤ ਸਤ ਦਿਨ ਰਹੀ ਸੀ। ਸਾਡੇ ਮਾਤਾ ਜੀ ਨੂੰ ਦਾਜ ਵਿਚ ਇਕ ਵਧੀਆ ਡੋਲਾ, ਇਕ ਮੱਝ, ਇਕ ਗਾਂ, ਇਕ ਘੋੜੀ ਤੇ ਕੰਮ ਕਰਨ ਲਈ ਨੌਕਰ ਉਹਨਾਂ ਦੇ ਪਿਤਾ ਜੀ ਨੇ ਦਿੱਤਾ ਸੀ। ਪਰ ਸਹੁਰੇ ਘਰ ਆ ਕੇ ਕੁਝ ਸਾਲਾਂ ਬਾਅਦ ਉਹਨਾਂ ਨੂੰ ਤੰਗੀ ਦੇ ਦਿਨ ਵੇਖਣੇ ਪਏ, ਪਰ ਉਹ ਘਬਰਾਏ ਨਹੀਂ, ਹੌਸਲਾ ਨਹੀਂ ਛੱਡਿਆ, ਬੜੀ ਦਲੇਰੀ ਤੇ ਹਿੰਮਤ ਨਾਲ, ਉਹਨਾਂ ਨੇ ਤੰਗੀ ਦੇ ਦਿਨ ਕੱਟੇ, ਪਰ ਕਿਸੇ ਅੱਗੇ ਹੱਥ ਨਹੀਂ ਅੱਡਿਆ।

ਮਾਤਾ ਜੀ ਮੇਰੇ ਕੋਲ ਜਲੰਧਰ ਰਹਿੰਦੇ ਸਨ ਤੇ ਬੜੇ ਬਿਮਾਰ ਹੀ ਰਹਿੰਦੇ ਸਨ। ਉਹ ਆਮ ਤੌਰ ਤੇ ਇਹ ਸ਼ਬਦ ਗਾਇਆ ਕਰਦੇ ਸਨ "ਜਿੰਦੇ ਮੇਰੀਏ, ਮਿੱਟੀ ਦੀਏ ਢੇਰੀਏ, ਮਿਟੀ ਵਿਚ ਰੁਲ ਜਾਏਂਗੀ" ਇਕ ਦਿਨ ਮੈਨੂੰ ਕਹਿਣ ਲੱਗੇ ਕਿ ਜੇਕਰ ਮੇਰੀ ਮੌਤ ਜਲੰਧਰ ਹੋ ਗਈ ਤਾਂ ਮੇਰਾ ਸਸਕਾਰ ਜਲੰਧਰ ਨਹੀਂ ਕਰਨਾ। ਮੇਰੇ ਸਰੀਰ ਨੂੰ ਪਿੰਡ ਲਜਾਣਾ ਤੇ ਉੱਥੇ ਹੀ ਸਸਕਾਰ ਕਰਨਾ ਤਾਂ ਮੈਂ ਉਹਨਾਂ ਨੂੰ ਸਵਾਲ ਕੀਤਾ ਕਿ ਇਸ ਦਾ ਕੀ ਕਾਰਨ ਹੈ। ਤਾਂ ਉਹ ਕਹਿਣ ਲੱਗੇ ਇੱਥੇ ਮੈਨੂੰ ਲੋਕ ਕਹਿਣਗੇ ਕਿ ਕਰਾਏ ਦਾਰਨੀ ਮਰ ਗਈ ਹੈ। ਇੱਥੇ ਮੈਨੂੰ ਬਹੁਤੇ ਲੋਕ ਨਹੀਂ ਜਾਣਦੇ ਇਸ ਲਈ ਮੇਰੀ ਅਰਥੀ ਨਾਲ ਵਿਰਲੇ ਟਾਂਵੇ ਹੀ ਲੋਕ ਹੋਣਗੇ। ਪਰ ਪਿੰਡ ਮੈਨੂੰ ਸਾਰਾ ਜਾਣਦਾ ਤੇ ਸਾਰੇ ਲੋਕ ਮੇਰੀ ਅਰਥੀ ਨਾਲ ਹੋਣਗੇ। ਅਸੀਂ ਉਹਨਾਂ ਦੀ ਅੰਤਿਮ ਇੱਛਾ ਮੁਤਾਬਕ ਉਹਨਾਂ ਦੀ ਮੌਤ ਜੋ ੬ ਜਨਵਰੀ, ੧੯੬੨ ਨੂੰ ਹੋਈ ਬਾਅਦ ਉਹਨਾਂ ਦਾ ਸਰੀਰ ਪਿੰਡ ਲੈ ਗਏ ਤੇ ਉਹਨਾਂ ਦਾ ਸਸਕਾਰ ਪਿੰਡ ਹੀ ਕੀਤਾ ਤੇ ਵਾਕਿਆ ਹੀ ਉਹਨਾਂ ਦੀ ਅਰਥੀ ਨਾਲ ਸਾਰੇ ਪਿੰਡ ਦੇ ਲੋਕ ਜਾ ਰਹੇ ਸਨ।



Namdhari Elibrary NamdhariElibrary@gmail.com

## ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਵੱਲੋਂ ਇਨਾਮ ਵੰਡ ਸਮਾਰੋਹ

ਮਿਤੀ ੧੪-੧-੦੭ ਸਰਕਾਰੀ ਕਾਲਜ ਅੰਬਾਲਾ ਛਾਉਣੀ ਵਿਖੇ ਹਰਿਆਣਾ ਪੰਜਾਬੀ ਸਾਹਿੱਤ ਅਕੈਡਮੀ ਪੰਚਕੂਲਾ ਵੱਲੋਂ ਇਨਾਮ ਵੰਡ ਸਮਾਰੋਹ ਹੋ ਰਿਹਾ ਸੀ। ਮੈਂ (ਅਮਰੀਕ ਸਿੰਘ) ਤੇ ਗੁਰਦਿਆਲ ਸਿੰਘ ਪ੍ਰੀਤ ਵੀ ਗਿਆਰਾਂ ਵਜੇ ਮਸਾਂ ਕਾਲਜ ਲੱਭ ਕੇ ਪਹੁੰਚ ਹੀ ਗਏ। ਰਾਹ ਵਿਚ ਪੰਜਾਬੀ ਦੀ ਉੱਘੀ ਨਾਵਲਕਾਰਾ ਜਗੀਰ ਕੌਰ ਸੰਧੂ ਤੇ ਉਸਦਾ ਪਤੀ ਸ. ਦਰਸ਼ਨ ਸਿੰਘ ਵੀ ਮਿਲ ਪਏ।

ਗੇਟ ਦੇ ਅੰਦਰ ਹੁੰਦਿਆਂ ਹੀ ਅਕੈਡਮੀ ਦੇ ਹਰਮਨ ਪਿਆਰੇ ਡਾਇਰੈਕਟਰ ਸਾਹਿਬ ਸੀ, ਮੋਦਗਿਲ ਸਾਹਿਬ ਨੇ ਸਾਡਾ ਨਿੱਘਾ ਸੁਆਗਤ ਕੀਤਾ ਜੋ ਇਹ ਹਰ ਆਉਣ ਵਾਲੇ ਦਾ ਹੀ ਕਰ ਰਹੇ ਸਨ।

ਇਨਾਮ ਵੰਡ ਸਮਾਰੋਹ ਸ਼ੁਰੂ ਹੋਇਆ। ਮੰਚ ਸੰਚਾਲਨ ਪ੍ਰੋ. ਗੁਰਦੇਵ ਸਿੰਘ ਸਰਕਾਰੀ ਕਾਲਜ ਵਾਲੇ ਕਰ ਰਹੇ ਸਨ। ਬੜੇ ਗੁੰਦਵੇ ਸ਼ਬਦਾਂ ਨਾਲ ਉਹਨਾਂ ਆਉਣ ਵਾਲੇ ਸੱਜਣਾਂ ਦਾ ਸੁਆਗਤ ਕੀਤਾ। ਏਨੇ ਨੂੰ ਹਰਿਆਣਾ ਦੇ ਸਿਖਸ਼ਾ ਮੰਤਰੀ ਸ੍ਰੀ ਫੂਲ ਚੰਦਰ ਮੁਲਾਣਾਂ ਸਾਹਿਬ ਨੇ ਵੀ ਆ ਦਰਸ਼ਨ ਦਿੱਤੇ, ਮੋਦਗਿਲ ਸਾਹਿਬ ਨੇ ਆਏ ਮੁੱਖ ਮਹਿਮਾਨ ਨੂੰ ਬੜੇ ਭਾਵਪੂਰਨ ਸ਼ਬਦਾਂ ਵਿਚ ਜੀ ਆਇਆਂ ਕਿਹਾ।

ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁੱਖੀ ਸ. ਅਮਰਜੀਤ ਸਿੰਘ ਕਾਂਗ ਨੇ ਇਸ ਇਨਾਮ ਵੰਡ ਸਮਾਰੋਹ ਦੇ ਆਯੋਜਕਾਂ ਦੀ ਭਰਪੂਰ ਸਿਫਤ ਕਰਦਿਆਂ ਸ੍ਰੀ ਮੁਲਾਣਾ ਸਾਹਿਬ ਨੂੰ ਕੁਝ ਸੁਝਾ ਦਿੱਤੇ, ਪੰਜਾਬੀ ਭਾਸ਼ਾ ਨੂੰ ਹਰਿਆਣੇ ਵਿਚ ਹੋਰ ਹਰਮਨ ਪਿਆਰਾ ਬਨਾਉਣ ਲਈ। ਅੱਜ ਤਿੰਨ ਵੱਡੇ ਇਨਾਮ, ਐਲਾਨੇ ਗਏ ਸਹਿਤਕਾਰਾਂ ਨੂੰ ਮੰਤਰੀ ਜੀ ਦੇ ਕਰ-ਕਮਲਾਂ ਨਾਲ ਦਿਤੇ ਗਏ। ਪਹਿਲਾ "ਭਾਈ ਸੰਤੋਖ ਸਿੰਘ ਐਵਾਰਡ" ਡਾ. ਅੰਮ੍ਰਿਤ ਕੌਰ ਰੈਣਾ ਨਰਾਇਣਗੜ੍ਹ ਨੂੰ ਇਕ ਲੱਖ ਰੁਪੈ ਨਕਦ, ਸ਼ਾਲ ਅਤੇ ਮੋਮੈਂਟੋ ਦਿੱਤਾ ਗਿਆ। ਦੂਸਰਾ" ਬਾਬਾ ਫਰੀਦ ਐਵਾਰਡ" ਡਾ. ਪਾਲ ਕੌਰ ਨੂੰ ੫੧,੦੦੦ ਰੁਪੈ ਨਕਦ, ਸ਼ਾਲ ਅਤੇ ਮੋਮੈਂਟੋ ਦਿੱਤਾ ਗਿਆ। ਤੀਸਰਾ "ਸੰਤ ਤਰਨ ਸਿੰਘ ਵਹਿਮੀ ਐਵਾਰਡ" ਡਾ. ਰਜਿੰਦਰ ਝੁਮਰ ਨੂੰ ੫੧,੦੦੦ ਰੁਪੈ ਨਕਦ, ਸ਼ਾਲ ਤੇ ਮੋਮੈਂਟੋ ਦਿੱਤਾ ਗਿਆ।

ਫੇਰ ਇਲਾਕੇ ਦੇ ਵੱਖ-ਵੱਖ ਸਕੂਲਾਂ ਦੇ ਹੋਨਹਾਰ ਬੱਚਿਆਂ ਜਿੰਨ੍ਹਾਂ ਨੇ ਪੰਜਾਬੀ ਵਿਚ ੯੫% ਤੋਂ ਵੱਧ ਅੰਕ ਲਏ ਸਨ ਉਹਨਾਂ ਨੂੰ ਮੋਮੈਂਟੋ ਤੇ ਸਨਮਾਨ ਪੱਤਰਾਂ ਤੇ ਨਕ਼ਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ।

ਹਰਿਆਣਾ ਦੀ ਉੱਘੀ ਨਾਵਲਕਾਰ ਬੀਬੀ ਜਗੀਰ ਕੌਰ ਸੰਧੂ ਨੂੰ ਵੀ ੧੦,੦੦੦ ਰੁਪਏ ਨਕਦ, ਸ਼ਾਲ, ਮੋਮੈਂਟੋ ਤੇ ਸਨਮਾਨ ਪੱਤਰ ਪਰਦਾਨ ਕੀਤਾ ਗਿਆ।

ਤਿੰਨ ਕਹਾਣੀ ਲੇਖਕਾਂ ਨੂੰ ਵੀ ਸਨਮਾਨਤ ਕੀਤਾ ਗਿਆ, ਜਿਸ ਵਿੱਚ ਸਰਸੇ ਦੇ ਸੁਖਚੈਣ ਸਿੰਘ ਭੰਡਾਰੀ ਸ਼ਾਮਲ ਸਨ।

ਇਨਾਮ ਵੰਡ ਸਮਾਰੋਹ ਤੋਂ ਬਾਅਦ ਇਹਨਾਂ ਸਤਰਾਂ ਦੇ ਲੇਖਕ ਮਾ. ਅਮਰੀਕ ਸਿੰਘ ਨੇ ਨਾਮਧਾਰੀ ਪੰਥ ਦੇ ਸਿਰਤਾਜ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਉਨ ਦੀ ਮਾਲਾ ਸ੍ਰੀ ਫੂਲ ਚੰਦ ਮੁਲਾਣਾ ਸਿਖਸ਼ਾ ਮੰਤਰੀ ਜੀ ਦੇ ਗੱਲ ਵਿਚ ਪਾ ਕੇ ਸੰਤ ਤਰਨ ਸਿੰਘ ਵਹਿਮੀ ਐਵਾਰਡ' ਜਾਰੀ ਕਰਨ ਲਈ ਧੰਨਵਾਦ ਕੀਤਾ। ਮੰਤਰੀ ਜੀ ਨੇ ਮਾਲਾ ਨੂੰ ਪਹਿਲਾਂ ਨਮਸਕਾਰ ਕਰਕੇ ਫੇਰ ਸ੍ਰੀ ਸਤਿਗੁਰੂ ਜੀ ਦਾ ਹਾਰਦਿਕ ਧੰਨਵਾਦ ਕੀਤਾ।

ਸੰਤ ਤਰਨ ਸਿੰਘ ਵਹਿਮੀ ਜੀ ਬਾਰੇ ਜੀ. ਡੀ. ਚੋਧਰੀ ਸਿਰਸਾ ਵੱਲੋਂ ਲਿਖਿਆ ਪੈਂਫਲਿਟ ਜੋ ਸ. ਸਾਧੂ ਸਿੰਘ ਕਿਸਾਨ ਰਾਹੀਂ ਬੜੀ ਮਿਹਨਤ ਨਾਲ ਛਪਵਾਇਆ ਸੀ, ਮੰਤਰੀ ਜੀ ਨੇ ਰੀਲੀਜ਼ ਕੀਤਾ। ਇਹ ਪੈਂਫਲਿਟ ਸਾਰੇ ਉਪਸਥਿਤ ਸਾਹਿਤ ਕਾਰਾਂ ਨੂੰ ਵੰਡਿਆ ਗਿਆ।

ਅਕੈਂਡਮੀ ਵੱਲੋਂ ਜਲਪਾਨ ਦਾ ਵਧੀਆ ਪਰਬੰਧ ਸੀ। ੳ ਸ੍ਰੀ ਮੋਦਗਿਲ ਸਾਹਿਬ ਨੇ ਸਭ ਸੱਜਣਾਂ ਨੂੰ ਪਿਆਰ ਤੇ ਮੁਹੱਬਤ ਨਾਲ ਵਿਦਿਆ ਕੀਤਾ।

*—ਰਿਪੋਰਟ: ਮਾਸਟਰ ਅਮਰੀਕ ਸਿੰਘ*

## ਕਾਮਰੇਡ ਜਸਵੰਤ ਸਿੰਘ ਰਾਜ ਦੀ ਯਾਦ 'ਚ ਮੇਲਾ ੧੧ ਮਾਰਚ ਨੂੰ

ਕਾਮਰੇਡ ਜਸਵੰਤ ਸਿੰਘ ਰਾਜ ਦੀ ਯਾਦ ਵਿਚ ਸਾਹਿਤਕ ਤੇ ਸੱਭਿਆਚਾਰਕ ਮੇਲਾ ਪਿੰਡ ਰਾਣੀਆਂ ਜ਼ਿਲ੍ਹਾ ਸਿਰਸਾ (ਹਰਿਆਣਾ) ਵਿਖੇ ੧੧ ਮਾਰਚ ੨੦੦੭ ਦਿਨ ਐਤਵਾਰ ਨੂੰ ਦਿਨ ਦੇ ੧੧ ਵਜੇ ਮਨਾਇਆ ਜਾ ਰਿਹਾ ਹੈ। ਕਾਮਰੇਡ ਜਸਵੰਤ ਸਿੰਘ ਆਪਣੀ ਹਯਾਤੀ ਵਿਚ ਆਪਣੇ ਇਲਾਕੇ ਵਿਚ ਰਾਜਨੀਤਕ ਤੇ ਸਮਾਜਿਕ ਤੌਰ 'ਤੇ ਮਨੁੱਖਤਾ ਦੇ ਹਮਦਰਦ ਬੇਇਨਸਾਫੀ ਤੇ ਨਾ-ਬਰਾਬਰੀ ਦੀ ਮੁੱਢ ਤੋਂ ਚਲਦੀ ਆ ਰਹੀ ਲੜਾਈ ਵਿਚ ਮਨੁੱਖੀ ਅਧਿਕਾਰਾਂ ਨੂੰ ਬਰਕਰਾਰ ਰੱਖਣ, ਲਈ ਪਹਿਰਾ ਦਿੰਦੇ ਰਹੇ ਨੇ। ਇਹੋ ਜਿਹੇ ਕਿਰਦਾਰ ਦੇ ਮਨੁੱਖ ਨੂੰ ਉਨ੍ਹਾਂ ਦੇ ਇਸ ਸੰਸਾਰ ਤੋਂ ਚਲੇ ਜਾਣ ਬਾਅਦ ਇਕ ਸਾਹਿਤਕ ਤੇ ਸੱਭਿਆਚਾਰਕ ਮੇਲੇ ਰਾਹੀਂ ਉਨ੍ਹਾਂ ਦੇ ਪਿਆਰਿਆਂ ਵੱਲੋਂ ਆਏ ਸਾਲ ਯਾਦ ਕੀਤਾ ਜਾਂਦਾ ਹੈ। ਇਸ ਮੇਲੇ ਰਾਹੀਂ ਕਾਮਰੇਡ ਜਸਵੰਤ ਸਿੰਘ ਵਰਗੀਆਂ ਸ਼ਖਸੀਅਤਾਂ, ਜਿਹੜੀਆਂ ਕਿ ਅਜੋਕੇ ਸਮੇਂ ਵਿਚ ਸਾਹਿਤਕ, ਸਮਾਜਿਕ, ਰਾਜਨੀਤਕ ਅਤੇ ਸੱਭਿਆਚਾਰਕ


Namdhari Elibrary NamdhariElibrary@gmail.com

ਤੌਰ 'ਤੇ ਯੋਗਦਾਨ ਪਾ ਰਹੀਆਂ ਹਨ, ਨੂੰ ਸਨਮਾਨਤ ਕੀਤਾ ਜਾਂਦਾ ਹੈ।

ਇਸ ਯਾਦਗਾਰੀ ਮੇਲੇ ਵਿਚ ਪੰਜਾਬੀਅਤ ਦੇ ਕਈ ਉੱਘੇ ਮੁੱਦਈ ਸ਼ਾਮਲ ਹੋਣ ਜਾ ਰਹੇ ਨੇ। ਸਾਹਿਤਕ ਪਰਚਾ 'ਸਿਰਜਣਾ' ਦੇ ਸੰਪਾਦਕ ਡਾਕਟਰ ਰਘਬੀਰ ਸਿੰਘ ਸਿਰਜਣਾ, 'ਨਵਾਂ ਜ਼ਮਾਨਾ' ਦੇ ਮੁੱਖ ਸੰਪਾਦਕ ਜਗਜੀਤ ਸਿੰਘ ਆਨੰਦ, ਨਾਟਕਕਾਰ ਅਜਮੇਰ ਔਲਖ, ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ, ਕਹਾਣੀਕਾਰ ਵਰਿਆਮ ਸੰਧੂ ਅਤੇ ਇਲਾਕੇ ਦੀਆਂ ਹੋਰ ਸ਼ਖਸੀਅਤਾਂ ਇਸ ਮੇਲੇ ਵਿਚ ਸ਼ਿਰਕਤ ਕਰ ਰਹੀਆਂ ਹਨ। ਇਨ੍ਹਾਂ ਤੋਂ ਇਲਾਵਾ ਮਸ਼ਹੂਰ ਸੂਫੀ ਗਾਇਕ ਦੇਵ ਦਿਲਦਾਰ ਆਪਣੀ ਟੀਮ ਨਾਲ ਇਸ ਮੇਲੇ ਵਿਚ ਆਪਣੀ ਗਾਇਕੀ ਰਾਹੀਂ ਗੀਤ, ਗ਼ਜ਼ਲ ਤੇ ਕਵਿਤਾ ਦੇ ਜੌਹਰ ਦਿਖਾਉਣਗੇ। ਮੇਲੇ ਵਿਚ ਗਿਆਨ-ਵਿਗਿਆਨ, ਸਾਹਿਤ ਤੇ ਹਾਸਰਸ ਦੀਆਂ ਪੰਜਾਬੀ ਪੁਸਤਕਾਂ ਦਾ ਸਟਾਲ ਵੀ ਲਗਾਇਆ ਜਾਵੇਗਾ। ਇਸੇ ਸਮਾਗਮ ਵਿਚ ਐਡਮਿੰਟਨ ਸਥਿਤ ਸੰਸਥਾ 'ਸੁਰ, ਸ਼ਬਦ, ਸੰਗਮ' ਵੱਲੋਂ ੨੦੦੬ ਤੇ ੨੦੦੭ ਦਾ 'ਵਾਰਸਸ਼ਾਹ ਪੁਰਸਕਾਰ' ਅਮਰਜੀਤ ਗੁਰਦਾਸਪੁਰੀ ਅਤੇ ਬਲਬੀਰ ਪਰਵਾਨਾ ਨੂੰ ਦੇ ਕੇ ਨਿਵਾਜਿਆ ਜਾਵੇਗਾ। ਅਮਰਜੀਤ ਗੁਰਦਾਸਪੁਰੀ ਨੇ ਪੰਜਾਬੀ ਸੱਭਿਆਚਾਰ ਨੂੰ ਮਿਆਰੀ ਗੀਤ ਤੇ ਲੋਕ-ਗਾਥਾਵਾਂ ਗਾ ਕੇ ਅਮੀਰ ਕੀਤਾ ਹੈ। ਬਲਬੀਰ ਪਰਵਾਨਾ ਨੇ ਪੰਜਾਬੀ ਪੱਤਰਕਾਰੀ ਤੇ ਸਾਹਿਤ ਵਿਚ ਭਰਪੂਰ ਯੋਗਦਾਨ ਪਾਇਆ, ਜਿਸ ਸਦਕਾ ਅਖਬਾਰ 'ਨਵਾਂ ਜ਼ਮਾਨਾ' ਨਰੋਈਆਂ ਲੀਹਾਂ 'ਤੇ ਚੱਲ ਰਿਹਾ ਹੈ ਤੇ ਇਸ ਅਖਬਾਰ ਦਾ 'ਐਤਵਾਰਤਾ' ਕੌਮਾਂਤਰੀ ਭਾਈਚਾਰੇ ਦਾ ਹਿੱਸਾ ਬਣ ਗਿਆ ਹੈ।

## ਪੱਤਰਕਾਰ ਤੇ ਲੇਖਕ ਗਿਆਨੀ ਭਜਨ ਸਿੰਘ ਨਹੀਂ ਰਹੇ !

ਜਲੰਧਰ, (ਪ੍ਰਿਤਪਾਲ ਸਿੰਘ)- ਉੱਘੇ ਪੱਤਰਕਾਰ ਤੇ ਨਾਵਲਕਾਰ ਗਿਆਨੀ ਭਜਨ ਸਿੰਘ ਪੀ. ਐਚ. ਡੀ. ਸਾਡੇ ਵਿਚ ਨਹੀਂ ਰਹੇ, ਉਹ ਅੱਜ ੫-੧-੦੭ ਸਵੇਰੇ ੫.੩੦ ਵਜੇ ਮੋਹਾਲੀ ਵਿਖੇ ਅਕਾਲ ਚਲਾਣਾ ਕਰ ਗਏ। ਉਹ ਕਾਫੀ ਸਮੇਂ ਤੋਂ ਬਿਮਾਰ ਸਨ। ਉਨ੍ਹਾਂ ਗੁਰਦੇ ਦਾ ਅਪਰੇਸ਼ਨ ਕਰਵਾਇਆ ਸੀ ਤੇ ਸ਼ੂਗਰ ਰੋਗ ਤੋਂ ਵੀ ਪੀੜਤ ਸਨ। ੩੫ ਕੁ ਸਾਲ ਦਿੱਲੀ ਵਿਚ ਰਹਿਣ ਤੋਂ ਬਾਅਦ ਅੱਜਕਲ੍ਹ ਉਹ ਆਪਣੇ ਬੇਟੇ ਸਤਿੰਦਰਪਾਲ ਸਿੰਘ ਘਈ (ਫੇਜ਼ ੭, ਕੋਠੀ ਨੰਬਰ ੬੯ ਮੋਹਾਲੀ ਵਿਚ ਰਹਿ ਰਹੇ ਸਨ। ਇੰਡਸਟਰੀਅਲ ਏਰੀਆ ਮੋਹਾਲੀ ਦੇ ਸ਼ਮਸ਼ਾਨਘਾਟ ਵਿਚ ਉਨ੍ਹਾਂ ਦਾ ਅੰਤਿਮ ਸਸਕਾਰ ਕੀਤਾ ਗਿਆ। ਇਸ ਸਮੇਂ ਸਾਕ-ਸੰਬੰਧੀਆਂ ਤੋਂ ਇਲਾਵਾ ਪੱਤਰਕਾਰ ਸ. ਸ਼ਿੰਗਾਰਾ ਸਿੰਘ ਭੁੱਲਰ ਤੇ ਜਲੰਧਰ ਤੋਂ ਸ. ਗੁਰਬਖਸ਼ ਸਿੰਘ ਬੰਨੋਆਣਾ ਤੇ ਸ. ਪਿਆਰਾ ਸਿੰਘ ਭੋਗਲ ਪੁੱਜੇ ਹੋਏ ਸਨ। ਉਨ੍ਹਾਂ ਨਮਿੱਤ ਕੀਰਤਨ ਅਤੇ ਅੰਤਿਮ ਅਰਦਾਸ ਸੋਮਵਾਰ ੮ ਜਨਵਰੀ ਨੂੰ ਹੋਈ। ਉਨ੍ਹਾਂ ਕੋਈ ਡੇਢ ਦਰਜਨ ਨਾਵਲ ਲਿਖੇ ਸਨ। ਗਿਆਨੀ ਭਜਨ ਸਿੰਘ ਗੁਰੂ ਤੇਗ ਬਹਾਦਰ ਕਾਲਜ ਨਵੀਂ ਦਿੱਲੀ ਵਿਖੇ ਲੈਕਚਰਾਰ ਵਜੋਂ ਸੇਵਾ-ਮੁਕਤ ਹੋਏ। ਉਹ ਟਕਸਾਲੀ ਅਕਾਲੀ ਸਨ। ਪੰਜਾਬੀ ਸੂਬੇ ਦੇ ਮੋਰਚੇ ਵਿਚ ਉਨ੍ਹਾਂ ਜੇਲ੍ਹ ਯਾਤਰਾ ਵੀ ਕੀਤੀ। ਜ਼ਿਲ੍ਹਾ ਅਕਾਲੀ ਜਥਾ ਜਲੰਧਰ ਦੇ ਪ੍ਰਧਾਨ ਵੀ ਰਹੇ। ਉਹ ਸਵਰਗਵਾਸੀ ਜਥੇਦਾਰ ਸੰਤੋਖ ਸਿੰਘ ਦਿੱਲੀ ਦੇ ਨਿਕਟਵਰਤੀਆਂ ਵਿਚੋਂ ਸਨ। ਉਨ੍ਹਾਂ ਦਾ ਜਨਮ ੧੪ ਫਰਵਰੀ ੧੯੩੪ ਨੂੰ ਪਾਕਿਸਤਾਨ ਦੇ ਜ਼ਿਲ੍ਹਾ ਜੇਹਲਮ ਵਿਚ ਪਿਤਾ ਸ. ਰਵੇਲ ਸਿੰਘ ਘਈ ਦੇ ਘਰ ਹੋਇਆ। ੧੯੪੭ ਵਿਚ ਦੇਸ਼ ਦੀ ਵੰਡ ਤੋਂ ਬਾਅਦ ਪਹਿਲਾਂ ਜਗਾਧਰੀ ਤੇ ਫਿਰ ਪਰਿਵਾਰ ਸਮੇਤ ਜਲੰਧਰ ਆ ਕੇ ਵਸੇ। ਗਿ. ਭਜਨ ਸਿੰਘ ਰੋਜ਼ਾਨਾ ਅਖਬਾਰ ਜਥੇਦਾਰ ਦੇ ਮੁੱਖ ਸੰਪਾਦਕ ਵੀ ਰਹੇ। ਦਿੱਲੀ ਵਿਚ ਅੰਮ੍ਰਿਤ ਪੱਤ੍ਰਿਕਾ ਅਖਬਾਰ ਜੋ ਜ. ਸੰਤੋਖ ਸਿੰਘ ਦੀ ਸੀ, ਦੇ ਵੀ ਮੁੱਖ ਸੰਪਾਦਕ ਰਹੇ। ਸਵਾ ਲਾਖ ਸੇ ਏਕ ਲੜਾਊਂ (ਦਾਰਾ ਸਿੰਘ) ਫਿਲਮ ਦੀ ਕਹਾਣੀ ਵੀ ਗਿ. ਭਜਨ ਸਿੰਘ ਦੀ ਸੀ।

## ਸੂਬਾ ਹਰਬੰਸ ਸਿੰਘ ਦੋਸ਼ੀ ਨਮਿਤ ਸਮਾਗਮ

੨੧ ਜਨਵਰੀ ਨੂੰ ਸੂਬਾ ਹਰਬੰਸ ਸਿੰਘ ਜੀ 'ਦੋਸ਼ੀ' ਨਮਿਤ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਭੈਣੀ ਸਾਹਿਬ ਵਿਖੇ ਪਾਇਆ ਗਿਆ। ਨਿਤਨੇਮ ਤੋਂ ਪਹਿਲਾਂ ਦੀਵਾਨ ਸਜਾਏ ਗਏ। ਜ: ਸੁਦਰਸ਼ਨ ਸਿੰਘ ਜੀ ਅਮਰਾਸਰ ਵਾਲਿਆਂ ਸੂਬਾ ਜੀ ਦੇ ਜੀਵਨ ਤੇ ਰੋਸ਼ਨੀ ਪਾਈ, ਉਪਰੰਤ ਜਥੇਦਾਰ ਗੁਰਬਚਨ ਸਿੰਘ 'ਵੀਰੋਕੇ' ਵਾਲਿਆਂ ਨੇ ਸੂਬਾ ਜੀ ਦੇ ਬਚਪਨ ਤੋਂ ਲੈ ਕੇ ਅੰਤ ਤੱਕ ਵਿਸਥਾਰ ਨਾਲ ਰੋਸ਼ਨੀ ਪਾਈ। ਟੇਕ ਸੀ- "ਤਿਸ ਸੇਵਕ ਕੇ ਹਉ ਬਲਿਹਾਰੀ, ਜੋ ਆਪਣੇ ਪ੍ਰਭ ਭਾਵੈ।"

ਇਸ ਤੋਂ ਬਾਅਦ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੂਬਾ ਜੀ ਨਮਿਤ ਦੋ ਸਧਾਰਣ ਪਾਠਾਂ ਦੇ ਭੋਗ ਪਾਏ ਗਏ। ਸੂਬਾ ਹਰਬੰਸ ਸਿੰਘ ਦੇ ਜੀਵਨ ਤੇ ਜ: ਗੁਰਬਚਨ ਸਿੰਘ ਜੀ (ਬਹਾਦਰ ਹੁਸੈਨ) ਵੱਲੋਂ ਲਿਖੀ ਪੁਸਤਕ ਸ੍ਰੀ ਸਤਿਗੁਰ ਜੀ ਨੂੰ ਭੇਟ ਕੀਤੀ ਗਈ। ਸੂਬਾ ਹਰਬੰਸ ਸਿੰਘ ਜੀ ਦੇ ਸਪੁੱਤਰ ਸ. ਤਰਲੋਚਨ ਸਿੰਘ ਜੀ ਦੀ ਸ੍ਰੀ ਸਤਿਗੁਰੂ ਜੀ ਵੱਲੋਂ ਦਸਤਾਰਬੰਦੀ ਕੀਤੀ ਗਈ।

ਸ਼ਰਧਾਂਜਲੀ ਸਮਾਗਮ ਵਿਚ ਸੇਵਕ ਹਰਪਾਲ ਸਿੰਘ ਜੀ ਨੇ ਸੂਬਾ ਜੀ ਨੂੰ ਸ਼ਰਧਾਂਜਲੀ ਦਿੱਤੀ ਅਤੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਜ. ਗੁਰਬਚਨ ਸਿੰਘ ਜੀ 'ਵੀਰੋਕੇ' ਨੇ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕਰਦਿਆਂ ਹੋਇਆਂ ਸੂਬਾ ਜੀ ਦੇ ਜੀਵਨ ਫ਼ਲਸਫ਼ੇ ਤੇ ਰੋਸ਼ਨੀ ਪਾਈ ਕਿ ਕਿਵੇਂ ਉਹਨਾਂ ਨੇ ਆਪਣਾ ਸਾਰਾ ਜੀਵਨ ਸਤਿਗੁਰ ਜੀ ਦੇ ਹੁਕਮ ਵਿਚ ਰਹਿ ਕੇ ਸੇਵਾ ਨੂੰ ਸਮਰਪਿਤ ਬਤੀਤ ਕੀਤਾ। ਸ਼ਾਮ ਨੂੰ ਕੋਠੀ ਵਿਚ ਸੂਬਾ ਜੀ ਦਾ ਸਾਰਾ ਪਰਿਵਾਰ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ। ਸ. ਬਲਵਿੰਦਰ ਸਿੰਘ ਦੇ ਪੁੱਤਰ ਅਤੇ ਸੂਬਾ ਜੀ ਦੇ ਪੋਤਰੇ ਸੰਤ ਬਲਵੰਤ ਸਿੰਘ 'ਲਾਲ ਜੀ' ਨੇ ਸਤਿਗੁਰੂ ਜੀ ਕੋਲੋਂ ਬਖਸ਼ਿਸ਼ ਮੰਗਦਿਆਂ ਅਰਜ਼ ਕੀਤੀ— "ਗਰੀਬ ਨਿਵਾਜ ਜੀ ਸਾਡੇ ਤੇ ਵੀ ਕ੍ਰਿਪਾ ਕਰੋ, ਅਸੀਂ ਵੀ ਸੂਬਾ ਜੀ ਵਾਂਗੂੰ ਸੰਗਤ ਦੀ ਸੇਵਾ ਕਰ ਸਕੀਏ ਤੇ ਆਪ ਜੀ ਦੇ ਚਰਨਾਂ ਨਾਲ ਜੁੜੇ ਰਹੀਏ।" ਸ੍ਰੀ



Namdhari Elibrary NamdhariElibrary@gmail.com

ਸਤਿਗੁਰੂ ਜੀ ਨੇ ਬੇਅੰਤ ਖੁਸ਼ੀਆਂ ਨਾਲ ਸਾਰੇ ਪਰਿਵਾਰ ਨੂੰ ਨਿਵਾਜਿਆ।

## ਜਲੰਧਰ ਵਿਖੇ ਨਾਮਧਾਰੀ ਕੰਪਿਊਟਰ ਸੈਂਟਰ ਦਾ ਉਦਘਾਟਨ

ਨਾਮਧਾਰੀ ਧਰਮਸ਼ਾਲਾ ਪ੍ਰੀਤ ਨਗਰ ਸੋਡਲ ਰੋਡ ਜਲੰਧਰ ਵਿਖੇ ਨਾਮਧਾਰੀ ਵਿਦਿਅਕ ਜੱਥਾ ਜਲੰਧਰ ਸ਼ਹਿਰ ਦੇ ਨੌਜਵਾਨਾਂ ਵਲੋਂ ਚੱਲ ਰਹੇ ਸਿਲਾਈ ਸਿੱਖਿਆ ਕੇਂਦਰ ਵਿਚ ਬੱਚੀਆਂ ਨੇ ੨੨ ਦਸੰਬਰ ੨੦੦੬ ਨੂੰ ਆਪਣਾ ਛਮਾਹੀ ਕੋਰਸ ਸਫਲਤਾ ਪੂਰਵਕ ਸੰਪੂਰਨ ਕੀਤਾ। ਬੱਚੀਆਂ ਨੂੰ ਸਿਲਾਈ ਸਿੱਖਿਆ ਦੇਣ ਵਿਚ ਮੁੱਖ ਭੂਮਿਕਾ ਬੀਬੀ ਅਮਨਦੀਪ ਕੌਰ (ਇੰਚਾਰਜ ਸਿਲਾਈ ਸਿੱਖਿਆ ਕੇਂਦਰ) ਨੇ ਨਿਭਾਈ ਅਤੇ ਬੀਬੀ ਰਜਵਿੰਦਰ ਕੌਰ ਅਤੇ ਬੀਬੀ ਰਾਣੀ ਨੇ ਨਾਮਧਾਰੀ ਕਾਟ ਦੇ ਬਸਤਰ ਸਿਖਾਉਣ ਵਿਚ ਆਪਣਾ ਪੂਰਾ ਸਹਿਯੋਗ ਦਿੱਤਾ।

੭ ਜਨਵਰੀ ਦੇ ਦਿਨ ਵਿਦਿਅਕ ਜੱਥੇ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਪਾਰ ਕ੍ਰਿਪਾ ਸਦਕਾ ਆਪਣੀ ਕਾਰਗੁਜ਼ਾਰੀ ਵਿਚ ਵਾਧਾ ਕਰਦਿਆਂ ਹੋਇਆ, ਨਾਮਧਾਰੀ ਵਿਦਿਅਕ ਜੱਥਾ ਜਲੰਧਰ ਵਲੋਂ "ਨਾਮਧਾਰੀ ਸੰਤ ਖਾਲਸਾ ਐਜੂਕੇਸ਼ਨਲ ਟਰੱਸਟ" ਦੇ ਨਾਮ ਹੇਠ ਮਾਤਾ ਭੁਪਿੰਦਰ ਕੌਰ ਵੋਕੇਸ਼ਨਲ ਟਰੇਨਿਗ ਸੈਂਟਰ ਦੇ ਵਿਚ ਇਕ ਕੰਪਿਊਟਰ ਸੈਂਟਰ ਸ਼ੁਰੂ ਕੀਤਾ ਗਿਆ ਅਤੇ ਜਿਸ ਦਾ ਉਦਘਾਟਨ ਸ੍ਰੀ ਅਵਤਾਰ ਹੈਨਰੀ (ਕੈਬਨਿਟ ਮੰਤਰੀ ਪੰਜਾਬ) ਵੱਲੋਂ ਕੀਤਾ ਗਿਆ ਅਤੇ ਇਸ ਮੌਕੇ ਤੇ ਸ੍ਰੀ ਅਵਤਾਰ ਹੈਨਰੀ ਨੇ ਸਿਲਾਈ ਸਿੱਖਿਆ ਕੇਂਦਰ ਦੀਆਂ ਬੱਚੀਆਂ ਨੂੰ ਇਨਾਮ ਤਕਸੀਮ ਕਰਦਿਆਂ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਤੇ ਲੜਕੀਆਂ ਵੱਲੋਂ ਬਣਾਏ ਗਏ ਬਸਤਰਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ।

ਪ੍ਰਧਾਨ ਸੰਤ ਪਲਵਿੰਦਰ ਸਿੰਘ ਜੀ ਨੇ ਸਮਾਰੋਹ ਦੌਰਾਨ ਇਸ ਕੰਪਿਊਟਰ ਸੈਂਟਰ ਬਾਰੇ ਦੱਸਿਆ ਕਿ, ਇਹ ਕੰਪਿਊਟਰ ਸੈਂਟਰ ਸਮੇਂ ਦੀ ਲੋੜ ਮੁਤਾਬਕ ਸ਼ੁਰੂ ਕੀਤਾ ਗਿਆ ਹੈ। ਤਾਂ ਕਿ ਅੱਜਕਲ੍ਹ ਦੇ ਸਮਾਜ ਵਿਚ ਵਿਚਰਦਿਆਂ ਅਸੀਂ ਆਪਣੇ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾ ਸਕੀਏ, ਅਤੇ ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸੈਂਟਰ ਵਿਚ ਸਿੱਖਿਆ ਦੇ ਮਿਆਰ ਦਾ ਖਾਸ ਖਿਆਲ ਰੱਖਿਆ ਜਾਵੇਗਾ।

ਇਸ ਸਮਾਰੋਹ ਦੌਰਾਨ ਸੰਤ ਜਗਦੀਸ਼ ਸਿੰਘ ਜੀ ਵਰਿਆਮ ਨੇ ਵਿਦਿਅਕ ਜੱਥੇ ਨੂੰ ਭਰਪੂਰ ਥਾਪੜਾ ਦੇ ਕੇ ਸਾਧ ਸੰਗਤ ਦੀ ਸੇਵਾ ਕਰਨ ਲਈ ਪ੍ਰੇਰਿਆ। ਇਹ ਸਮਾਰੋਹ ਸੂਬਾ ਜੋਗਿੰਦਰ ਸਿੰਘ ਜੀ, ਪ੍ਰਧਾਨ ਸੁਰਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਹੋਇਆ। ਇਸ ਸਮਾਰੋਹ ਨੂੰ ਸਫਲ ਕਰਨ ਵਿਚ ਜਸਵਿੰਦਰ ਸਿੰਘ 'ਚੰਨ', ਜਤਿੰਦਰਪਾਲ ਸਿੰਘ, ਕਰਨਜੀਤ ਸਿੰਘ, ਲਖਵਿੰਦਰ ਸਿੰਘ, ਗੁਰਦੇਵ ਸਿੰਘ, ਗੁਰਦਿੱਤ ਸਿੰਘ ਦਾ ਖਾਸ ਯੋਗਦਾਨ ਰਿਹਾ।

*ਗੁਰਮੇਲ ਸਿੰਘ*

**ਮੀਤ ਸਕੱਤਰ ਨਾਮਧਾਰੀ ਵਿਦਿਅਕ ਜੱਥਾ ਜਲੰਧਰ।**

## ਪ੍ਰਿੰ. ਕਾਲੜਾ "ਬਾਵਾ ਬਲਵੰਤ ਯਾਦਗਾਰੀ ਅਵਾਰਡ" ਨਾਲ ਸਨਮਾਨਿਤ

ਪੰਜਾਬੀ ਸਾਹਿਤ ਟਰੱਸਟ ਢੁੱਡੀਕੇ ਵੱਲੋਂ ਪੰਜਾਬੀ ਭਵਨ ਲੁਧਿਆਣਾ ਵਿਚ ਵਾਰਸ਼ਿਕ ਸਮਾਗਮ ਲਈ ਪੱਕੇ ਤੌਰ ਤੇ ਨਿਰਧਾਰਤ ਮਿਤੀ ੨੫ ਦਸੰਬਰ ਨੂੰ ਆਪਣਾ ਅਵਾਰਡ ਅਲੰਕਰਨ ਸਮਾਰੋਹ ਕੀਤਾ। ਪ੍ਰਧਾਨਗੀ ਮੰਡਲ ਵਿਚ ਤਿੰਨੇ ਅਵਾਰਡੀਆਂ ਦੇ ਨਾਲ ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਸੁਰਜੀਤ ਪਾਤਰ ਅਤੇ ਪੰਜਾਬੀ ਦੇ ਸ਼੍ਰੋਮਣੀ ਨਾਵਲਕਾਰ ਸ. ਜਸਵੰਤ ਸਿੰਘ ਕੰਵਲ ਸ਼ਸ਼ੋਭਿਤ ਸਨ।

ਕਵਿਤਾ ਦੇ ਖੇਤਰ ਵਿਚ ਲੰਮੇ ਸਮੇਂ ਤੋਂ ਕਾਰਜਸ਼ੀਲ ਸ਼ਾਸਤਰੀ-ਕਾਵਿ-ਪ੍ਰਤਿਭਾ ਦੇ ਸਵਾਮੀ ਪ੍ਰਿੰ. ਕਰਤਾਰ ਸਿੰਘ ਕਾਲੜਾ ਨੂੰ "ਬਾਵਾ ਬਲਵੰਤ ਯਾਦਗਾਰੀ ਅਵਾਰਡ", ਗਲਪ ਖੇਤਰ ਲਈ "ਬਲਰਾਜ ਸਾਹਨੀ ਯਾਦਗਾਰੀ ਅਵਾਰਡ" ਸ. ਸ਼ਿਵਚਰਨ ਸਿਘ ਗਿੱਲ ਅਤੇ ਗਿਆਨ ਸਾਹਿਤ ਦੀ ਸੁਚੱਜੀ ਲੇਖਕਾ ਬੀਬੀ ਰਜਿੰਦਰ ਕੌਰ ਨੂੰ 'ਡਾ. ਜਸਵੰਤ ਕੌਰ ਯਾਦਗਾਰੀ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ। ਹਰ ਇਕ ਅਵਾਰਡ ਨੂੰ ਦੋਸ਼ਾਲਾ ਅਤੇ ਪੰਦਰਾਂ ਹਜ਼ਾਰ ਰੁਪਈਏ ਦੀ ਨਕਦ ਰਾਸ਼ੀ ਭੇਟ ਕੀਤੀ ਗਈ। ਪ੍ਰਿੰ. ਪ੍ਰੇਮ ਸਿੰਘ ਬਜਾਜ ਨੂੰ ਰੈਫ੍ਰੈਂਸ ਲਾਇਬ੍ਰੇਰੀ ਦੀ ਸੁਚੱਜੀ ਸਾਂਭ ਸੰਭਾਲ ਲਈ ਵਿਸ਼ੇਸ਼ ਤੌਰ ਤੇ ਸਨਮਾਨਿਆ ਗਿਆ।

ਸਾਹਿਤ ਟਰੱਸਟ ਢੁੱਡੀਕੇ ਦੇ ਜਨਰਲ ਸਕੱਤਰ ਸ. ਜਸਵੰਤ ਸਿੰਘ ਕੰਵਲ ਹੋਰਾਂ ਨੇ ਟਰੱਸਟ ਦੀ ਪਿਛਲੇ ਸਾਲਾਂ ਦੀ ਕਾਰਗੁਜ਼ਾਰੀ ਦੱਸਦਿਆਂ ਵਿਸ਼ੇਸ਼ ਤੌਰ 'ਤੇ ਗੌਰਵ ਕੀਤਾ ਕਿ ਇਸ ਟਰੱਸਟ ਦੇ ਅਵਾਰਡ ਪੂਰੀ ਘੋਖ ਪੜਤਾਲ ਉਪਰੰਤ ਮੈਰਿਟ ਦੇ ਆਧਾਰ 'ਤੇ ਦਿੱਤੇ ਜਾਂਦੇ ਹਨ। ਇਸੇ ਲਈ ਇਹਨਾਂ ਬਾਰੇ ਅੱਜ ਤਾਈਂ ਕੋਈ ਕਿੰਤੂ ਪੰਰਤੂ ਨਹੀਂ ਹੋ ਸਕਿਆ। ਆਪਣੇ ਆਪਣੇ ਸਾਹਿਤਕ ਸਫ਼ਰ ਬਾਰੇ ਗੱਲ ਕਰਦਿਆਂ ਤਿੰਨਾਂ ਅਵਾਰਡੀਆਂ ਨੇ ਇਸ ਦਾਅਵੇ ਦੀ ਸ਼ਾਹਦੀ ਭਰੀ ਅਤੇ ਟਰਸਟ ਦੀ ਨਿਰਪਖਤਾ ਲਈ ਧੰਨਵਾਦ ਕੀਤਾ। ਮੰਚ ਸੰਚਾਲਨ ਪ੍ਰੋ. ਗੁਰਭਜਨ ਗਿੱਲ ਨੇ ਬੜੀ ਖੁਸ਼ਅਸਲੂਬੀ ਨਾਲ ਕੀਤਾ। ਭਰਵੀਂ ਸਭਾ ਵਿਚ ਪ੍ਰੋ. ਮਹਿੰਦਰ ਸਿੰਘ ਚੀਮਾ, ਪ੍ਰੋ. ਨਰਿੰਜਨ ਤਸਨੀਮ, ਪ੍ਰੋ. ਰਵਿੰਦਰ ਭੱਠਲ, ਪ੍ਰਿੰ. ਸਰਵਨ ਸਿੰਘ, ਡਾ. ਕੁਲਵਿੰਦਰ ਕੌਰ ਮਿਨਹਾਸ, ਡਾ. ਤੇਜਵੰਤ ਮਾਨ, ਡਾ. ਹਰਭਜਨ ਸਿੰਘ ਭਾਟੀਆ, ਪ੍ਰਿੰ. ਲਾਭ ਸਿੰਘ ਖੀਵਾ, ਡਾ. ਰਣਜੀਤ ਸਿੰਘ, ਸ੍ਰੀ ਇੰਦਰਜੀਤ ਹਸਨਪੁਰੀ, ਇੰ. ਕਰਮਜੀਤ ਸਿੰਘ ਔਜਲਾ (ਨਾਵਲਕਾਰ), ਪ੍ਰੋ. ਬਲਵਿੰਦਰ ਪਾਲ ਸਿੰਘ, ਪ੍ਰੋ. ਕਵਲਇੰਦਰ ਕੰਵਲ, ਡਾ. ਸਰੂਪ ਸਿੰਘ ਅੱਲਗ, ਪ੍ਰੋ. ਦਲਜੀਤ ਸਿੰਘ (ਕੈਨੇਡਾ), ਇੰ. ਜਤਿੰਦਰਪਾਲ ਸਿੰਘ ਅਸਟ੍ਰੇਲੀਆ, ਇੰ. ਹਰਵਿੰਦਰਪਾਲ ਸਿੰਘ ਅਸਟ੍ਰੇਲੀਆ, ਡਾ. ਪ੍ਰੀਤਮ ਸਿੰਘ ਬਤਰਾ, ਕਵੀ ਭੂਪਿੰਦਰ ਸਿੰਘ, ਦਰਸ਼ਨ ਸਿੰਘ ਦਰਸ਼ਨ, ਪ੍ਰਿੰ. ਕੇ. ਕੇ. ਸ਼ਰਮਾ, ਸ੍ਰੀ ਰਾਮ ਲਾਲ ਪ੍ਰੇਮੀ, ਸ੍ਰੀਮਤੀ ਸੁਦਰਸ਼ਨ ਵਾਲੀਆਂ,



Namdhari Elibrary NamdhariElibrary@gmail.com

ਸ੍ਰੀਮਤੀ ਸੁਰਿੰਦਰਜੀਤ ਕੌਰ, ਸ੍ਰੀਮਤੀ ਸੁਖਵਿੰਦਰ ਅੰਮ੍ਰਿਤ, ਸ. ਕੁਲਮੋਹਿਤ ਸਿੰਘ ਕਾਲੜਾ (ਅਸਟ੍ਰੇਲੀਆ) ਆਦਿ ਨੇ ਸ਼ਮੂਲੀਅਤ ਕੀਤੀ।

## ਮਾਤਾ ਸਵਰਨ ਕੌਰ ਜੰਮੂ ਨਮਿਤ ਮੇਲਾ

ਮਾਤਾ ਸਵਰਨ ਕੌਰ ਜੰਮੂ ਵਾਲਿਆਂ ਨਮਿਤ ਪਾਠ ਦਾ ਭੋਗ ਅਤੇ ਕੀਰਤਨ ਸਮਾਗਮ, ਮੇਲਾ ਸ਼ੁਕਰਵਾਰ ੨੯ ਦਸੰਬਰ ੨੦੦੬ ਨੂੰ ਨਾਮਧਾਰੀ ਧਰਮਸਾਲਾ ਲੋਅਰ ਗੁਮਟ ਜੰਮੂ ਤਵੀ ਵਿਖੇ ਕੀਤਾ ਗਿਆ। ਮਾਤਾ ਸਵਰਨ ਕੌਰ ਫਰੀ ਇੰਡੀਆ ਗਨ ਫੈਕਟਰੀ ਵਾਲੇ ਸਵ: ਸੰਤ ਸਾਧਾ ਸਿੰਘ ਜੀ ਦੇ ਘਰੋਂ ਸਨ ਅਤੇ ਸੰਤ ਕਰਤਾਰ ਸਿੰਘ ਫਰੀ ਇੰਡੀਆ ਗਨ ਫੈਕਟਰੀ ਦੇ ਮਾਲਕ ਅਤੇ ਨਾਮਧਾਰੀ ਸੰਗਤ ਜੰਮੂ ਦੇ ਪ੍ਰਧਾਨ ਦੇ ਵਡੇ ਭਰਜਾਈ ਜੀ ਸਨ। ਕੋਈ ਨੱਬੇ ਸਾਲ ਦੀ ਉਮਰ ਭੋਗ ਕੇ ਆਪ ਆਪਣੀ ਜੀਵਨ ਯਾਤਰਾ ਸੰਪੂਰਣ ਕਰ ਗਏ। ਉਹਨਾਂ ਦੀ ਯਾਦ ਵਿਚ ਪੁੱਤਰ ਸ. ਸੁਰਤ ਸਿੰਘ ਅਤੇ ਸਮੂਹ ਪਰਿਵਾਰ ਵਲੋਂ ਮੇਲਾ ਕੀਤਾ ਗਿਆ। ਪਹਿਲਾਂ ਹਰ ਰੋਜ਼ ਨਾਮ ਸਿਮਰਨ ਅਤੇ ਮੰਡੀ ਵਾਲੇ ਸੰਤ ਪਰਮਜੀਤ ਸਿੰਘ ਜੀ ਵਲੋਂ ਕਥਾ ਹੁੰਦੀ ਰਹੀ। ਭੋਗ ਵਾਲੇ ਦਿਨ ਭਾਰੀ ਮੇਲਾ ਕੀਤਾ ਗਿਆ। ਜਿਸ ਵਿਚ ਭਾਰੀ ਗਿਣਤੀ ਵਿਚ ਦੂਰੋਂ ਨੇੜਿਓਂ ਰਿਸ਼ਤੇਦਾਰ, ਮਿਤਰ ਅਤੇ ਸਾਧ ਸੰਗਤ ਇਕੱਤਰ ਹੋਈ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਗੁਰਦੀਪ ਸਿੰਘ ਹੋਰਾਂ ਦੇ ਜੱਥੇ ਨੇ ਕੀਤਾ। ਦੁਪਹਿਰ ਨੂੰ ਜਥੇਦਾਰ ਗੁਰਦੀਪ ਸਿੰਘ ਹੋਰਾਂ ਹੱਲੇ ਦਾ ਦੀਵਾਨ ਸਜਾਇਆ ਅਤੇ ਮਾਈ ਭਾਗ ਭਰੀ ਦੇ ਪਰਸੰਗ ਦੁਆਰਾ ਪ੍ਰਮਾਣਿਤ ਕੀਤਾ ਕਿ ਸਤਿਗੁਰੂ ਹੀ ਸਭ ਤੋਂ ਵੱਡਾ ਦੇਵ ਹੁੰਦਾ ਹੈ ਅਤੇ ਮਾਤਾ ਸਵਰਨ ਕੌਰ ਪਰਿਵਾਰ ਸਮੇਤ ਗੁਰੂ ਚਰਣਾਂ ਨਾਲ ਜੁੜੇ ਰਹੇ। ਸੰਤ ਮਨਰਾਜ ਸਿੰਘ -ਅਮਰੀਕ ਸਿੰਘ ਹੋਰਾਂ ਵੀ ਕੀਰਤਨ ਕੀਤਾ। ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ ਹੋਰਾਂ ਆਪਣੇ ਪਿਛਲੇ ੪੨ ਸਾਲ ਤੋਂ ਜੰਮੂ ਦੀ ਸੰਗਤ ਨਾਲ ਜੁੜੇ ਰਹਿਣ ਦਾ ਬਖਾਨ ਕੀਤਾ ਅਤੇ ਮਾਤਾ ਜੀ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ। ਮਾਤਾ ਜੀ ਨਮਿਤ ਪਾਠ ਦਾ ਭੋਗ ਵੀ ਪਾਇਆ ਗਿਆ ਅਤੇ ਲੰਗਰ ਗੁਰੂ ਕਾ ਅਟੁੱਟ ਵਰਤਿਆ। ਮਾਤਾ. ਜੀ ਦੇ ਸਪੁੱਤਰ ਸੰਤ ਸੁਰਤ ਸਿੰਘ ਨੂੰਹ ਬੀਬੀ ਅਮ੍ਰਿਤਪਾਲ ਕੌਰ, ਪੋਤਰੇ ਯਾਦਵਿੰਦਰ ਸਿੰਘ, ਰਿਪੁਦਮਨ ਸਿੰਘ ਸਮੂਹ ਪਰਿਵਾਰ ਵੱਲੋਂ ਸੰਗਤ ਦੀ ਸੇਵਾ ਕੀਤੀ ਗਈ ਅਤੇ ਧਰਮ ਕਾਰਜਾਂ ਲਈ ਮਾਇਆ ਅਰਪਿਤ ਕੀਤੀ ਗਈ। ਸੂਬਾ ਸੁਖਦੇਵ ਸਿੰਘ ਅਤੇ ਪ੍ਰਧਾਨ ਸੰਤ ਕਰਤਾਰ ਸਿੰਘ ਜੀ ਦੀ ਦੇਖ ਰੇਖ ਵਿਚ ਮੇਲਾ ਸੰਪੂਰਨ ਹੋਇਆ।

## Sant Satbachan Singh Deoora

July, 1929-Dec.2006

Sant Satbachan Singh Deoora suddenly and gracefully passed away just before midnight wed 27 Dec 2006. He was 78 yrs old. Originally settled in Moshi, Tanzania, Sant Ji moved to the UK in 1968, where the family settled in Southall. Satbachan Singh Ji was the foundation stone of the Namdhari Sangat in Southall and also a pillar on which the sangat evolved. His grace, radiance & immense knowledge was the cornerstone of his personality. His residence was the Dera for Satguru Jagjit Singh Ji's trips to Uk for many years. His dedication to his Holiness Sri Satguru Jagjit Singh Ji is reflected through the Bakhsish on the family and especially via Santoor vadak Kiran Pal Singh and Bibi Tajinder Kaur. He practiced first and preached later. His knowledge on Gurbani, sangeet and sikh history was unsurpassable. His loss to the Namdhari Sangat is akin to having lost forever an encyclopedia from a library.

Sant Ji is going to be missed tremendously and deeply as he lives in the hearts and body and soul of all of us for his contribution to the well being of the community and the magnificent role he played at every level, with those that were close to him and his ability to comminute with children at their own level where were he was able to delivery the message of truth and sincerity of a good character which are essential part of a good human.being in this stage of development. He left a vacuum which will be difficult to replace and will sadly missed by all young and all alike. We hope and pray with all sin-



Namdhari Elibrary NamdhariElibrary@gmail.com

cerity for the peace of his soul. Lets all pray for blessing to be showered on his soul by Satguru Ji.

Sant Satbachan Singh leaves behind a wife, sons, daughters and grandchildren who are proud and faithful members of the Namdhari Sangat.

## ਕਾਲ ਕੋਠੜੀ ਦੇ ਆਖਰੀ ਪਲ ਦੀ ਦਾਸਤਾਂ

ਬਗਦਾਦ ੩੦ ਦਸੰਬਰ— ਇਰਾਕੀ ਇਤਿਹਾਸ ਦੇ ਸਭ ਤੋਂ ਵੱਡੇ ਨਾਇਕ ਸੱਦਾਮ ਹੁਸੈਨ ਦਾ ਸ਼ਨਿਚਰਵਾਰ ਸਵੇਰੇ ਫਾਂਸੀ ਦਿੱਤੇ ਜਾਣ ਵੇਲੇ ਜੱਲਾਦ ਦੇ ਇਕ ਲੀਵਰ ਖਿੱਚਦਿਆਂ ਹੀ ਫੌਰਨ ਅੰਤ ਹੋ ਗਿਆ।

ਦੇਸ਼ ਦੇ ਮੌਜੂਦਾ ਪ੍ਰਧਾਨ ਮੰਤਰੀ ਦੇ ਨਜ਼ਦੀਕੀ ਸਾਮੀ ਅਲ ਅਸਕਰੀ, ਜੋ ਕਿ ਫਾਂਸੀ ਦੇ ਮੌਕੇ ਹਾਜ਼ਰ ਸਨ, ਨੇ ਦੱਸਿਆ ਕਿ ਫਾਂਸੀ ਦੀ ਤਿਆਰੀ ਨੂੰ ਤਾਂ ੨੫ ਮਿੰਟ ਲੱਗੇ ਪਰ ਜਲਾਦ ਨੇ ਜਿਉਂ ਹੀ ਲੀਵਰ ਖਿੱਚਿਆ, ਸਾਬਕਾ ਰਾਸ਼ਟਰਪਤੀ ਅੱਧਾ ਕੁ ਮੀਟਰ ਖੂਹ ਵਿਚ ਲਟਕ ਗਿਆ ਤੇ ਗਲੇ ਵਿਚੋਂ ਕੁਝ ਕੁੱਟਣ ਦੀ ਮੱਧਮ ਆਵਾਜ਼ ਸੁਣਾਈ ਦਿੱਤੀ। ਫਾਂਸੀ ਦੇ ਰੱਸੇ 'ਤੇ ਗਲ ਦੁਆਲਿਓਂ ਥੋੜ੍ਹਾ ਜਿਹਾ ਖੂਨ ਨਿਕਲਿਆ ਤੇ ਸੱਦਾਮ ਦੀ ਦੇਹ ਸ਼ਾਂਤੀ ਨਾਲ ੧੦ ਮਿੰਟ ਖੂਹ ਵਿਚ ਲਟਕਦੀ ਰਹੀ। ਮਗਰੋਂ ਡਾਕਟਰ ਵੱਲੋਂ ਸੱਦਾਮ ਦੀ ਮੌਤ ਦੀ ਪੁਸ਼ਟੀ ਕਰ ਦਿੱਤੇ ਜਾਣ 'ਤੇ ਲਾਸ਼ ਨੂੰ ਰੱਸੇ ਨਾਲੋਂ ਉਤਾਰ ਕੇ ਚਿੱਟੇ ਕਫਨ ਨਾਲ ਢੱਕ ਦਿੱਤਾ ਗਿਆ।

ਇਰਾਕ ਦੇ ਸਰਕਾਰੀ ਟੈਲੀਵਿਜ਼ਨ ਅਲ ਇਰਾਕਿਆ ਨੇ ਸੱਦਾਮ ਹੁਸੈਨ ਦੇ ਅੰਤਲੇ ਪਲਾਂ ਦੀ ਸਾਰੀ ਤਸਵੀਰ ਲਗਾਤਾਰ ਵਿਖਾਈ, ਪਰ ਫਾਂਸੀ ਦਾ ਅਸਲ ਪਲ ਟੀ.ਵੀ. 'ਤੇ ਨਾ ਵਿਖਾਇਆ। ਜਲਾਦਾਂ ਨੇ ਆਮ ਕੱਪੜੇ, ਚਮੜੇ ਦੀਆਂ ਜੈਕਟਾਂ ਤੇ ਸਿਰਾਂ ਉਤੇ ਮਖੌਟੇ ਪਾਏ ਹੋਏ ਸਨ। ਸੱਦਾਮ ਹੁਸੈਨ ਵੱਲੋਂ ਫਾਂਸੀ ਮੌਕੇ ਮੂੰਹ ਢਕਣ ਤੋਂ ਇਨਕਾਰ ਕਰ ਦਿੱਤੇ ਜਾਣ ਮਗਰੋਂ ਉਨ੍ਹਾਂ ਸੱਦਾਮ ਦੇ ਸਿਰ ਉਪਰੋਂ ਮੋਟਾ ਰੱਸਾ ਗਲ ਵਿਚ ਪਾ ਦਿੱਤਾ ਜਿਸ ਦੀ ਗੰਢ ਸੱਦਾਮ ਦੀ ਗਰਦਨ ਦੇ ਖੱਬੇ ਪਾਸੇ ਸੀ। ਜਲਾਦਾਂ ਨੇ ਸੱਦਾਮ ਨਾਲ ਕੋਈ ਗੱਲ ਵੀ ਕੀਤੀ ਜਿਸ ਦਾ ਜਵਾਬ ਸਾਬਕਾ ਰਾਸ਼ਟਰਪਤੀ ਨੇ ਹਾਂ ਵਿਚ ਸਿਰ ਹਿਲਾ ਕੇ ਦਿੱਤਾ।

ਮੌਕੇ 'ਤੇ ਹਾਜ਼ਰ ਸਰਕਾਰੀ ਅਧਿਕਾਰੀਆਂ ਨੇ ਸੱਦਾਮ ਹੁਸੈਨ ਨੂੰ ਫਾਂਸੀ ਦਿੱਤੇ ਜਾਣ ਦੇ ਮੌਕੇ ਦਾ ਬਿਰਤਾਂਤ ਦਿੰਦਿਆਂ ਕਿਹਾ, "ਉਹ ਪੂਰੀ ਤਰ੍ਹਾਂ ਸ਼ਾਂਤ ਸੀ ਤੇ ਸਾਰਾ ਸਮਾਂ ਨਾ ਤਾਂ ਉਨ੍ਹਾਂ ਦੇ ਚਿਹਰੇ 'ਤੇ ਕਿਸੇ ਤਰ੍ਹਾਂ ਦਾ ਕੋਈ ਤਣਾਅ ਨਜ਼ਰ ਆਇਆ ਤੇ ਨਾ ਹੀ ਕੰਬਣੀ ਜਾਂ ਕੋਈ ਹੋਰ ਹਰਕਤ। ਸੱਦਾਮ ਨੇ ਫਾਂਸੀ ਤੋਂ ਪਹਿਲਾਂ ਬਕਾਇਆ ਰਵਾਇਤੀ ਦੁਆ ਵੀ ਕੀਤੀ।"

ਫਾਂਸੀ ਮੌਕੇ ਸਰਕਾਰੀ ਨੁਮਾਇੰਦਿਆਂ, ਮੰਤਰੀਆਂ ਤੇ ਸੰਸਦ ਮੈਂਬਰਾਂ ਸਮੇਤ ਕੁੱਲ ੧੫ ਵਿਅਕਤੀ ਹਾਜ਼ਰ ਸਨ ਤੇ ਇਹ ਕਾਰਵਾਈ ਸੱਦਾਮ ਹਕੂਮਤ ਦੌਰਾਨ ਸੈਨਿਕ ਖੁਫੀਆ ਵਿੰਗ ਦੇ ਹੈੱਡਕੁਆਰਟਰ ਰਹੀ ਇਮਾਰਤ ਵਿਚ ਸਿਰੇ ਚਾੜ੍ਹੀ ਗਈ। ਸੱਦਾਮ ਹੁਸੈਨ ਨੇ ਕੋਈ ਅੰਤਿਮ ਇੱਛਾ ਨਾ ਪ੍ਰਗਟਾਈ ਤੇ ਨਾ ਹੀ ਕੋਈ ਮੌਲਵੀ ਮੌਕੇ 'ਤੇ ਬੁਲਾਇਆ। ਮੌਕੇ 'ਤੇ ਹਾਜ਼ਰ ਸਾਰੇ ਵਿਅਕਤੀ ਸਾਰਾ ਸਮਾਂ ਚੁੱਪ ਰਹੇ ਪਰ ਮੌਤ ਦੀ ਪੁਸ਼ਟੀ ਮਗਰੋਂ ਆਪਸ ਵਿਚ ਵਧਾਈਆਂ ਦੇਣ ਲੱਗ ਪਏ। ਇਰਾਕੀ ਟੀ.ਵੀ. ਚੈਨਲ ਉਤੇ ਮਗਰੋਂ ਵਿਖਾਈ ਗਈ ਚਿੱਟੇ ਕਫਨ ਵਿਚ ਲਪੇਟੀ ਲਾਸ਼ ਦੀ ਗਰਦਨ ਅਵੱਲੇ ਜਿਹੇ ਢੰਗ ਨਾਲ ਇਕ ਪਾਸੇ ਨੂੰ ਟੇਢੀ ਵਿਖਾਈ ਗਈ ਸੀ। ਸ਼ੀਆ ਭਾਈਚਾਰੇ ਦੀ ਮਾਲਕੀ ਵਾਲੇ ਇਸ ਚੈਨਲ, ਖਿਲਾਫ਼ੀ ਉਤੇ ਵਿਖਾਈ ਗਈ ਇਹ ਵੀਡੀਓ ਕਿਸੇ ਮੋਬਾਈਲ ਫੋਨ ਦੇ ਕੈਮਰੇ ਰਾਹੀਂ ਲਈ ਗਈ ਲੱਗਦੀ ਸੀ।

## ਚਾਲੀ ਮੁਕਤਿਆਂ ਦੀ ਯਾਦ ਵਿਚ ਸਾਲਾਨਾ ਸਮਾਗਮ

ਹਰ ਸਾਲ ਦੀ ਤਰ੍ਹਾਂ ਪਿੰਡ ਸੈਦੋਕੇ ਰਹਿਲਾ, ਤਖਤੂਪੁਰਾ ਸਾਹਿਬ, ਰਾਮਪੁਰਾ, ਹਿੰਮਤਪੁਰਾ ਦੀ ਵੱਲੋਂ ਸਾਧ ਸੰਗਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਿਰਪਾ ਨਾਲ ਚਾਲੀ ਮੁਕਤਿਆਂ ਦੀ ਯਾਦ ਵਿਚ ਪਿੰਡ ਤਖਤੂਪੁਰਾ ਸਾਹਿਬ ਵਿਖੇ ਸਲਾਨਾ ਸਮਾਗਮ ਮਨਾਇਆ। ਮਿਤੀ ੧੪-੧੫ ਜਨਵਰੀ ਨੂੰ ਕੀਰਤਨੀ ਜਥਿਆਂ ਨੇ ਕੀਰਤਨ ਕੀਤਾ ਅਤੇ ਹੱਲੇ ਦੇ ਦੀਵਾਨ ਲਾਏ। ਸਮੂਹ ਸੰਗਤਾਂ ਨੇ ਇਸ ਸਮਾਗਮ ਵਿਚ ਪਹੁੰਚੇ ਕੇ ਖੂਬ ਅਨੰਦ ਮਾਣਿਆ। ਗੁਰੂ ਕਾ ਲੰਗਰ ਅਤੁਟ ਵਰਤਿਆ।

## ਐਨ. ਆਰ.ਆਈ. ਇਕੱਤਰ ਸਿੰਘ ਨੇ ੪੫੦ ਸਕੂਲੀ ਬੱਚਿਆਂ ਨੂੰ ਬੂਟ ਵੰਡੇ

ਸੈਦੋਕੇ-ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਸਿਰਫ ਗਰੀਬ ਪਰਿਵਾਰਾਂ ਦੇ ਬੱਚੇ ਹੀ ਪੜ੍ਹਦੇ ਹਨ। ਜਿੰਨ੍ਹਾਂ ਕੋਲ ਕਈ ਵਾਰੀ ਕਿਤਾਬਾਂ ਖਰੀਦਣ ਅਤੇ ਸਕੂਲ ਦੀ ਫੀਸ ਭਰਨ ਲਈ ਪੈਸੇ ਨਹੀਂ ਹੁੰਦੇ। ਜਿੰਨ੍ਹਾਂ ਨੂੰ ਦੇਖਦੇ ਹੋਏ ਕਈ ਸਮਾਜ ਸੇਵੀ ਸੰਸਥਾਵਾਂ ਅਤੇ ਐਨ ਆਰਆਈ ਲੋਕ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਵਰਦੀਆਂ, ਬੂਟ ਜਰਾਬਾਂ ਆਦਿ ਵੰਡਦੇ ਹਨ ਜੋ ਕਿ ਬਹੁਤ ਹੀ ਸ਼ਲਾਘਾਯੋਗ ਕਦਮ ਮੰਨਿਆ ਜਾਂਦਾ ਹੈ।

ਇਸ ਤਰ੍ਹਾਂ ਹੀ ਐਨ.ਆਰ.ਆਈ. ਵਿਅਕਤੀ ਇਕੱਤਰ ਸਿੰਘ ਪੁੱਤਰ ਜਰਨੈਲ ਸਿੰਘ ਧਾਲੀਵਾਲ (ਇੰਗਲੈਂਡ ਵਾਲੇ) ਨੇ ਬੱਚਿਆਂ ਨੂੰ ਸਰਦੀ ਤੋਂ ਰਾਹਤ ਦਿਵਾਉਣ ਲਈ ਸਰਕਾਰੀ ਪ੍ਰਾਇਮਰੀ ਸਕੂਲ ਸੈਦੋਕੇ ਦੇ ੪੫੦ ਦੇ ਕਰੀਬ ਸਕੂਲੀ ਬੱਚਿਆਂ ਨੂੰ ਬੂਟ ਵੰਡੇ। ਇਸ ਮੌਕੇ ਤੇ ਮੌਜੂਦ ਪੰਚਾਇਤੀ, ਰਾਜ ਮੋਗਾ ਦੇ ਪ੍ਰਧਾਨ ਸੇਵਕ ਸਿੰਘ ਪੁੱਤਰ ਸਰਪੰਚ ਸੱਘੜ ਸਿੰਘ, ਜਗਰੂਪ



Namdhari Elibrary NamdhariElibrary@gmail.com

ਸਿੰਘ ਸੇਦੋਕੇ ਕਾਂਗਰਸੀ ਆਗੂ, ਡੇਰਾ ਸੱਚਾ ਸੌਦਾ ਸਿਰਸਾ ਦੇ ਸੇਦੋਕੇ ਦੇ ਭੰਗੀਦਾਸ ਪ੍ਰੇਮੀ, ਚਿਮਨ ਲਾਲ ਗੋਇਲ, ਪ੍ਰੇਮੀ ਜੀਵਨ ਕੁੰਅਰ ਗੋਇਲ, ਮਾਸਟਰ ਗੁਰਚਰਨ ਸਿੰਘ, ਹਰਜੀਤ ਕੌਰ, ਜਤਿੰਦਰ ਕੌਰ, ਬਲਜਿੰਦਰ ਕੌਰ, ਅਤੇ ਮੈਂਬਰ ਜੰਗੀਰ ਸਿੰਘ, ਪ੍ਰਮਜੀਤ ਕੁਮਾਰ ਮੈਂਬਰ ਲੋਕ ਭਲਾਈ ਯੂਥ ਕਲੱਬ ਆਦਿ ਹਾਜ਼ਿਰ ਸਨ।

ਸਾਡੇ ਦੇਸ਼ ਵਾਸੀਆਂ ਨੇ ਸੈਂਕੜੇ ਸਾਲ ਵਿਦੇਸ਼ੀਆਂ ਦੀ ਗੁਲਾਮੀ ਦਾ ਸੰਤਾਪ ਭੋਗਿਆ ਅਤੇ ਲੋਕਾਂ ਨੂੰ ਅਜ਼ਾਦ ਕਰਾਉਣ ਲਈ ਸਾਡੇ ਅਨੇਕਾਂ ਹੀ ਸੂਰਬੀਰਾਂ ਸ. ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰਸ਼ੇਖਰ ਅਜ਼ਾਦ, ਸ.ਊਧਮ ਸਿੰਘ, ਰਾਣੀ ਝਾਂਸੀ ਅਤੇ ਅਨੇਕਾਂ ਹੋਰ ਸੂਰਬੀਰਾਂ ਦੇਸ਼ ਭਗਤਾਂ ਨੇ ਫਾਂਸੀ ਦੇ ਰੱਸੇ, ਚੁੰਮੇ ਕਾਲੇ ਪਾਣੀਆਂ ਦੇ ਕਸ਼ਟ ਝੱਲੇ, ਪ੍ਰੰਤੂ ਇਨ੍ਹਾਂ ਸੂਰਬੀਰਾਂ ਦੀਆਂ ਕੁਰਬਾਨੀਆਂ ਦਾ ਮੁੱਲ ਅਸੀਂ ਕਿਸ ਤਰ੍ਹਾਂ ਮੋੜ ਰਹੇ ਹਾਂ ਇਸ ਦਾ ਅੰਦਾਜ਼ਾ ਜਾਂ ਤਾਂ ਸਨਕਾਰੀ ਦਫਤਰਾਂ 'ਚੋਂ ਇਨ੍ਹਾਂ ਸ਼ਹੀਦਾਂ ਦੀਆਂ ਅਲੋਪ ਹੋ ਰਹੀਆਂ ਤਸਵੀਰਾਂ ਤੋਂ ਲਾਇਆ ਜਾ ਸਕਦਾ ਹੈ ਜਾਂ ਫਿਰ ਸਕੂਟਰਾਂ, ਕਾਰਾਂ, ਅਤੇ ਮੋਟਰ ਸਾਈਕਲ ਤੇ ਲੱਗੇ ਸਟਿਕਰਾਂ ਚਿੰਨ੍ਹਾਂ ਤੇ ਦੇਸ਼ ਭਗਤਾਂ ਦੀਆਂ ਤਸਵੀਰਾਂ ਤੇ ਵਰਤੀ ਹੋਈ ਸ਼ਬਦਾਵਲੀ ਤੋਂ ਲਾਇਆ ਜਾ ਸਕਦਾ ਹੈ। ਜਿੱਥੇ ਆਮ ਲੋਕਾਂ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸ਼ਹੀਦਾਂ ਨੂੰ ਬਣਦਾ ਮਾਨ ਸਨਮਾਨ ਦੇਣ ਉੱਥੇ ਪ੍ਰਸ਼ਾਸਨ ਦੀ ਵੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਸਰਕਾਰੀ ਦਫਤਰਾਂ ਵਿਚ ਇਨ੍ਹਾਂ ਸੂਰਬੀਰਾਂ ਦੀਆਂ ਤਸਵੀਰਾਂ ਤੇ ਅਸ਼ਲੀਲ ਸ਼ਬਦਾਵਲੀ ਵਰਤਣ ਦੀ ਇਜਾਜ਼ਤ ਨਾ ਦੇਵੇ। ਇਹੀ ਸਾਡੇ ਮਹਾਨ ਸੂਰਬੀਰਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਅੱਜ ਕਲਯੁੱਗ ਦੇ ਸਮੇਂ ਵਿਚ ਪੈਸੇ ਦੀ ਅੰਨ੍ਹੀ ਦੌੜ ਵਿਚ ਫਿਲਮੀ ਹੀਰੋਇਨਾਂ, ਮਾਡਲਾਂ ਅਤੇ ਬਾਰ ਡਾਂਸਰਾਂ ਨੇ ਅਸ਼ਲੀਲ ਅਤੇ ਅੰਗ ਪ੍ਰਦਸ਼ਨ ਦੇ ਸੀਨ ਦਿਖਾ ਕੇ ਵਿਦਿਆਰਥੀਆਂ ਅਤੇ ਲੋਕਾਂ ਨੂੰ ਬਰਬਾਦੀ ਦੇ ਰਾਹ ਪਾ ਦਿੱਤਾ ਹੈ। ਇਸ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਨੌਜਵਾਨ ਪੀੜੀ ਤੇ ਪੈ ਰਿਹਾ ਹੈ।

ਰੋਜ਼-ਰੋਜ਼ ਟੀ.ਵੀ. ਚੈਨਲਾਂ 'ਤੇ ਫਿਲਮਾਂ ਵਿਚ ਮਾਡਲਾਂ ਗੀਤਾਂ.ਰਾਹੀ ਆਪਣਾ ਸਰੀਰ ਦਿਖਾ ਕੇ ਜੋ ਵਾਹ-ਵਾਹ ਖੱਟ ਰਹੀ ਹਨ। ਉਸਦੇ ਨਿਕਲਣ ਵਾਲੇ ਸਿੱਟੇ ਬੜੇ ਭਿਆਨਕ ਸਿੱਧ ਹੋ ਰਹੇ ਹਨ। ਅੱਜ ਲੋਕ ਦੇਸ਼ ਭਗਤੀ ਅਤੇ ਧਾਰਮਿਕ ਫਿਲਮਾਂ ਸੀਰੀਅਲਾਂ, ਕਹਾਣੀਆਂ ਵਿਚ ਰੁੱਚੀ ਬਹੁਤ ਘੱਟ ਲੈ ਰਹੇ ਹਨ। ਸਰਕਾਰ ਨੂੰ ਵਧ ਰਹੀ ਅਸ਼ਲੀਲਤਾ ਤੇ ਰੋਕ ਲਾਉਣੀ ਚਾਹੀਦੀ ਹੈ। ਇਕ ਤਾਂ ਪੰਜਾਬ ਵਿਚ ਪਹਿਲਾਂ ਹੀ ਬੇਰੁਜ਼ਗਾਰੀ ਬਹੁਤ ਹੈ ਜੇ ਅੱਜਕੱਲ੍ਹ ਦੇ ਨੌਜਵਾਨ ਇਸ ਪਾਸੇ ਜ਼ਿਆਦਾ ਧਿਆਨ ਦੇਣ ਲੱਗ ਪਏ ਤਾਂ ਫਿਰ ਰੱਬ ਹੀ ਰਾਖਾ ਹੈ। ਸਮੂਹ ਸਮਾਜ ਸੇਵੀ ਜੱਥੇਬੰਦੀਆ ਨੂੰ ਇਸ ਸਬੰਧੀ ਉਠਾਉਣੀ ਚਾਹੀਦੀ ਹੈ।

—ਸਵਰਨ ਸਿੰਘ ਕਲਸੀ

## ਸੱਤਵਾਂ ਰਵੇਲ ਮੈਮੋਰੀਅੱਲ ਪੱਤਰਕਾਰ ਐਵਾਰਡ ੨੦੦੭

ਸ. ਮੇਹਰ ਸਿੰਘ ਰਵੇਲ ਮੈਮੋਰੀਅਲ ਚੈਰੀਟੇਬਲ ਸੁਸਾਇਟੀ ਚੰਡੀਗੜ੍ਹ ਆਪਣੇ ਸਥਾਪਤ ਕੀਤੇ ਸਾਲਾਨਾ ਸ. ਮੇਹਰ ਸਿੰਘ ਰਵੇਲ ਮੈਮੋਰੀਅਲ ਪੰਜਾਬੀ ਪੱਤਰਕਾਰ ਐਵਾਰਡ-੨੦੦੭ ਦੇਣ ਵਾਸਤੇ ਪੰਜਾਬੀ ਭਾਸ਼ਾ ਪ੍ਰੈਸ ਨਾਲ ਜੁੜੇ ਚਾਹਵੰਦ ਸੰਪਾਦਕਾਂ, ਪੱਤਰਕਾਰਾਂ, ਲੇਖਕਾਂ ਅਤੇ ਸੰਵਾਦਾਤਾਵਾਂ ਪਾਸੋਂ ਨੁਮਾਇੰਗੀ ਪੱਤਰਾਂ ਦੀ ਮੰਗ ਕਰਦੀ ਹੈ। ਸੁਸਾਇਟੀ ਦੇ ਆਨਰੇਰੀ ਸਕੱਤਰ ਸ : ਅ. ਸ. ਰਵੇਲ ਵੱਲੋਂ ਦੱਸਿਆ ਗਿਆ ਹੈ ਕਿ ਹਰ ਸਾਲ ਇਹ ਐਵਾਰਡ ੧੫੦੦੦/- ਰੁਪਏ ਦੀ ਨਕਦ ਰਾਸ਼ੀ ਅਤੇ ਇਕ ਪ੍ਰਮਾਣ ਪੱਤਰ ਦੀ ਸ਼ਕਲ ਵਿਚ ਇਕ ਵਿਸ਼ੇਸ਼ ਸਨਮਾਨ ਸਮਾਰੋਹ ਵਿਚ ਸਰਵਉੱਤਮ ਚੁਣੇ ਗਏ ਪੰਜਾਬੀ ਪੱਤਰਕਾਰ ਨੂੰ ਦਿੱਤਾ ਜਾਂਦਾ ਹੈ। ਉਹਨਾਂ ਇਹ ਵੀ ਸਪੱਸ਼ਟ ਕੀਤਾ ਕਿ ਇਹ ਚੋਣ ਨੁਮਾਇੰਦਗੀ ਪੱਤਰ ਭੇਜਣ ਵਾਲਿਆਂ ਦੀਆਂ ਉਹਨਾਂ ਕਿਰਤਾਂ ਦੇ ਅਧਾਰ ਤੇ ਹੋਵੇਗਾ ਜੋ ਕੈਲੰਡਰ ਸਾਲ ਜਨਵਰੀ ਤੋਂ ਦਸੰਬਰ, 2006 ਵਿਚ ਕਿਸੇ ਵੀ ਪੰਜਾਬੀ ਅਖਬਾਰ ਜਾਂ ਰਸਾਲੇ ਵਿਚ ਛੱਪੀਆਂ ਹੋਣ। ਇਸ ਚੋਣ ਵਿਚ ਭਾਗ ਲੈਣ ਲਈ ਨੁਮਾਇੰਦਗੀ ਪੱਤਰ ਪਹਿਲੀ ਮਾਰਚ, ੨੦੦੭ ਤੱਕ ਨਿਰਧਾਰਤ ਫਾਰਮ ਭਰ ਕੇ ਸੁਸਾਇਟੀ ਦੇ ਦਫਤਰ ਵਿਚ ਪਹੁੰਚਣੇ ਜ਼ਰੂਰੀ ਹਨ। ਨਿਰਧਾਰਤ ਨੁਮਾਇੰਦਗੀ ਫਾਰਮ ਸੁਸਾਇਟੀ ਦੇ ਦਫਤਰ ਕੋਠੀ ਨੰ. ੫੭ ਸੈਕਟਰ ੨੧-ਏ, ਚੰਡੀਗੜ੍ਹ ਤੋਂ ਮੁਫਤ ਪ੍ਰਾਪਤ ਕੀਤੇ ਜਾ ਸਕਦੇ ਹਨ।

(ਅ. ਸ. ਰਵੇਲ),
ਆਨਰੇਰੀ ਸਕੱਤਰ

## ਪ੍ਰਤੀਕਿਰਿਆ

ਜਨਵਰੀ 2007 ਦੇ 'ਵਰਿਆਮ' ਵਿਚ ਚਰਨ ਸੀਚੇਵਾਲਵੀ ਵੱਲੋਂ ਚੋਣਵੇਂ ਸ਼ੇਅਰਾਂ ਦੀ ਪੇਸ਼ਕਾਰੀ ਕੀਤੀ ਗਈ। ਗ਼ਜ਼ਲਾਂ ਵਿਚੋਂ ਅਮਰਜੀਤ ਸਿੰਘ ਸੰਧੂ ਦੀ ਗ਼ਜ਼ਲ ਜ਼ਿਆਦਾਂ ਪਸੰਦ ਆਈ। ਪੰਜਾਬ ਦੀ ਮੌਜੂਦ ਸਿਆਸਤ ਉਪਰ ਚੰਗੀਆਂ ਟਕੋਰਾਂ ਹਨ। ਸਨਮਾਨਿਤ ਹੋਣ ਵਾਲੇ ਸਾਰੇ ਸੱਜਣਾਂ ਨੂੰ ਵਧਾਈਆਂ। ਨਵੇਂ ਸਾਲ ਦੀ ਵਧਾਈ ਸਾਰੇ ਪਾਠਕਾਂ ਨੂੰ ਪਾਕਿਸਤਾਨੀ ਲੇਖਕ ਮਲਿਕ ਮੁਹੰਮਦ ਨਈਮ ਆਵਾਨ ਦੀ ਚਿੱਠੀ ਵੀ ਰੌਚਿਕ ਹੈ। ਹੋਰ ਮੈਟਰ ਵੀ ਸਾਰਥਿਕ ਹੈ। ਸਮੁੱਚੇ ਤੌਰ ਤੇ ਸ੍ਰੀ ਜਗਦੀਸ਼ ਸਿੰਘ 'ਵਰਿਆਮ' ਦੀ ਲਗਨ ਅਤੇ ਸਿਰੜ ਦੀ ਸਿਫਤ ਕਰਨੀ ਬਣਦੀ ਹੈ।

*ਨਵਰਾਹੀ ਘੁਗਿਆਣਵੀ*
*ਨਹਿਰ ਨਜ਼ਾਰਾ*



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਹਰ ਮਹੀਨੇ ਵਰਿਆਮ ਸਮੇਂ ਸਿਰ ਪੁੱਜ ਜਾਂਦਾ ਹੈ। ਹਰ ਵਾਰ ਸੋਚਦਾ ਹੀ ਰਹਿ ਜਾਂਦਾ ਹਾਂ ਕਿ ਮੈਂ ਆਪਣੇ ਵਿਚਾਰ ਲਿਖਾਂ। ਬਹੁਤ ਜ਼ਿਆਦਾ ਰੁਝੇਵਿਆਂ ਕਰਕੇ ਨਹੀਂ ਲਿਖ ਸਕਿਆ। ਐਤਕੀਂ ਤਾਂ ਮੈਂ ਇਰਾਦਾ ਬਣਾ ਕੇ ਸਵੇਰੇ ਹੀ ਬੈਠ ਗਿਆ।

ਸਭ ਤੋਂ ਜ਼ਿਆਦਾ ਖੁਸ਼ੀ ਇਸ ਗੱਲ ਦੀ ਹੈ ਕਿ ਆਪ ਜੀ ਨੇ ਸੰਤ ਤਰਨ ਸਿੰਘ ਵਹਿਮੀ ਜੀ ਦੀ ਤਸਵੀਰ ਵਰਿਆਮ ਦੇ ਕਵਰ ਤੇ ਛਾਪੀ ਹੈ। ਮੈਂ ਨਾਉਂ ਨਾਲ ਤਾਂ ਕਾਫੀ ਵਾਕਫ਼ੀਅਤ ਰੱਖਦਾ ਸੀ, ਚੇਹਰੇ ਦੀ ਯਾਦ ਭੁਲ ਗਈ ਸੀ। ਤਸਵੀਰ ਦੇਖ ਯਾਦ ਤਾਜ਼ਾ ਹੋ ਗਈ ਕਿ ਮੈਂ ਇਹਨਾਂ ਦੇ ਦਰਸ਼ਨ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਕੀਤੇ ਸਨ। ਸਾਡੇ ਦੂਸਰੇ ਸਾਹਿਤਕਾਰ ਸੰਤ ਇੰਦਰ ਸਿੰਘ ਚਕਰਵਰਤੀ ਜੀ. ਦੇ ਤਾਂ ਮੈਂ ਬਹੁਤ ਨੇੜਿਓਂ ਦਰਸ਼ਨ ਕੀਤੇ ਹਨ। ਸੰਤ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਚ ਸਾਡੇ ਘਰ ਆਏ ਸਨ।

ਪੰਜਾਬੀਆਂ ਨੂੰ ਖਾਸ ਤੌਰ ਤੇ ਨਾਮਧਾਰੀਆਂ ਨੂੰ ਹਰਿਆਣਾ ਸਰਕਾਰ ਦੇ ਧੰਨਵਾਦੀ ਹੋਣਾ ਚਾਹੀਦਾ ਹੈ ਜਿਨ੍ਹਾਂ ਨੇ ਸੰਤ ਤਰਨ ਸਿੰਘ ਵਹਿਮੀ ਜੀ ਦੀ ਸਿਮ੍ਰਤੀ 'ਚ ਇਕ ਸਾਹਿਤਕ ਪੁਰਸਕਾਰ ਆਰੰਭ ਕੀਤਾ ਹੈ। ਇਹ ਇਕ ਸ਼ਲਾਘਾਯੋਗ ਕਦਮ ਹੈ।

ਮੈਂ ਸ. ਸੁਵਰਨ ਸਿੰਘ ਵਿਰਕ ਜੀ ਦਾ ਬਹੁਤ ਅਭਾਰੀ ਹਾਂ ਜੋ ਹਰ ਵਾਰ ਕਿਸੇ ਨਾ, ਕਿਸੇ ਸਾਹਿਤਕਾਰ ਦੇ ਜੀਵਨ ਤੇ ਲੰਮੀ ਝਾਤ ਪਾ ਕੇ ਸਾਨੂੰ ਜਾਣਕਾਰੀ ਉਪਲੱਬਦ ਕਰਵਾਉਂਦੇ ਹਨ। ਸ. ਜਸਵਿੰਦਰ ਸਿੰਘ ਹਿਸਟੋਰੀਅਨ ਬਾਰੇ (ਨਵੰਬਰ ਅੰਕ 'ਚ) ਪੜ੍ਹਕੇ ਬਹੁਤ ਵੱਧੀਆਂ ਲਗਿਆ।... ਸਤਿਗੁਰੂ ਜੀ ਦਾ ਹੁਕਮ ਮੰਨ ਕੇ ਪੈਨਸ਼ਨ ਤੋਂ ਪਹਿਲਾਂ ਨੌਕਰੀ ਛੱਡ ਸਤਿਗੁਰੂ ਚਰਣਾਂ 'ਚ ਸੇਵਾ ਕਰਨ ਲਗੇ। ਇਹੀ ਪੂਰਨ ਗੁਰਸਿਖ ਦੀ ਨਿਸ਼ਨੀ ਹੁੰਦੀ ਹੈ। ਐਤਕਾਂ ਦੇ ਅੰਕ 'ਚ ਇਨ੍ਹਾਂ ਨੇ, 'ਉਹ ਘਰ ਕੂਕਿਆਂ ਦਾ' ਲੇਖ 'ਚ-ਮੇਰੀ ਤਸੱਲੀ ਕਰਵਾ ਦਿੱਤੀ ਕਿ ਹੁਣ ਤੋਂ ਹੀ ਨਹੀਂ ਪਿਛੋਕੜ ਤੋਂ ਨਾਮਧਾਰੀ ਚਲੇ ਆਉਂਦੇ ਹਨ।

ਦਸੰਬਰ ਅੰਕ 'ਚ ਵਿਰਕ ਜੀ ਨੇ ਚਕਰਵਰਤੀ ਜੀ ਦੇ ਲੇਖ ਬਾਰੇ ਜੋ ਲੇਖਾ ਜੋਖਾ ਪ੍ਰਕਾਸ਼ਿਤ ਕੀਤਾ ਹੈ ਅੱਜ ਦੀ ਪੀੜ੍ਹੀ ਲਈ ਨਵੀਂ ਜਾਣਕਾਰੀ ਹੈ। ਪਿਛੋਕੜ 'ਚ ਝਾਤ ਮਾਰਨ ਨਾਲ ਬਜ਼ੁਰਗਾਂ ਦੀ ਕਥਣੀ ਤੇ ਕਰਨੀ ਪ੍ਰਤੀ ਸ਼ਰਧਾ ਪੈਦਾ ਹੁੰਦੀ ਹੈ- ਇਸ ਤਰ੍ਹਾਂ ਦੇ ਹੋਰ ਲੇਖ ਵੀ ਪ੍ਰਕਾਸ਼ਿਤ ਹੁੰਦੇ ਰਹਿਣ ਧੰਨਵਾਦੀ ਹੋਵਾਂਗੇ।

ਵਰਿਆਮ ਦੀਆਂ ਗ਼ਜ਼ਲਾਂ ਕਵਿਤਾਵਾਂ ਦਾ ਮਿਆਰ ਹਮੇਸ਼ਾ ਵਧੀਆ ਤੇ ਉੱਚਾ ਹੁੰਦਾ ਹੈ। ਕਰਤਾਰ ਸਿੰਘ ਪੰਛੀ ਵਲੋਂ ਸੰਤ ਦਲਬੀਰ ਸਿੰਘ 'ਤਰਸਾ' ਦੀ ਕ੍ਰਿਤਾਬਾਂ ਤੇ ਆਪਣੀਆਂ ਰੁਬਾਈਆਂ ਰਾਹੀ ਜੋ ਪਖ ਪੇਸ਼ ਕੀਤਾ ਹੈ, ਬਹੁਤ ਹੀ ਸ਼ਲਾਘਾਯੋਗ ਹੈ। ਵਧੀਆ ਲੇਖਾਂ, ਕਹਾਣੀਆਂ ਗਜ਼ਲਾਂ ਕਵਿਤਾਵਾਂ ਲਈ ਵਰਿਆਮ ਧੰਨਵਾਦ ਦਾ ਪਾਤਰ ਹੈ।

ਇਕ ਸੁਝਾਅ- ਪਾਠਕ ਜਦੋਂ ਕਿਸੇ ਪਤ੍ਰਿਕਾ ਦੀ, ਜਾਂ ਲੇਖਕ, ਸਹਿਤਕਾਰ, ਦੀ ਹੌਸਲਾ ਅਫਜਾਈ ਲਈ ਪ੍ਰਤੀਕ੍ਰਿਆ ਭੇਜਦੇ ਹਨ ਤਾਂ ਉਸ ਸੰਪਾਦਕ ਜਾਂ ਲੇਖਕ, ਸਾਹਿਤਕਾਰ ਦਾ ਜੇਰਾ ਵੱਧ ਜਾਂਦਾ ਹੈ ਉਹ ਹੋਰ ਹਿੰਮਤ ਨਾਲ ਵਧੀਆ ਲਿਖਣ ਦੀ ਕੋਸ਼ਿਸ਼ ਕਰਦਾ ਹੈ। ਹਰ ਇਕ ਪਿਆਰ ਤੇ ਪ੍ਰਸੰਸਾ ਦਾ ਭੁਖਾ ਹੈ। ਪ੍ਰਤੀਕ੍ਰਿਆ ਭੇਜਣ ਵਾਲੇ ਦੀ ਤਸਵੀਰ ਨਾਲ ਪ੍ਰਕਾਸ਼ਿਤ ਕਰੋ ਤਾਂ ਕਿੰਨੀ ਵਧੀਆ ਗੱਲ ਹੈ।

*—ਦਰਸ਼ਨ ਸਿੰਘ*
*ਛੱਤੀਸਗੜ੍ਹ*
*ਚੀਫ ਐਡੀਟਰ*
*ਆਰਟੀਜ਼ਨ ਇੰਡੀਆ ਅਤੇ ਛਤੀਸ ਗੜ੍ਹ ਪੰਜਾਬੀ ਮੰਚ*

ਪਿਛਲੇ 'ਵਰਿਆਮ' ਵਿਚ ਮੇਰੀ ਮਾਂ (ਬੇਬੇ) ਬਾਰੇ ਕਵਿਤਾ ਛਾਪੀ। ਧੰਨਵਾਦ! ਮੈਂ ਚਾਰ ਪੰਜ ਚਿੱਠੀਆਂ ਅਤੇ ਸੱਤ ਅੱਠ ਫੋਨ ਆਏ। ਉਸ ਕਵਿਤਾ ਦੀ ਤਾਰੀਫ਼ ਕੀਤੀ। ਜਿਨ੍ਹਾਂ ਵਿਚ ਦੋ ਨਾਂਅ-ਗੁਰਪਾਲ ਲਿਟ ਅਤੇ ਪ੍ਰੋ. ਕਿਰਪਾਲ ਕਜ਼ਾਕ ਦੇ ਨਾਂਅ ਵਰਨਣਯੋਗ ਹਨ। ਮੈਨੂੰ ਬਹੁਤ ਖੁਸ਼ੀ ਹੋਈ। ਇਹ ਸਭ ਵਰਿਆਮ ਕਰਕੇ ਹੋਇਆ।

ਪਰਚਾ ਮਹੀਨਾ ਚੜ੍ਹਦੇ ਹੀ ਤੁਹਾਡੇ ਪਿਆਰ ਸਨੇਹੇ ਲੈ ਕੇ ਪੁਜ ਜਾਂਦਾ ਹੈ। ਕਦੇ ਵੀ ਲੇਟ ਨਹੀਂ ਹੁੰਦਾ। ਤੁਹਾਡੇ ਤੇ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਅਪਾਰ ਕਿਰਪਾ ਹੈ। ਮਹਾਰਾਜ ਜੀ ਦੇ ਪਿਆਰ ਭਰੇ ਅਸ਼ੀਰਵਾਦ ਨਾਲ ਤੁਸੀਂ ਪੰਜਾਬੀ ਮਾਂ ਬੋਲੀ ਦੀ ਸੇਵਾ ਵਿਚ ਬਹੁਤ ਯੋਗਦਾਨ ਪਾ ਰਹੇ ਹੋ। ਤੁਹਾਡੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ। ਤੁਹਾਡੇ ਕੰਮ ਲਈ ਵਧਾਈ।

ਨੰਦ ਲਾਲ ਨੂਰਪੁਰੀ ਜੀ ਦਾ ਸ਼ਤਾਬਦੀ ਵਰਾਹ ਮਨਾਇਆ ਜਾ ਰਿਹਾ ਹੈ। ਮੈਂ ਉਸ ਮਹਾਨ ਸ਼ਾਇਰ ਨੂੰ ਸ਼ਬਦਾਂ ਦੀ ਸ਼ਰਧਾਂਜਲੀ ਭੇਟ ਕਰਦਾ ਹਾਂ। ਉਸ ਦੇ ਗੀਤ ਪੰਜਾਬੀਆਂ ਦੇ ਕੰਨਾਂ ਵਿਚ ਆਪਣੇ ਸਭਿਆਚਾਰ ਦੇ ਦਰਸ਼ਨ ਕਰਵਾ ਕੇ ਕੰਨਾਂ ਵਿਚ ਮਿਠਾਸ ਭਰਦੇ ਰਹਿਣਗੇ। ਮੈਂ ਉਸ ਮਹਾਨ ਗੀਤਕਾਰ ਦੀ ਕਲਾ ਨੂੰ ਨਮਸਕਾਰ ਕਰਦਾ ਹਾਂ ਅਤੇ ਸ਼ਰਧਾਂਜਲੀ ਵਜੋਂ ਅੱਖਰਾਂ ਦੀ ਮਾਲ਼ਾ ਪੇਸ਼ ਕਰਦਾ ਹਾਂ।

*—ਇੰਦਰਜੀਤ ਹਸਨਪੁਰੀ*
ਕੋਠੀ ਗੜ੍ਹਵਾ ਚਾਂਦੀ ਦਾ (ਲੁਧਿਆਣਾ)



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

**OPP. : INDUSTRIAL ESATE,**

**JAMMU CANTT.**



Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਿਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL
FOODS PVT LTD

Pinoneer Manufacturer in India of

- Automatic machines for producing Biscuits
- Automatic machines for producing Wafers

and

Makers of High quality Biscuits

## BBL FOODS PVT. LTD.

*Santosh Nagar (X) Roads, Hyderabad-500 059 India*

*Ph.:— +91-40-4530680, 82,84 Fax :— +91-40--4530475*

*E-mail:amber @hd1.vsnl.net.in*

| | | |
|---|---|---|
| **Balvinder Pal Singh**<br>*Manging Director*<br>*Ph.: 9391048734* | **Lakhbir Singh Muchhal**<br>*Director*<br>*Ph.: 9848050607* | **Sukhwinder Kaur**<br>*Director*<br>*Ph.: 9391046298* |




Namdhari Elibrary NamdhariElibrary@gmail.com



ਸ. ਗੁਰਪ੍ਰੀਤ ਸਿੰਘ ਸਪੁੱਤਰ ਸੰਤ ਮਨਜੀਤ ਸਿੰਘ ਜੈਪੁਰ ਨਿਵਾਸੀ ਦਾ ਸ਼ੁੱਭ ਅਨੰਦ ਕਾਰਜ ਬੀਬੀ ਪ੍ਰਭਜੋਤ ਕੌਰ ਸਪੁੱਤਰੀ ਸਵ. ਸੰਤ ਅਮਰੀਕ ਸਿੰਘ ਐਸ.ਡੀ.ਓ. ਜਲੰਧਰ ਨਾਲ ਮਿਤੀ ੯ ਦਸੰਬਰ ੨੦੦੭ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ।



ਡੇਰਾ ਬਾਬਾ ਨਾਨਕ ਦੇ ਨਜ਼ਦੀਕ ਪਿੰਡ ਸਮਰਾ ਵਿਖੇ ੧੧੯ ਸਾਲ ਦੇ ਸੰਤ ਬੁੱਧ ਸਿੰਘ ਅਤੇ ਉਹਨਾਂ ਦੀ ੧੧੩ ਸਾਲ ਦੀ ਪਤਨੀ ਮਾਤਾ ਸਵਰਨ ਕੌਰ ਆਪਣੇ ਪਰਿਵਾਰ ਦੇ ਨਾਲ (— ਲੇਖ ਪੰਨਾ ੩੪ ਤੇ)

## ਵਿਛੜੇ ਸੱਜਣ



ਸੰਤ ਸੁਦਾਗਰ ਸਿੰਘ (ਜਲੰਧਰ)



ਸੰਤ ਸੱਤਬਚਨ ਸਿੰਘ ਦਿਉਰਾ

Namdhari Elibrary NamdhariElibrary@gmail.com

Registered No. PB 0016 (2006-2008) Monthly Wariam Ladowali Road, Jalandhar - 144 001
Regd. RNI No. 26453/75
February 2007




ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
0181-2222543,
Namdhari Elibrary Namdhari4Elibrary@gmail.com